# ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ
# ਭਗਤਾਂ ਦਾ ਸੰਦੇਸ਼

੪ ਮਈ ੨੦੨੬

ਭੂਪਿੰਦਰ ਸਿੰਘ, ਹੂਸਟਨ, ਟੈਕਸਜ਼
ਪਰਮਜੀਤ ਸਿੰਘ ਸਚਦੇਵਾ, ਵਿਐਨਾ, ਵਰਜੀਨਿਆ
ਕਰਮਜੀਤ ਸਿੰਘ, ਲੌਂਗ ਆਈਲੈਂਡ, ਨਿਯੂ ਯਾਰਕ

ਪੰਜਾਬੀ ਅਨੁਵਾਦ: ਪ੍ਰੋ. ਜੋਗਿੰਦਰ ਸਿੰਘ ਜੋਗੀ, ਅਮ੍ਰਿਤਸਰ, ਇੰਡਿਆ

## ਤਤਕਰਾ


| # | ਅਧਿਆਇ | ਪੰਨਾ |
| --- | --- | --- |
| | ਸ਼ਬਦਾਵਲੀ | ੩ |
| | ਭੂਮਿਕਾ | ੫ |
| ੧ | ਭਗਤ ਕਬੀਰ ਜੀ | ੮ |
| ੨ | ਭਗਤ ਕਬੀਰ ਜੀ ਦਾ ਪਰਮਾਤਮਾ | ੧੧ |
| ੩ | ਭਗਤ ਕਬੀਰ ਜੀ ਦੀ ਰਸਮਾਂ-ਰਿਵਾਜਾਂ ਨੂੰ ਵੰਗਾਰਣਾ | ੧੫ |
| ੪ | ਪਰਮਾਤਮਾ ਆਪਣੇ ਸ਼ਰਧਾਲੂਆਂ ਨੂੰ ਨਿਰਭੈ ਬਣਾਉਂਦਾ ਹੈ | ੧੮ |
| ੫ | ਆਤਮਾ ਦਾ ਪਰਮਾਤਮਾ ਨਾਲ ਮਿਲਾਪ | ੨੧ |
| ੬ | ਭਗਤ ਨਾਮਦੇਵ ਜੀ ਦਾ ਪਰਮਾਤਮਾ | ੨੫ |
| ੭ | ਭਗਤ ਨਾਮਦੇਵ ਜੀ ਦਾ ਦੁੱਧ-ਪੀਂਦਾ ਪਰਮਾਤਮਾ | ੨੯ |
| ੮ | ਬੁੱਤ ਨੂੰ ਘੁੰਮਾਉਂਦੀਆਂ ਪ੍ਰਾਰਥਨਾਵਾਂ | ੩੫ |
| ੯ | ਸ਼ੇਖ਼ ਫਰੀਦ ਜੀ – ਨਿਮਰਤਾ ਅਤੇ ਦਇਆਲਤਾ ਦੇ ਪੁੰਜ | ੪੦ |
| ੧੦ | ਸ਼ੇਖ਼ ਫਰੀਦ ਜੀ ਦਾ ਸਾਧਾਰਨ ਜੀਵਨ | ੪੩ |
| ੧੧ | ਭਗਤ ਰਵਿਦਾਸ ਜੀ – ਚੰਗੇ ਕਰਮ ਹੀ ਅਹਿਮੀਅਤ ਰਖਦੇ ਹਨ | ੪੭ |
| ੧੨ | ਪਰਮਾਤਮਾ ਦਾ ਪਿਆਰ ਬਨਾਮ ਰਸਮੋ-ਰਿਵਾਜ | ੫੧ |
| ੧੩ | ਭਗਤ ਜੈਦੇਵ ਜੀ | ੫੫ |
| ੧੪ | ਭਗਤ ਸਧਨਾ ਜੀ | ੬੧ |
| ੧੫ | ਭਗਤ ਤ੍ਰਿਲੋਚਨ ਜੀ | ੬੩ |
| ੧੬ | ਭਗਤ ਬੇਣੀ ਜੀ | ੬੮ |
| ੧੭ | ਭਗਤ ਰਾਮਾਨੰਦ ਜੀ | ੭੪ |
| ੧੮ | ਭਗਤ ਸੈਣ ਜੀ | ੭੭ |
| ੧੯ | ਭਗਤ ਧੰਨਾ ਜੀ | ੮੦ |
| ੨੦ | ਭਗਤ ਪੀਪਾ ਜੀ | ੮੬ |
| ੨੧ | ਭਗਤ ਭੀਖਣ ਜੀ | ੮੮ |
| ੨੨ | ਭਗਤ ਪਰਮਾਨੰਦ ਜੀ | ੯੧ |
| ੨੩ | ਭਗਤ ਸੂਰਦਾਸ ਜੀ | ੯੩ |
| | ਹਵਾਲੇ | ੯੬ |
| | ਅੰਤਿਕਾ ੧: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀਆਂ ਰਚਨਾਵਾਂ | ੯੭ |
| | ਅੰਤਿਕਾ ੨: ਭਗਤ ਕਾਲ-ਕ੍ਰਮ ਅਨੁਸਾਰ | ੯੮ |

# ਸ਼ਬਦਾਵਲੀ

(ਇਸ ਸ਼ਬਦਾਵਲੀ ਦਾ ਮੰਤਵ ਕੁਝ ਸ਼ਬਦਾਂ ਦਾ ਵਿਸਤਾਰ ਦੇਣਾ ਹੈ ਜੋ ਇਸ ਪੁਸਤਕ ਵਿਚ ਵਰਤੇ ਗਏ ਹਨ)

ਸਹਿਜ ਅਵਸਥਾ: ਸੰਸਕ੍ਰਿਤ ਦੇ ਸ਼ਬਦ 'ਸਹਿਜ' ਦਾ ਕਈ ਤਰ੍ਹਾਂ ਅਨੁਵਾਦ ਕੀਤਾ ਜਾ ਸਕਦਾ ਹੈ, ਜਿਵੇਂ ਕਿ ਸੁਭਾਵਿਕ ਸਥਿਤੀ ਵਿਚ ਹੋਣਾ, ਸ਼ਾਹਾਨਾ/ਸਵਰਗੀ/ਅੰਦਰੂਨੀ ਖ਼ੁਸ਼ੀ ਵਿਚ ਹੋਣਾ ਜਾਂ ਕੁਦਰਤੀ ਤੌਰ ਤੇ ਸ਼ਾਂਤ-ਚਿੱਤ ਹੋਣਾ। ਸੋ, 'ਸਹਿਜ ਅਵਸਥਾ' ਇਕ ਅੰਦਰੂਨੀ ਸ਼ਾਂਤ-ਚਿੱਤ ਸਥਿਰਤਾ ਦੀ ਅਵਸਥਾ ਹੈ ਅਤੇ ਅਜਿਹੀ ਅਵਸਥਾ ਦਾ ਗ੍ਰਹਿਣ ਕਰਨਾ 'ਸਵੈ-ਸਹਿਜ-ਸਤਿਤੀ' ਪ੍ਰਾਪਤ ਕਰ ਲੈਣ ਤੋਂ ਕੁਝ ਵੀ ਘੱਟ ਨਹੀਂ।

ਸ਼ੇਖ਼: ਅਰਬੀ ਭਾਸ਼ਾ ਵਿਚ 'ਸ਼ੇਖ਼' ਇਕ ਸਨਮਾਨਤ ਸ਼ਬਦ ਹੈ। ਇਸ ਸ਼ਬਦ ਨੂੰ ਆਮ ਕਰਕੇ ਧਾਰਮਿਕ/ਭਾਈਚਾਰਕ/ਸਿਆਸੀ ਹਸਤੀਆਂ ਲਈ ਵਰਤਿਆ ਜਾਂਦਾ ਹੈ ਜਿਹਨਾਂ ਨੇ ਇਹ ਖਿਤਾਬ ਆਪਣੇ ਪਿਤਾ ਜਾਂ ਕਿਸੇ ਮੁਤਬੱਰਕ ਪੂਰਵ-ਅਧਿਕਾਰੀ ਤੋਂ ਪ੍ਰਾਪਤ ਕੀਤਾ ਹੁੰਦਾ ਹੈ।

ਸੱਚਾ ਗੁਰੂ: ਸ਼ਾਬਦਿਕ ਤੌਰ ਤੇ, ਸਿੱਖਾਂ ਦਾ 'ਸੱਚਾ ਗੁਰੂ'। 'ਸੱਚਾ ਗੁਰੂ' ਅਧਿਆਤਮਿਕ ਮਾਰਗ-ਦਰਸ਼ਨ ਕਰਦਾ ਹੈ ਅਤੇ 'ਸਹਿਜ ਅਵਸਥਾ' ਦੀ ਪ੍ਰਾਪਤੀ ਕਰਨ ਵਿਚ ਸਹਾਇਕ ਹੋਂਦਾ ਹੈ ਤਾਕਿ 'ਜੀਵਨ ਮੁਕਤ' ਬਣਿਆ ਜਾ ਸਕੇ।

ਸਤਿਨਾਮ: ਸ਼ਾਬਦਿਕ ਅਰਥ 'ਸੱਚਾ ਨਾਮ' ਹੈ। 'ਨਾਮ' ਸਦਾਕਾਲ ਸੱਚ (ਸਤਿ) ਹੈ, ਇਸਨੂੰ 'ਸਤਿਨਾਮ' ਕਿਹਾ ਜਾਂਦਾ ਹੈ। ਕੁਦਰਤ ਦੀ ਰਚਨਾ ਵਿਚ ਬਾਕੀ ਸਭ ਕੁਝ ਅਸਥਾਈ ਹੈ, ਜੋ ਸ਼ੁਰੂ ਵਿਚ ਨਹੀਂ ਸੀ ਅਤੇ ਸਮਾਂ ਬੀਤਣ ਨਾਲ ਖਤਮ ਹੋ ਜਾਏਗਾ। ਪਰਮਾਤਮਾ ਦੇ ਨਾਮ ਤੋਂ ਬਿਨਾਂ ਕੁਝ ਵੀ ਸਦਾਕਾਲ 'ਸੱਚ' ਜਾਂ 'ਸਤਿ' ਨਹੀਂ ਹੈ।

ਸ਼ਬਦ: ਸ਼ਬਦ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਦੇ ਰੂਪ ਵਿਚ ਵਰਤਿਆ ਗਿਆ ਹੈ, ਇਹ 'ਗੁਰਬਾਣੀ-ਰਚਨਾ' ਦਾ ਸੂਚਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਸ਼ਬਦਾਂ ਦਾ ਤਤਕਰਾ ਹੈ।

ਸੁਰਤ: ਸ਼ਾਬਦਿਕ ਅਰਥਾਂ ਵਿਚ ਚੁਸਤ-ਦਰੁਸਤ ਅਤੇ ਚੜ੍ਹਦੀ ਕਲਾ ਵਿਚ ਰਹਿਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸੇ ਅਨੁਸਾਰ, 'ਸੁਰਤ' ਦੀ ਅਜਿਹੀ ਅਵਸਥਾ ਵਿਚ ਗੁਰੂ-ਕਿਰਪਾ ਸਦਕਾ ਹੀ ਪਹੁੰਚਿਆ ਜਾ ਸਕਦਾ ਹੈ।

ਹੁਕਮ: ਸ਼ਬਦਾਰਥ ਵਜੋਂ ਕੋਈ 'ਹੁਕਮ' ਜਾਂ 'ਆਦੇਸ਼' ਹੈ। ਇਹ ਸਾਰੀ ਪ੍ਰਕਿਰਤੀ ਦੀ ਰਚਨਾ, ਖ਼ੁਰਾਕ/ਆਹਾਰ ਅਤੇ ਬ੍ਰਹਮੰਡ ਦੇ ਅੰਤ ਪ੍ਰਤੀ ਪਰਮਾਤਮਾ ਦੇ ਨਿਯਮਾਂ ਦਾ ਸੂਚਕ ਹੈ।

ਕਰਤਾ ਪੁਰਖ: 'ਕਰਤਾ ਪੁਰਖ' ਉਹ ਹੈ ਜਿਸਨੇ ਸੰਸਾਰ ਦੇ ਸਾਰੇ ਜੀਵਾਂ ਦੀ ਉਤਪਤੀ ਕੀਤੀ ਹੈ, ਜਿਵੇਂ ਮਨੁੱਖ, ਜਾਨਵਰ, ਪਸ਼ੂ, ਪੰਛੀ, ਪੌਦੇ, ਕੀੜੇ ਮਕੌੜੇ, ਤੱਤ, ਗ੍ਰਹਿ, ਬ੍ਰਹਮੰਡ, ਤਾਰਾ-ਮੰਡਲ ਅਤੇ ਹੋਰ ਸਭ ਕੁਝ।

ਗ੍ਰਿਹਸਤ ਜੀਵਨ: ਸ਼ਾਬਦਿਕ ਰੂਪ ਵਿਚ, ਘਰ-ਕੁਟੰਬ ਵਿਚ ਜੀਵਨ ਬਸਰ ਕਰਨਾ। ਸਿੱਖ ਗੁਰੂਆਂ ਨੇ ਆਪ ਅਤੇ ਹੋਰਨਾਂ ਨੂੰ ਗ੍ਰਿਹਸਤ ਜੀਵਨ ਬਤੀਤ ਕਰਨ ਦੀ ਸਿਖਿਆ ਦਿਤੀ। ਸਮਾਜ ਵਿਚ ਪ੍ਰਚਲਤ ਇਸ ਹਿੰਦੂ ਵਿਸ਼ਵਾਸ ਤੋਂ ਅਲੱਗ ਹੋ ਕੇ ਚਲਣ ਦਾ ਇਹ ਇਕ ਅਹਿਮ ਕਦਮ ਸੀ ਕਿ ਮੁਕਤੀ ਲਈ ਸੰਨਿਆਸੀ ਹੋਣਾ ਜ਼ਰੂਰੀ ਹੈ।

ਗੁਰੂ: ਗੁ + ਰੂ ਨਾਲ ਇਹ ਇਕ ਯੋਗਿਕ ਸ਼ਬਦ ਹੈ। 'ਗੁ' ਦਾ ਅਰਥ ਹੈ 'ਅੰਧੇਰਾ' ਅਤੇ 'ਰੂ' ਦਾ ਅਰਥ ਹੈ 'ਚਾਨਣ'। ਸੋ 'ਗੁਰੂ' (ਅਧਿਆਪਕ) ਦਾ ਅਰਥ ਹੋਇਆ ਅਗਿਆਨਤਾ ਦੀ ਸਥਿਤੀ ਤੋਂ ਗਿਆਨ ਜਾਂ ਆਨੰਦ ਦੀ ਅਵਸਥਾ ਵਿਚ ਲੈ ਜਾਣ ਵਾਲਾ। ਧਾਰਮਿਕ ਸੰਦਰਭ ਵਿਚ ਸਿੱਖ ਇਸ ਸੂਚਕ ਨੂੰ ਸਿਰਫ਼ ਦਸ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਹੀ ਜੋੜਦੇ ਹਨ।

ਗੁਰਮੁਖ: 'ਗੁਰੂ + ਮੁਖ' ਨਾਲ ਇਹ ਇਕ ਯੋਗਿਕ ਸ਼ਬਦ ਹੈ। ਇਹ ਸ਼ਬਦ ਗੁਰੂ ਪ੍ਰਤੀ ਸਨਮੁਖ ਹੋਣ ਦਾ ਸੂਚਕ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਗੁਰੂ ਦੇ ਸ਼ਬਦ ਅਤੇ ਉਹਨਾਂਦੀਆਂ ਸਿਖਿਆਵਾਂ ਦਾ ਪਾਲਣ ਕਰਨਾ ਹੈ।

ਜਾਤੀ: (ਉੱਚੀ/ਨੀਂਵੀ) ਰਵਾਇਤ ਦੇ ਤੌਰ ਤੇ, ਹਿੰਦੂ ਸਮਾਜ ਦਰਜਾਬੰਦੀ ਦੇ ਰੂਪ ਵਿਚ ੪-ਜਾਤਾਂ ਵਿੱਚ ਵੰਡਿਆ ਹੋਇਆ ਹੈ। ਬ੍ਰਾਹਮਣ (ਪੁਜਾਰੀ); ਖੱਤਰੀ (ਰਾਜੇ, ਸੈਨਿਕ); ਵੈਸ਼ਯ (ਵਿਓਪਾਰੀ, ਕਿਸਾਨ); ਅਤੇ ਸ਼ੂਦਰ (ਨੀਚ ਕੰਮ ਕਰਨ ਵਾਲੇ)। ਉਪਰਲੇ ਤਿੰਨ ਜਾਤਾਂ ਵਾਲਿਆਂ (ਬ੍ਰਾਹਮਣ, ਖੱਤਰੀ ਅਤੇ ਵੈਸ਼ਯ ਨੂੰ 'ਉੱਚ' ਜਾਤੀ ਵਾਲੇ ਕਿਹਾ ਜਾਂਦਾ ਹੈ ਅਤੇ ਸ਼ੂਦਰਾਂ ਨੂੰ 'ਨੀਂਵੀ' ਜਾਤੀ ਵਾਲੇ ਜਾਣਿਆ ਜਾਂਦਾ ਹੈ।

ਜੀਵਨ-ਮੁਕਤ: ਸ਼ਾਬਦਿਕ ਰੂਪ ਵਿਚ, ਜੀਊਂਦੇ ਜੀਅ ਮੁਕਤ ਹੋਣਾ। ਇਸਦੀ ਪ੍ਰਾਪਤੀ ਪਰਮਾਤਮਾ ਦੇ ਹੁਕਮ ਨੂੰ ਪੂਰਨ ਤੌਰ ਤੇ ਮੰਨਣ ਵਿਚ ਹੈ। ਅਜਿਹਾ ਵਿਅੱਕਤੀ ਆਪਣੇ ਜੀਵਨ ਵਿਚ ਦੁੱਖ ਸੁੱਖ ਨੂੰ ਸਮ ਕਰ ਜਾਣਦਾ ਹੈ।

ਦਰਵੇਸ਼: ਫ਼ਾਰਸੀ ਭਾਸ਼ਾ ਤੋਂ ਬਣੇ ਇਸ ਸ਼ਬਦ ਦਾ ਅਰਥ "ਗਰੀਬ, ਲੋੜਵੰਦ" ਹੈ। ਇਸ ਸ਼ਬਦ ਦਾ ਸੰਕੇਤ ਕਿਸੇ ਧਰਮ ਦੇ ਮੈਂਬਰ ਤੋਂ ਹੈ, ਖਾਸ ਕਰਕੇ ਸੂਫ਼ੀ ਭਾਈਚਾਰੇ ਦੇ ਨਾਲ।

ਦੇਵੀ/ਦੇਵਤੇ: ਭਗਤਾਂ ਨੇ ਹਿੰਦੂ ਦੇਵਤਿਆਂ ਦਾ ਵੱਖ ਵੱਖ ਨਾਵਾ ਨਾਲ ਜ਼ਿਕਰ ਕੀਤਾ ਹੈ, ਜਿਵੇਂ ਰਾਮ, ਕ੍ਰਿਸ਼ਨ, ਗੋਬਿੰਦ ਆਦਿਕ।

ਨਾਮ: ਸ਼ਾਬਦਿਕ ਰੂਪ ਵਿਚ 'ਨਾਉਂ' ਹੈ। ਇਸ ਪੁਸਤਕ ਵਿਚ ਵਰਤੋਂ ਵੇਲੇ ਇਹ ਵਿਸ਼ੇਸ਼ ਕਰਕੇ ਪਰਮਾਤਮਾ ਦਾ ਸੂਚਕ ਹੈ। 'ਨਾਮ' ਸਦਕਾ ਅਗਮ-ਅਗੋਚਰ ਦਾ ਗਿਆਨ ਬਣਦਾ ਹੈ।'ਨਾਮ' ਸਰਬੱਤ ਰਚਨਾ ਦੇ ਚੁਸਤ-ਦਰੁਸਤ ਉਤਪਤੀ ਹੋਣ ਦਾ ਸਾਧਕ ਨਿਯਮ ਹੈ।

ਨਾਮ ਸਿਮਰਨ: ਸ਼ਾਬਦਿਕ ਰੂਪ ਵਿਚ, ਇਹ ਪਰਮਾਤਮਾ ਦਾ 'ਨਾਮ-ਸਿਮਰਨ' ਹੈ। ਪਰ ਇਹ ਉਸਦਾ 'ਨਾਮ' ਸਿਰਫ਼ ਦੁਹਰਾਉਣਾ/ਜਪਣਾ ਹੀ ਨਹੀਂ ਹੈ, ਸਗੋਂ ਇਸਨੂੰ ਆਪਣੇ ਹਿਰਦੇ ਵਿਚ ਵਸਾਉਣਾ ਹੈ। ਇਸਨੂੰ ਗਹਿਰੇ ਭਗਤੀ ਭਾਵ ਰਾਹੀਂ ਸਮਝਣਾ/ਮੰਨਣਾ ਅਤੇ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਨਣਾ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਿਆ ਗਿਆ ਹੈ।

ਪਰਮਾਤਮਾ: ਸਿੱਖ ਧਰਮ ਵਿਚ, ਕਰਤਾ-ਪੁਰਖ ਪਰਮਾਤਮਾ, ਜੋ ਅਕਾਲ ਪੁਰਖ ਹੈ, ਉਸਨੂੰ ਨਿਰਗੁਣ ਅਤੇ ਸਰਗੁਣ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਅਦਿੱਖ ਹੈ ਅਤੇ ਘੱਟ ਘੱਟ ਵਿਚ ਵਿਆਪਕ ਵੀ ਹੈ। ਉਹ ਸਦੀਵੀ ਅਮਰ ਹੈ, ਸਰਬ-ਗਿਆਤਾ ਹੈ ਅਤੇ ਅਗਮ ਅਗੋਚਰ ਆਨੰਦਮਈ ਰੂਪ ਹੈ ਅਤੇ ਸਰਬ-ਉਤਪਤੀ ਦਾ ਰਚਨਹਾਰ ਅਤੇ ਭੰਨਣ ਘੜਣ ਸਮਰੱਥ ਹੈ। ਸਿੱਖਾਂ ਦਾ ਸਾਰੀ ਮਨੁੱਖਤਾ ਲਈ ਉਸ ਇਕ ਰਚਨਹਾਰੇ ਪਰਮਾਤਮਾ ਤੇ ਵਿਸ਼ਵਾਸ ਹੈ।

ਪਤੀ: ਜਿਵੇਂ ਸਾਰੇ ਗੁਰੂ ਅਤੇ ਭਗਤ ਸਿਰਫ਼ ਪਰਮਾਤਮਾ ਨੂੰ ਸਾਰੀ ਸਿਰਜਣਾ ਵਿਚ 'ਮਰਦ' ਮੰਨਦੇ ਹਨ ਅਤੇ ਬਾਕੀ ਸਾਰੀ ਮਨੁੱਖਤਾ ਨੂੰ ਉਸਦੀ ਪਤਨੀ । ਸਮਅਰਥਕ ਸ਼ਬਦ ਹਨ: ਧਨ, ਪਿਰ, ਅਤੇ ਭਤਾਰ ਆਦਿਕ।

ਭਗਤ: ਉਹ ਵਿਅੱਕਤੀ ਜੋ ਪਰਮਾਤਮਾ ਪ੍ਰਤੀ ਅਥਾਹ ਸ਼ਰਧਾ ਰਖਦਾ ਹੋਵੇ।

ਮਾਲਕ: ਇਸ ਪੁਸਤਕ ਵਿਚ ਮਾਲਕ ਅਧਿਆਤਮਿਕ ਮਾਲਕ, ਗੁਰੂ ਦਾ ਸੂਚਕ ਹੈ।

ਮੂਲ ਮੰਤਰ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਪਹਿਲੀ ਤੁਕ ਹੈ। ਇਹ ਤੁਕ ਸਿੱਖੀ ਦੀ ਆਧਾਰ-ਸ਼ਿਲਾ ਹੈ। ਗੁਰੂ ਨਾਨਕ ਦਾ ਬਖ਼ਸ਼ਿਆ ਅਤੇ ਪਰਚਲਿਤ ਕੀਤਾ ਇਹੀ ਪਰਮਾਤਮਾ ਦਾ ਮੂਲ-ਮੰਤਰ ਹੈ।

ਰਹਾਉ ਤੁਕ: 'ਰਹਾਉ' ਸ਼ਬਦ 'ਰਹਾ' ਤੋਂ ਲਿਆ ਗਿਆ ਹੈ, ਜਿਸਦਾ ਅਰਥ ਰੁਕਣਾ/ਰਹਿਣਾ, ਜੁੜਨਾ, ਸਮਰਥਨ ਕਰਨਾ ਜਾਂ ਨਿਅੰਤਰਣ ਵਿਚ ਰਖਣਾ ਹੈ। 'ਤੁਕ' ਦਾ ਅਰਥ ਇਕ 'ਸਤਰ' ਜਾਂ 'ਵਾਕ' ਹੈ। 'ਰਹਾਉ' ਵਾਲੀ ਤੁਕ ਸ਼ਬਦ ਦਾ ਕੇਂਦਰੀ ਭਾਵ ਦਰਸਾਂਦੀ ਹੈ। ਇਹ 'ਤੁਕ' ਸਾਨੂੰ ਥੋਹੜਾ ਰੁਕ ਕੇ ਸ਼ਬਦ ਦਾ ਭਾਵ-ਅਰਥ ਸਮਝਣ ਦਾ ਇਸ਼ਾਰਾ ਕਰਦੀ ਹੈ।

ਰਹਿਮਤ: ਪਰਮਾਤਮਾ ਦੀ ਰਹਿਮਤ ਸਦਕਾ ਕੋਈ ਵੀ ਵਿਅੱਕਤੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਜਾਚਕ ਲਈ ਨਿਰਮਾਣ ਹੋਣਾ ਵੀ ਜ਼ਰੂਰੀ ਹੈ।

ਰਜ਼ਾ: ਪਰਮਾਤਮਾ ਦਾ ਹੁਕਮ ਹੀ ਉਸਦੀ ਰਜ਼ਾ ਹੈ। ਉਪਰ 'ਹੁਕਮ' ਦਾ ਵਿਸਤਾਰ ਦੇਖੋ।

ਵਾਰ: ਕਾਵਿਕ ਰਚਨਾ ਦਾ ਇਕ ਰੂਪ ਹੈ। ਇਹ ਇਕ ਬ੍ਰਿਤਾਂਤਿਕ ਰੂਪ ਦੀ ਕਵਿਤਾ ਹੁੰਦੀ ਹੈ ਜੋ ਕਿਸੇ ਵੇਲੇ ਗਾਥਾਕਾਰ ਕਵਿਤਾ ਦਾ ਰੂਪ ਬਣਦੀ ਹੈ। ਵਾਰ ਦੀ ਹਰੇਕ ਪੌੜੀ ਵਿਚ ਸੰਪੂਰਨ ਮੰਤਵ-ਭਾਵਨਾ ਹੁੰਦੀ ਹੈ।

*******************

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੫ ਭਗਤਾਂ ਦੀ ਬਾਣੀ ਦਰਜ ਹੈ। ਗੁਰੂ ਨਾਨਕ ਜੀ ਨੇ ਭਾਰਤ ਵਿਚ ਉਦਾਸੀਆਂ ਕਰਦਿਆਂ ਆਪ ਭਗਤਾਂ ਦੀ ਬਾਣੀ ਨੂੰ ਇਕੱਠਾ ਕੀਤਾ ਸੀ ਅਤੇ ਆਪ ਹੀ ਇਹ ਬਾਣੀ ਆਪਣੇ ਉਤਰਾਧਿਕਾਰੀ ਗੁਰੂ ਅੰਗਦ ਜੀ ਨੂੰ ਭੇਂਟ ਕੀਤੀ। ਫਿਰ ਇਹ ਰਚਨਾਵਾਂ, ਬਿਨਾਂ ਕਿਸੇ ਤਬਦੀਲੀ ਦੇ, ਅੱਗੇ ਉਤਰਾਧਿਕਾਰੀ ਗੁਰੂਆਂ ਨੂੰ ਅਰਪਣ ਕੀਤੀਆਂ ਜਾਂਦੀਆਂ ਰਹੀਆਂ, ਅਤੇ ਇਸੇ ਤਰ੍ਹਾਂ ਹੀ ਇਹ ਰਚਨਾਵਾਂ ਗੁਰੂ ਅਰਜਨ ਜੀ ਪਾਸ ਪਹੁੰਚੀਆਂ ਅਤੇ ਉਹਨਾਂ ਨੇ ੧੬੦੪ ਈ: ਵਿਚ ਇਹਨਾਂ ਨੂੰ 'ਆਦਿ ਗ੍ਰੰਥ' ਵਿਚ ਸੰਗ੍ਰਹ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਗ੍ਰੰਥ ਨੂੰ ੧੭੦੮ ਈ: ਵਿਚ ਗੁਰਗੱਦੀ ਸੌਂਪਦਿਆਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਹਿ ਕੇ ਸੁਸ਼ੋਭਤ ਕੀਤਾ।

੧੫ ਭਗਤਾਂ ਦੀਆਂ ਇਹ ਰਚਨਾਵਾਂ ਗੁਰੂ ਨਾਨਕ ਜੀ ਦੀ ਦ੍ਰਿਸ਼ਟੀ ਅਤੇ ਪਰਮਾਤਮਾ ਦੀ ਭਾਵਨਾ ਦੇ ਅਨੁਕੂਲ ਹਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਨੇ ਤੇ 'ਜਪੁਜੀ ਸਾਹਿਬ' ਦੇ ਸ਼ੁਰੂ ਵਿਚ ਅੰਕਿਤ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਇਹਨਾਂ ਵਿੱਚੋਂ ਕੁੱਛ ਰਚਨਾਵਾਂ, ਸਾਧਾਰਨ ਅਨੁਵਾਦ ਅਤੇ ਵਿਆਖਿਆ ਸਹਿਤ, ਲਈਆ ਗਈਆਂ ਹਨ। ਇਹ ਉਪਰਾਲਾ ਕੀਤਾ ਗਿਆ ਹੈ ਤਾਂਕਿ ਪਾਠਕਾਂ ਨੂੰ ਭਗਤਾਂ ਦੀਆਂ ਰਚਨਾਵਾਂ ਵਿਚ ਉਹਨਾਂ ਵਲੋਂ ਦਿਤੇ ਮੂਲ ਸੰਦੇਸ਼ ਸਮਝ ਆ ਸਕਣ, ਅਤੇ ਇਹ ਪਤਾ ਲੱਗੇ ਕਿ ਇਹ ਰਚਨਾਵਾਂ ਸਿੱਖ ਗੁਰੂਆਂ ਦੀਆਂ ਸਿਖਿਆਵਾਂ ਦੇ ਅਨੁਸਾਰ ਹਨ।

ਭਗਤਾਂ ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਇਕ ਵਿਸ਼ੇਸ਼ ਅਹਿਮੀਅਤ ਹੈ। ਗੁਰੂ ਗ੍ਰੰਥ ਸਾਹਿਬ ਵਿਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਅਤੇ ਉਹਨਾਂਦੇ ਪੰਜ ਉਤਰਾਧਿਕਾਰੀ ਗੁਰੂਆਂ ਦੀ ਬਾਣੀ ਤੋਂ ਇਲਾਵਾ, ਉਹਨਾਂ ਹੋਰਨਾਂ ਦੀਆਂ ਰਚਨਾਵਾਂ ਵੀ ਦਰਜ ਹਨ ਜੋ ਇਕ 'ਅਕਾਲ ਪੁਰਖ' ਵਿਚ ਵਿਸ਼ਵਾਸ ਕਰਦੇ ਸਨ ਅਤੇ ਸਾਰੀ ਮਾਨੁੱਖਤਾ ਨੂੰ ਬਰਾਬਰ ਸਮਝਦੇ ਸਨ। ਇਹਨਾਂ ਰਚਨਾਵਾਂ ਨੂੰ ਬਾਣੀ ਦੇ ਰੂਪ ਵਿਚ ਦਰਜ ਕਰਨ ਨਾਲ ਇਹਨਾਂ ਭਗਤਾਂ ਦਾ ਰੁੱਤਬਾ ਬੁਲੰਦ ਹੋਇਆ। ਇਹ ਭਗਤ ਆਮ ਕਰਕੇ ਹਿੰਦੂਆਂ ਦੀ ਨੀਵੀਂ ਜਾਤੀ ਜਾਂ ਭਾਰਤੀ ਸਮਾਜ ਵਿਚ ਖੰਡਤ ਵਰਗਾਂ ਵਿਚੋਂ ਸਨ। ਇਹਨਾਂ ਵਿਚੋਂ ਬਹੁਤੇ ਭਗਤ ਆਪਣੀ ਜਾਤ ਜਾਂ ਕਿੱਤੇ ਦੇ ਕਾਰਣ ਕਿਸੇ ਰਸਮੀ ਵਿਦਿਆ ਦੇ ਧਾਰਣੀ

ਨਹੀਂ ਸਨ, ਪਰ ਫਿਰ ਵੀ ਉਹਨਾਂ ਨੇ ਅਧਿਆਤਮਿਕ ਬੁਲੰਦੀਆਂ ਪ੍ਰਾਪਤ ਕੀਤੀਆਂ। ਉਹਨਾਂ ਦੀਆਂ ਕੁਝ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਗੁਰੂਆਂ ਨੇ ਉਹਨਾਂ ਦੀ ਇਸ ਅਧਿਆਤਮਿਕ ਮਹਾਨਤਾ ਨੂੰ ਸਨਮਾਨਿਤ ਕੀਤਾ।

ਭਗਤਾਂ ਦੀਆਂ ਰਚਨਾਵਾਂ ਵਿਚ ਹਿੰਦੂ ਦੇਵਤਿਆਂ ਦੀਆਂ ਮਿਥਿਹਾਸਕ ਕਥਾਵਾਂ ਨੂੰ ਅਕਸਰ ਚਮਤਕਾਰੀ ਅਤੇ ਕਰਮਕਾਂਡੀ ਤੌਰ ਤੇ ਦਰਸਾਇਆ ਗਇਆ ਹੈ। ਇਸਤਰ੍ਹਾਂ ਕਰਨ ਨਾਲ ਉਹ ਭਗਤ ਉਸ ਸਮੇਂ ਦੀ ਹਿੰਦੂ ਜਨਤਾ ਨੂੰ ਮਿਥਿਹਾਸਕ ਕਥਾਵਾਂ ਅਤੇ ਹਿੰਦੂਆ ਦੀਆਂ ਧਾਰਮਕ ਰੀਤਾਂ ਰਾਹੀਂ ਅਸਲੀ ਸੰਦੇਸ਼ ਪੁਜਾਂਦੇ ਸਨ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸ਼ਬਦਾਂ ਵਿਚ ਗੁਰੂ ਜੀ ਆਪ ਵੀ ਹਿੰਦੂ ਦੇਵਤਿਆਂ ਨਾਲ ਜੁੜਦੀਆਂ ਕਥਾ ਕਹਾਣੀਆਂ ਵਿਚ ਰਾਮ, ਕ੍ਰਿਸ਼ਨ, ਵਿਸ਼ਨੂ, ਇੰਦਰ ਆਦਿਕ ਅਤੇ ਮਿਥਿਹਾਸਕ ਜੀਵ ਪਾਂਡਵ, ਕੌਰਵ ਅਤੇ ਰਾਵਣ ਆਦਿਕ ਦਾ ਜ਼ਿਕਰ ਕਰਦੇ ਹਨ। ਇਸ ਤਰ੍ਹਾਂ ਗੁਰੂਆਂ ਨੇ ਉਸ ਸਮੇਂ ਵਿਚ ਮੰਨੇ ਜਾਂਦੇ ਰੀਤੀ ਰਿਵਾਜਾਂ ਦਾ ਸਮਰਥਨ ਨਾ ਕਰਦੇ ਹੋਏ ਆਪਣਾ ਨੁੱਕਤਾ ਆਮ ਲੋਕਾਂ ਨੂੰ ਸਪਸ਼ਟ ਕੀਤਾ, ਜੋ ਉਹਨਾਂ ਕਥਾਵਾਂ ਦੇ ਜਾਣੂ ਸਨ।

ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਉਣ ਵਾਲੇ ਕਈ ਸ਼ਬਦਾਂ ਬਾਰੇ ਸੱਚ ਹੈ, ਭਗਤਾਂ ਦੀਆਂ ਰਚਨਾਵਾਂ ਦਾ ਸ਼ਾਬਦਿਕ ਅਰਥ ਉਹਨਾਂ ਦਾ ਸਹੀ ਸੰਦੇਸ਼ ਨਹੀਂ ਹੈ। ਕੇਂਦਰੀ ਸੰਦੇਸ਼ ਤਾਂ ਹੀ ਸਪਸ਼ਟ ਹੁੰਦਾ ਹੈ ਜਦ ਰਚਨਾ ਦੀ 'ਰਹਾਉ' ਦੀ ਤੁਕ ਨੂੰ ਭਾਵ-ਵਾਚਕ ਰੂਪ ਵਿਚ ਸਮਝਿਆ ਜਾਵੇ, ਨਾ ਕਿ ਸ਼ਬਦੀ ਅਰਥਾਂ ਵਿਚ। ਸ਼ਾਬਦਿਕ ਅਨੁਵਾਦ ਵਿਚ ਤੁਕ ਦੇ ਭਾਵ-ਵਾਚਕ ਅਰਥਾਂ ਦਾ ਵਿਸਤਾਰ ਕਰਨ ਲਈ, ਮੁੱਖ ਰੂਪ ਵਿਚ ਪ੍ਰਸਿੱਧ ਵਿਦਵਾਨ ਜਿਵੇਂ ਕਿ ਪ੍ਰੋਫ਼ੈੱਸਰ ਸਾਹਿਬ ਸਿੰਘ ਆਦਿਕ ਤੇ ਨਿਰਭਰ ਕੀਤਾ ਗਿਆ ਹੈ।

ਭਗਤਾਂ ਦੇ ਆਪਣੇ ਜੀਵਨ ਤੇ ਜਾਂ ਮਿਥਿਹਾਸਕ ਕਥਾਵਾਂ ਤੇ ਧਿਆਂਨ ਦੇਣ ਦੇ ਬਦਲੇ ਇਹ ਵਿਦਵਾਨ ਉਹਨਾਂ ਦੀਆਂ ਰਚਨਾਵਾਂ ਦਾ ਜ਼ਿਕਰ ਕਰਦੇ ਹਨ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਸੰਗ ਵਿਚ ਹੀ ਭਗਤਾਂ ਦੀਆਂ ਰਚਨਾਵਾਂ ਨੂੰ ਸਮਝਾਇਆ ਗਿਆ ਹੈ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਅਕਸਰ ਭਗਤਾਂ ਦੀਆਂ ਰਚਨਾਵਾਂ ਦਾ ਵਿਸਤਾਰ ਕੀਤਾ ਹੈ, ਤਾਕਿ ਭਗਤਾਂ ਦੀਆਂ ਰਚਨਾਵਾਂ ਦਾ ਭਾਵ-ਅਰਥ ਸਪਸ਼ਟ ਹੋ ਸਕੇ ਅਤੇ ਉਹਨਾਂ ਦੇ ਆਪਣੇ ਸ਼ਬਦਾਂ ਅਨੁਸਾਰ ਸਹਿਮਤੀ ਪ੍ਰਗਟ ਹੋ ਸਕੇ।

ਪੁਸਤਕ ਵਿਚ ਭਾਈ ਗੁਰਦਾਸ ਜੀ ਦੀਆਂ 'ਵਾਰਾਂ' ਦਾ ਵੀ ਵੇਰਵਾ ਦਿਤਾ ਗਿਆ ਹੈ ਜੋ ਉਹਨਾਂ ਨੇ ਭਗਤਾਂ ਤੋਂ ਕੁਝ ਸੈਂਕੜੇ ਸਾਲਾਂ ਬਾਅਦ ਲਿਖੀਆਂ ਹਨ। ਉਸ ਕੁਝ ਕੁ ਸੌ ਸਾਲਾਂ ਦੇ ਦੌਰਾਨ ਬਹੁਤ ਸਾਰੀਆਂ ਕਹਾਣੀਆਂ ਉਹਨਾਂ ਭਗਤਾਂ ਨਾਲ ਜੁੜ ਗਈਆਂ ਕਿ ਭਗਤਾਂ ਕੋਲ ਚਮਤਕਾਰੀ ਸ਼ਕਤੀਆਂ ਸਨ। ਭਾਈ ਗੁਰਦਾਸ ਵਲੋਂ ਇਹਨਾਂ ਦਾ ਜ਼ਿਕਰ ਕਰਨ ਤੋਂ ਸ਼ਾਇਦ ਇਹ ਮੰਤਵ ਸੀ ਕਿ ਜੋ ਸਰੋਤੇ ਇਹਨਾਂ ਮਿਥਿਹਾਸਕ ਅਤੇ ਚਮਤਕਾਰੀ ਕਹਾਣੀਆਂ ਤੋਂ ਜਾਣੂ ਸਨ ਉਹਨਾਂ ਨੂੰ ਅਸਲੀ ਸੰਦੇਸ਼ ਪੁਜਾ ਸਕਣ। ਭਗਤਾਂ ਦੀਆਂ ਰਚਨਾਵਾਂ ਦੀ ਤਰ੍ਹਾਂ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਵੀ ਅਲੰਕਾਰਕ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹਰ ਸ਼ਬਦ ਨੂੰ, ਗੁਰੂ ਜੀ ਦਾ ਹੋਵੇ ਜਾਂ ਕਿਸੇ ਭਗਤ ਦਾ, ਉਸਨੂੰ 'ਗੁਰਬਾਣੀ' ਸਮਝਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਹਰੇਕ ਸ਼ਬਦ ਬਿਨਾਂ-ਸ਼ੱਕ ਗੁਰੂ ਨਾਨਕ ਜੀ ਅਤੇ ਹੋਰ ਗੁਰੂਆਂ ਦੀਆਂ ਸਿਖਿਆਵਾਂ ਦੇ ਅਨੁਕੂਲ ਹੈ। ਬਾਣੀ, ਜੋ ਸ਼ਬਦ ਗੁਰੂ ਹੈ, ਅਸਲ ਵਿਚ ਸੱਚਾ ਗੁਰੂ ਹੈ। ਇਹ ਸ਼ਬਦ ਮਾਨਵਤਾ ਨੂੰ ਸਿਖਾਉਂਦੇ ਹਨ ਕਿ ਅਧਿਆਤਮਿਕ ਰੂਪ ਵਿਚ ਇਹ ਜੀਵਨ ਕਿਵੇਂ ਅਨੰਦਮਈ ਤੌਰ ਤੇ ਜੀਵਿਆ ਜਾਵੇ ਤਾਕਿ ਜੀਵਨ-ਮੁਕਤੀ ਪ੍ਰਾਪਤ ਹੋ ਸਕੇ। ਗੁਰੂ ਗ੍ਰੰਥ ਸਾਹਿਬ ਵਿਚਲੇ ਹਰ ਸ਼ਬਦ ਸਦਕਾ ਉਸ ਅਕਾਲ ਪੁਰਖ ਨਾਲ ਜੁੜਨ ਦੀ ਸੋਝੀ ਪੈਂਦੀ ਹੈ ਤਾਕਿ ਅਸੀਂ ਪਰਮਾਤਮਾ ਬਾਰੇ ਜਾਣ ਸਕੀਏ। ਭਗਤਾਂ ਦਾ ਵੀ ਕੋਈ ਵੱਖਰਾ ਮੰਤਵ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਸਬਦਾਂ ਪ੍ਰਤੀ ਸ਼ਰਧਾ ਨਾਲ ਝੁਕਣ ਨਾਲ ਅਸੀਂ ਭਗਤਾਂ ਪ੍ਰਤੀ ਵੀ ਝੁਕਦੇ ਹਾਂ। ਉਹਨਾਂ ਨੂੰ ਸਹੀ ਰੂਪ ਵਿਚ ਸਮਝਣ ਨਾਲ ਪ੍ਰਤੱਖ ਹੁੰਦਾ ਹੈ ਕਿ ਭਗਤਾਂ ਦੀਆਂ ਰਚਨਾਵਾਂ ਵੀ ਗੁਰੂ ਗ੍ਰੰਥ ਸਾਹਿਬ ਵਿਚਲੇ ਹੋਰ ਸ਼ਬਦਾਂ ਦੇ ਅਨੁਕੂਲ ਹਨ। ਭਗਤਾਂ ਦੀਆਂ ਰਚਨਾਵਾਂ ਨੂੰ ਸਿੱਖਾਂ ਦੇ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਕੇ ਇਸ ਤੱਥ ਨੂੰ ਗੁਰੂਆਂ ਨੇ ਆਪ ਹੀ ਪ੍ਰਮਾਣਿਤ ਕੀਤਾ ਹੈ।

*******************

# ੧. ਭਗਤ ਕਬੀਰ ਜੀ

ਭਗਤ ਕਬੀਰ ਜੀ (੧੪੪੦-੧੫੧੮ ਈ:) ਦਾ ਜਨਮ ਭਾਰਤ ਦੇ ਉੱਤਰ ਵਿਚ ਬਨਾਰਸ ਸ਼ਹਿਰ ਵਿਚ ਹੋਇਆ ਜਿਸਨੂੰ ਹਿੰਦੂ ਧਾਰਮਿਕ ਤੌਰ ਤੇ ਪਵਿੱਤਰ ਸਥਾਨ ਮਨਦੇ ਸੀ। ਕਬੀਰ ਜੀ ਦਾ ਹਿੰਦੂ, ਮੁਸਲਮਾਨ ਅਤੇ ਸਿੱਖ ਸਾਰੇ ਹੀ ਸਤਿਕਾਰ ਕਰਦੇ ਹਨ। ਆਪਣੀਆਂ ਰਚਨਾਵਾਂ ਸਦਕਾ ਉਹ ਇਕ ਮਸ਼ਹੂਰ ਸਿਖਿਅਕ ਅਤੇ ਸਮਾਜ-ਸੁਧਾਰਕ ਜਾਣੇ ਜਾਣ ਲੱਗੇ। ਕਬੀਰ ਜੀ ਹਿੰਦੂਆਂ ਦੇ ਰੀਤੀ ਰਿਵਾਜਾਂ, ਦੇਵਤਿਆਂ, ਬ੍ਰਾਹਮਣਵਾਦ ਜਾਂ ਜਾਤੀ ਵਾਦ ਵਿਚ ਵਿਸ਼ਵਾਸ ਨਹੀਂ ਕਰਦੇ ਸਨ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਕੱਟੜਮਈ ਧਾਰਨਾ ਬਾਰੇ ਵੀ ਕਿੰਤੂ-ਪ੍ਰੰਤੂ ਕਰਦੇ ਰਹੇ।

ਭਗਤ ਕਬੀਰ ਜੀ ਦੇ ਜਨਮ ਅਤੇ ਮਰਨ ਸਮੇਂ ਬਾਰੇ ਲੇਖਕ-ਜਨ ਸਹਿਮਤ ਨਹੀਂ ਹਨ। ਉਹ ਇਸ ਗਲ ਤੇ ਵੀ ਸਹਿਮਤ ਨਹੀਂ ਕਿ ਉਹ ਹਿੰਦੂ ਪੈਦਾ ਹੋਏ ਸਨ ਜਾਂ ਮੁਸਲਮਾਨ। ਉਹਨਾਂ ਦੇ ਪਿਛੋਕੜ ਅਤੇ ਮੁਢਲੇ ਸਾਲਾਂ ਨਾਲ ਵੱਖ ਵੱਖ ਕਥਾਵਾਂ ਜੁੜੀਆਂ ਹੋਈਆਂ ਹਨ। ਪਰ, ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦੀਆਂ ਰਚਨਾਵਾਂ ਤੋਂ ਇਹ ਸਪਸ਼ਟ ਹੈ ਕਿ ਉਹ ਆਪਣੇ ਆਪ ਨੂੰ ਕੇਵਲ ਇਕ ਇਨਸਾਨ ਸਮਝਦੇ ਸਨ। ਉਹ ਹਿੰਦੂ ਅਤੇ ਮੁਸਲਮਾਨ, ਦੋਨਾਂ ਦੇ ਰੀਤੀ ਰਿਵਾਜਾਂ ਦਾ ਇਹ ਕਹਿ ਕੇ ਖੰਡਨ ਕਰਦੇ ਸਨ ਕਿ ਪਰਮਾਤਮਾ ਦੇ ਨੇੜੇ ਹੋਣ ਲਈ ਕਿਸੀ ਰੀਤੀ ਰਿਵਾਜ ਦਾ ਕੋਈ ਲਾਭ ਨਹੀਂ। ਪਰਮਾਤਮਾ ਵਿਚ ਉਹ ਬਹੁਤ ਭਾਵੁਕਤਾ ਨਾਲ ਵਿਸ਼ਵਾਸ ਕਰਦੇ ਸਨ। ਭਗਤ ਕਬੀਰ ਜੀ ਦਾ ਵਿਸ਼ਵਾਸ ਸੀ ਕਿ ਸਾਰੇ ਇਨਸਾਨਾਂ ਨੂੰ ਪਰਮਾਤਮਾ ਨੇ ਹੀ ਬਣਾਇਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਇਸ ਸ਼ਬਦ ਵਿਚ ਉਹਨਾਂ ਨੇ ਮੁਸਲਮਾਨਾਂ ਵਿਚ ਸੁੰਨਤ ਦੇ ਰਿਵਾਜ ਦਾ ਖੰਡਨ ਕੀਤਾ ਹੈ। ਉਹ ਹਿੰਦੂ ਅਤੇ ਮੁਸਲਮਾਨ ਧਾਰਮਿਕ ਆਗੂਆਂ ਦੋਨਾਂ ਨੂੰ ਹੀ ਧਾਰਮਿਕ ਗ੍ਰੰਥਾਂ ਬਾਰੇ ਸਵਾਲ ਕਰਦੇ ਹਨ ਜਿਹਨਾਂ ਦੇ ਆਧਾਰ ਤੇ ਉਹ ਕਹਿੰਦੇ ਹਨ ਕਿ ਪਰਮਾਤਮਾ ਹਿੰਦੂ ਜਾਂ ਮੁਸਲਮਾਨ ਦਾ ਪੱਖ ਲੈਂਦਾ ਹੈ। ਕਬੀਰ ਜੀ ਕਹਿੰਦੇ ਹਨ ਕਿ ਜਦ ਪਰਮਾਤਮਾ ਨੇ ਹੀ ਹਿੰਦੂ ਅਤੇ ਮੁਸਲਮਾਨ ਦੋਨਾਂ ਨੂੰ ਬਣਾਇਆ ਹੈ, ਤਾਂ ਉਹ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕਰ ਸਕਦਾ।

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥੧॥

ਕਾ ਤੈ ਕਵਨ ਕਤੇਬ ਬਖਾਨੀ॥

**ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥੧॥ ਰਹਾਉ॥**

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ॥

ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ॥੨॥

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥

ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ॥੩॥

ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥

ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥੪॥੮॥ ਆਸਾ, ਅੰਕ ੪੭੭

**ਸਰਲ ਅਰਥ:** ਕੋਝੇ ਝਗੜਾਲੂ ਆਪਣੇ ਮਤ ਨੂੰ ਸੱਚਾ ਸਾਬਤ ਕਰਨ ਲਈ ਬਹਿਸਾਂ ਕਰਨ ਦੇ ਥਾਂ, ਅਸਲੀਅਤ ਲੱਭਣ ਲਈ ਆਪਣੇ ਦਿਲ ਵਿਚ ਸੋਚ ਤੇ ਵਿਚਾਰ ਕਰਨ ਕਿ ਹਿੰਦੂ ਤੇ ਮੁਸਲਮਾਨ ਇਕ ਪਰਮਾਤਮਾ ਤੋ ਬਿਨਾ ਹੋਰ ਕਿਥੋਂ ਪੈਦਾ ਹੋਏ ਹਨ, ਪ੍ਰਭੂ ਤੋ ਬਿਨਾ ਹੋਰ ਕਿਸ ਨੇ ਇਹ ਰਸਤੇ ਤੋਰੇ; ਜਦੋ ਦੋਹਾਂ ਮਤਾਂ ਦੇ ਬੰਦੇ ਰੱਬ ਨੇ ਹੀ ਪੈਦਾ ਕੀਤੇ ਹਨ, ਤਾਂ ਉਹ ਕਿਸ ਨਾਲ ਵਿਤਕਰਾ ਕਰ ਸਕਦਾ ਹੈ? ਸਿਰਫ਼ ਮੁਸਲਮਾਨ ਜਾਂ ਹਿੰਦੂ ਹੋਣ ਕਰਕੇ ਹੀ ਕਿਸ ਨੇ ਬਹਿਸ਼ਤ ਲੱਭਾ ਤੇ ਕਿਸ ਨੇ ਦੋਜ਼ਕ? ਭਾਵ, ਸਿਰਫ਼ ਮੁਸਲਮਾਨ ਅਖਵਾਉਣ ਨਾਲ ਬਹਿਸ਼ਤ ਨਹੀਂ ਮਿਲ ਜਾਂਦਾ, ਤੇ ਹਿੰਦੂ ਰਿਹਾਂ ਦੋਜ਼ਕ ਵਿਚ ਨਹੀਂ ਪਈਦਾ।੧। **ਹੇ ਕਾਜ਼ੀ! ਤੂੰ ਕਿਹੜੀਆਂ ਕਿਤਾਬਾਂ ਵਿਚੋਂ ਦੱਸ ਰਿਹਾ ਹੈਂ ਕਿ ਮੁਸਲਮਾਨ ਨੂੰ ਬਹਿਸ਼ਤ ਤੇ ਹਿੰਦੂ ਨੂੰ ਦੋਜ਼ਕ ਮਿਲੇਗਾ? ਹੇ ਕਾਜ਼ੀ! ਤੇਰੇ ਵਰਗੇ ਪੜ੍ਹਨ ਤੇ ਵਿਚਾਰਨ ਵਾਲੇ ਭਾਵ, ਜੋ ਮਨੁੱਖ ਤੇਰੇ ਵਾਂਗ ਤਅੱਸਬ ਦੀ ਪੱਟੀ ਅੱਖਾਂ ਅੱਗੇ ਬੰਨ੍ਹ ਕੇ ਮਜ਼ਹਬੀ ਕਿਤਾਬਾਂ ਪੜ੍ਹਦੇ ਹਨ ਸਭ ਖ਼ੁਆਰ ਹੁੰਦੇ ਹਨ। ਕਿਸੇ ਨੂੰ ਅਸਲੀਅਤ ਦੀ ਸਮਝ ਨਹੀਂ ਪਈ।੧। ਰਹਾਉ।** ਇਹ ਸੁੰਨਤ ਤਾਂ ਔਰਤ ਦੇ ਪਿਆਰ ਦੀ ਖ਼ਾਤਰ ਕੀਤੀ ਜਾਂਦੀ ਹੈ। ਹੇ ਭਾਈ! ਮੈਂ ਨਹੀਂ ਮੰਨ ਸਕਦਾ ਕਿ ਇਸ ਦਾ ਰੱਬ ਦੇ ਮਿਲਣ ਨਾਲ ਕੋਈ ਸੰਬੰਧ ਹੈ। ਜੇ ਰੱਬ ਨੇ ਮੈਨੂੰ ਮੁਸਲਮਾਨ ਬਣਾਉਣਾ ਹੋਨਦਾ, ਤਾਂ ਮੇਰੀ ਸੁੰਨਤ ਜਮਣ ਤੋਂ ਹੀ ਹੋ ਗਈ ਹੋਨਦੀ।੨। ਪਰ, ਜੇ ਸਿਰਫ਼ ਸੁੰਨਤ ਕੀਤਿਆਂ ਹੀ ਮੁਸਲਮਾਨ ਬਣ ਸਕੀਦਾ ਹੈ, ਤਾਂ ਔਰਤ ਦੀ ਸੁੰਨਤ ਤਾਂ ਹੋ ਹੀ ਨਹੀਂ ਸਕਦੀ। ਵਹੁਟੀ ਮਨੁੱਖ ਦੇ ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ, ਇਹ ਤਾਂ ਕਿਸੇ ਵੇਲੇ ਸਾਥ ਛੱਡਦੀ ਨਹੀਂ। ਸੋ, ਅਧਵਾਟੇ ਰਹਿਣ ਨਾਲੋ ਹਿੰਦੂ ਟਿਕੇ ਰਹਿਣਾ ਹੀ ਚੰਗਾ ਹੈ।੩। ਹੇ ਭਾਈ! ਮਜ਼ਹਬੀ ਕਿਤਾਬਾਂ ਦੀਆਂ ਬਹਿਸਾਂ ਛੱਡ ਕੇ ਪਰਮਾਤਮਾ ਦਾ ਭਜਨ ਕਰ, ਬੰਦਗੀ ਛੱਡ ਕੇ, ਤੇ ਬਹਿਸਾਂ ਵਿਚ ਪੈ ਕੇ ਤੂੰ ਆਪਣੇ ਆਪ ਉੱਤੇ ਬੜਾ ਜ਼ੁਲਮ ਕਰ ਰਿਹਾ ਹੈਂ। ਕਬੀਰ ਨੇ ਤਾਂ ਇਕ ਪਰਮਾਤਮਾ ਦੇ ਸਿਮਰਨ ਦਾ ਆਸਰਾ ਲਿਆ ਹੈ, ਝਗੜਾਲੂ ਮੁਸਲਮਾਨ ਬਹਿਸਾਂ ਵਿਚ ਹੀ ਖ਼ੁਆਰ ਹੋ ਰਹੇ ਹਨ।੪।੮।

ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀ ਰਚਨਾ ਵਿਚ ਕਬੀਰ ਜੀ ਹਿੰਦੂਆਂ ਦੇ ਜਾਤੀ ਵਿਸ਼ਵਾਸ ਪ੍ਰਤੀ ਵੀ ਸਵਾਲ ਕਰਦੇ ਹਨ। ਉਹ ਹਿੰਦੂਆਂ ਦੇ ਇਸ ਵਿਸ਼ਵਾਸ ਦਾ ਖੰਡਨ ਕਰਦੇ ਹਨ ਕਿ ਬ੍ਰਾਹਮਣ ਜਨਮ ਤੋਂ ਹੀ 'ਉਚ ਜਾਤੀ' ਦੇ ਹਨ।

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ਹਮ ਕਤ ਲੋਹੂ ਤੁਮ ਕਤ ਦੂਧ॥੩॥

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥

ਗਉੜੀ ਕਬੀਰ, ਅੰਕ ੩੨੪

**ਸਰਲ ਅਰਥ:** ਸਾਰੇ ਜੀਵਾਂ ਦੀ ਉਤਪੱਤੀ ਪਰਮਾਤਮਾ ਦੀ ਅੰਸ਼ ਤੋਂ ਹੋ ਰਹੀ ਹੈ ਭਾਵ, ਸਭ ਦਾ ਮੂਲ ਕਾਰਨ ਪਰਮਾਤਮਾ ਆਪ ਹੈ; ਮਾਂ ਦੇ ਪੇਟ ਵਿਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ।੧। ਦੱਸ, ਹੇ ਪੰਡਿਤ! ਤੁਸੀ ਬ੍ਰਾਹਮਣ ਕਦੋਂ ਦੇ ਬਣ ਗਏ ਹੋ? ਇਹ ਆਖ ਆਖ ਕੇ ਕਿ ਮੈਂ ਬ੍ਰਾਹਮਣ ਹਾਂ, ਮੈਂ ਬ੍ਰਾਹਮਣ ਹਾਂ, ਮਨੁੱਖਾ ਜਨਮ ਅਹੰਕਾਰ ਵਿਚ ਅਜਾਈਂ ਨਾਹ ਗਵਾਓ।੧।ਰਹਾਉ। ਜੇ ਹੇ ਪੰਡਿਤ! ਤੂੰ ਸੱਚ-ਮੁੱਚ ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੈਂ, ਤਾਂ ਕਿਸੇ ਹੋਰ ਰਾਹੇ ਕਿਉਂ ਨਹੀਂ ਜੰਮ ਪਿਆ?।੨। ਹੇ ਪੰਡਿਤ! ਤੁਸੀ ਕਿਵੇਂ ਬ੍ਰਾਹਮਣ ਬਣ ਗਏ? ਅਸੀਂ ਕਿਵੇਂ ਸ਼ੂਦਰ ਰਹਿ ਗਏ? ਅਸਾਡੇ ਸਰੀਰ ਵਿਚ ਕਿਵੇਂ ਨਿਰਾ ਲਹੂ ਹੀ ਹੈ? ਤੁਹਾਡੇ ਸਰੀਰ ਵਿਚ ਕਿਵੇਂ ਲਹੂ ਦੀ ਥਾਂ ਦੁੱਧ ਹੈ?।੩। ਹੇ ਕਬੀਰ! ਆਖ – ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਸੱਦਦੇ ਹਾਂ ਜੋ ਪਰਮਾਤਮਾ ਬ੍ਰਹਮ ਨੂੰ ਸਿਮਰਦਾ ਹੈ।੪।੭।

**ਸ਼ਬਦ ਦਾ ਭਾਵ:** ਜੋ ਮਨੁੱਖ ਉੱਚੀ ਜਾਤ ਦਾ ਮਾਣ ਕਰਦੇ ਹਨ, ਉਹ ਮਨੁੱਖਾ ਜਨਮ ਅਜਾਈਂ ਗਵਾਉਂਦੇ ਹਨ। ਸਾਰੇ ਜੀਵ ਪਰਮਾਤਮਾ ਦੀ ਅੰਸ਼ ਹਨ। ਉੱਚਾ ਉਹੀ ਹੈ ਜੋ ਪ੍ਰਭੂ ਦੀ ਬੰਦਗੀ ਕਰਦਾ ਹੈ।

*******************

# ੨. ਭਗਤ ਕਬੀਰ ਜੀ ਦਾ ਪਰਮਾਤਮਾ

ਭਗਤ ਕਬੀਰ ਜੀ ਦਾ ਪਰਮਾਤਮਾ ਵਿਚ ਬਹੁਤ ਗਹਿਰਾ ਵਿਸ਼ਵਾਸ ਸੀ। ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀਆਂ ਉਹਨਾਂ ਦੀਆਂ ਰਚਨਾਵਾਂ ਵਿਚ ਉਹ ਪਰਮਾਤਮਾ ਨੂੰ ਵੱਖ ਵੱਖ ਨਾਵਾਂ ਨਾਲ ਸੰਬੋਧਨ ਕਰਦੇ ਹਨ। ਕਬੀਰ ਜੀ ਦਾ ਧਰਮ ਸਾਰੀ ਮਨੁੱਖਤਾ ਨਾਲ ਪਿਆਰ ਕਰਨ ਵਾਲਾ ਧਰਮ ਸੀ ਤਾਕਿ ਸਾਰੀਆਂ ਜਾਤਾਂ ਅਤੇ ਧਰਮਾਂ ਵਿਚ ਏਕਤਾ ਬਣ ਸਕੇ। ਉਹ ਪਰਮਾਤਮਾ ਬਾਰੇ ਦਸਦੇ ਸਨ ਕਿ ਉਹ ਨਾ ਮਰਦ ਹੈ ਨਾ ਔਰਤ, ਨਾ ਮਾਂ ਹੈ ਨਾ ਪੁੱਤਰ, ਅਤੇ ਨਾ ਮਨੁੱਖ, ਨਾ ਦੇਵਤਾ, ਨਾ ਯੋਗੀ, ਨਾ ਜਤੀ। ਉਹ ਅਥਾਹ-ਅਪਰੰਪਾਰ ਹੈ ਅਤੇ ਸਾਰੇ ਇਨਸਾਨਾਂ ਦੇ ਦਿਲਾਂ ਵਿਚ ਵੱਸਦਾ ਹੈ, ਅਤੇ ਅੰਦਰ ਬਾਹਰ ਹਰ ਥਾਂ ਸਰਬ-ਵਿਆਪਕ ਹੈ। ਉਸਦੇ ਸੁਭਾਅ ਅਤੇ ਵਿਸ਼ਾਲਤਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਅਤੇ ਉਸਨੂੰ ਕਿਸੇ ਮੰਦਰ ਜਾਂ ਮਸੀਤ ਵਿਚ ਸੀਮਿਤ ਨਹੀਂ ਕੀਤਾ ਜਾ ਸਕਦਾ। ਉਸਦਾ ਕੋਈ ਸਰੀਰ ਜਾਂ ਲਹੂ ਨਹੀਂ ਹੈ। ਉਹ ਅਨੰਤ ਹੈ; ਉਹ ਨਾ ਜਮਦਾ ਹੈ ਅਤੇ ਨਾ ਮਰਦਾ ਹੈ। ਸਾਰੇ ਜੀਵਾਂ ਦਾ ਜਨਮ-ਮਰਨ ਅਕਾਲ ਪੁਰਖ ਦੇ ਹੀ ਹੁਕਮ ਅਨੁਸਾਰ ਹੁੰਦਾ ਹੈ। ਪਰਮਾਤਮਾ ਪ੍ਰਤੀ ਪਿਆਰ ਅਤੇ ਸ਼ਰਧਾ ਰਾਹੀਂ ਹੀ ਉਸਨੂੰ ਪਾਇਆ ਜਾ ਸਕਦਾ ਹੈ। ਜੋ ਉਸਨੂੰ ਪਾ ਲੈਂਦੇ ਹਨ, ਉਹ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ। ਉਹਨਾਂ ਨੂੰ ਅਨੰਤਕਾਲ ਆਨੰਦ ਪ੍ਰਾਪਤ ਹੋ ਜਾਂਦਾ ਹੈ।

ਭਗਤ ਕਬੀਰ ਜੀ ਦਾ ਹੇਠ ਦਿਤਾ ਸ਼ਬਦ ਸਪਸ਼ਟ ਕਰਦਾ ਹੈ ਕਿ ਉਹ ਕਿਹੋ ਜਿਹੇ ਪਰਮਾਤਮਾ ਬਾਰੇ ਜਿਕਰ ਕਰ ਰਹੇ ਹਨ:

ਨਾ ਇਹੁ ਮਾਨਸੁ ਨਾ ਇਹੁ ਦੇਉ॥ ਨਾ ਇਹੁ ਜਤੀ ਕਹਾਵੈ ਸੇਉ॥<br>
ਨਾ ਇਹੁ ਜੋਗੀ ਨਾ ਅਵਧੂਤਾ॥ ਨਾ ਇਸੁ ਮਾਇ ਨ ਕਾਹੂ ਪੂਤਾ॥੧॥<br>
**ਇਆ ਮੰਦਰ ਮਹਿ ਕੌਨ ਬਸਾਈ॥ ਤਾ ਕਾ ਅੰਤੁ ਨ ਕੋਊ ਪਾਈ॥੧॥ ਰਹਾਉ॥**<br>
ਨਾ ਇਹੁ ਗਿਰਹੀ ਨਾ ਓਦਾਸੀ॥ ਨਾ ਇਹੁ ਰਾਜ ਨ ਭੀਖ ਮੰਗਾਸੀ॥<br>
ਨਾ ਇਸੁ ਪਿੰਡੁ ਨ ਰਕਤੂ ਰਾਤੀ॥ ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥੨॥<br>
ਨਾ ਇਹੁ ਤਪਾ ਕਹਾਵੈ ਸੇਖੁ॥ ਨਾ ਇਹੁ ਜੀਵੈ ਨ ਮਰਤਾ ਦੇਖੁ॥<br>
ਇਸੁ ਮਰਤੇ ਕਉ ਜੇ ਕੋਊ ਰੋਵੈ॥ਜੋ ਰੋਵੈ ਸੋਈ ਪਤਿ ਖੋਵੈ॥੩॥<br>
ਗੁਰ ਪ੍ਰਸਾਦਿ ਮੈ ਡਗਰੋ ਪਾਇਆ॥ ਜੀਵਨ ਮਰਨੁ ਦੋਊ ਮਿਟਵਾਇਆ॥

ਕਹੁ ਕਬੀਰ ਇਹੁ ਰਾਮ ਕੀ ਅੰਸੁ॥ਜਸ ਕਾਗਦ ਪਰ ਮਿਟੈ ਨ ਮੰਸੁ॥੪॥੨॥੫॥

ਗੌਂਡ, ਅੰਕ ੮੭੧

**ਸਰਲ ਅਰਥ: ਸਾਡੇ ਇਸ ਸਰੀਰ-ਰੂਪ ਘਰ ਵਿਚ ਕੌਣ ਵੱਸਦਾ ਹੈ? ਉਸ ਦਾ ਕੀਹ ਅਸਲਾ ਹੈ?-ਇਸ ਗੱਲ ਦੀ ਤਹਿ ਵਿਚ ਕੋਈ ਨਹੀਂ ਅੱਪੜਿਆ।੧।ਰਹਾਉ।** ਕੀਹ ਮਨੁੱਖ, ਕੀਹ ਦੇਵਤਾ; ਕੀਹ ਜਤੀ, ਤੇ ਕੀਹ ਸ਼ਿਵ-ਉਪਾਸ਼ਕ; ਕੀਹ ਜੋਗੀ, ਤੇ ਕੀਹ ਤਿਆਗੀ; ਹਰੇਕ ਵਿਚ ਇੱਕ ਉਹੀ ਵੱਸਦਾ ਹੈ; ਪਰ ਫਿਰ ਭੀ ਸਦਾ ਲਈ ਨਾਹ ਇਹ ਮਨੁੱਖ ਹੈ ਨਾਹ ਦੇਵਤਾ; ਨਾਹ ਜਤੀ ਹੈ ਨਾਹ ਸ਼ਿਵ-ਉਪਾਸ਼ਕ, ਨਾਹ ਜੋਗੀ ਹੈ, ਨਾਹ ਤਿਆਗੀ; ਨਾਹ ਇਸ ਦੀ ਕੋਈ ਮਾਂ ਹੈ ਨਾਹ ਇਹ ਕਿਸੇ ਦਾ ਪੁੱਤਰ।੧। ਗ੍ਰਿਹਸਤੀ, ਉਦਾਸੀ, ਰਾਜਾ, ਕੰਗਾਲ, ਬ੍ਰਾਹਮਣ, ਖੱਤ੍ਰੀ; ਸਭ ਵਿਚ ਇਹੀ ਵੱਸਦਾ ਹੈ; ਫਿਰ ਭੀ ਇਹਨਾਂ ਵਿਚ ਰਹਿਣ ਕਰ ਕੇ ਸਦਾ ਲਈ ਨਾਹ ਇਹ ਗ੍ਰਿਹਸਤੀ ਹੈ ਨਾਹ ਉਦਾਸੀ, ਨਾਹ ਇਹ ਰਾਜਾ ਹੈ ਨਾਹ ਮੰਗਤਾ; ਨਾਹ ਇਹ ਬ੍ਰਾਹਮਣ ਹੈ ਨਾਹ ਖੱਤ੍ਰੀ; ਨਾਹ ਇਸ ਦਾ ਕੋਈ ਸਰੀਰ ਹੈ ਨਾਹ ਇਸ ਵਿਚ ਰਤਾ ਭਰ ਭੀ ਲਹੂ ਹੈ।੨। ਤਪੇ, ਸ਼ੇਖ਼, ਸਭ ਵਿਚ ਇਹੀ ਹੈ; ਸਭ ਸਰੀਰਾਂ ਵਿਚ ਆ ਕੇ ਜੰਮਦਾ ਮਰਦਾ ਭੀ ਜਾਪਦਾ ਹੈ, ਫਿਰ ਭੀ ਸਦਾ ਲਈ ਨਾਹ ਇਹ ਕੋਈ ਤਪਸ੍ਵੀ ਹੈ ਨਾਹ ਕੋਈ ਸ਼ੇਖ਼ ਹੈ; ਨਾਹ ਇਹ ਜੰਮਦਾ ਹੈ ਨਾਹ ਮਰਦਾ ਹੈ। ਜਿਹੜਾ ਕੋਈ ਜੀਵ ਇਸ ਅੰਦਰ-ਵੱਸਦੇ ਨੂੰ ਮਰਦਾ ਸਮਝ ਕੇ ਰੋਂਦਾ ਹੈ ਉਹ ਖ਼ੁਆਰ ਹੀ ਹੁੰਦਾ ਹੈ।੩। ਹੇ ਕਬੀਰ! ਆਖ-ਜਦੋਂ ਦਾ ਮੈਂ ਆਪਣੇ ਗੁਰੂ ਦੀ ਕਿਰਪਾ ਨਾਲ ਜ਼ਿੰਦਗੀ ਦਾ ਸਹੀ ਰਸਤਾ ਲੱਭਾ ਹੈ, ਮੈਂ ਆਪਣਾ ਜਨਮ ਮਰਨ ਦੋਵੇਂ ਖ਼ਤਮ ਕਰਾ ਲਏ ਹਨ ਭਾਵ, ਮੇਰਾ ਜਨਮ-ਮਰਨ ਦਾ ਗੇੜ ਮੁੱਕ ਗਿਆ ਹੈ, ਹੁਣ ਮੈਨੂੰ ਸਮਝ ਆ ਗਈ ਹੈ ਕਿ ਸਾਡੇ ਅੰਦਰ ਵੱਸਣ ਵਾਲਾ ਇਹ ਪਰਮਾਤਮਾ ਦੀ ਅੰਸ ਹੈ, ਤੇ ਇਹ ਦੋਵੇਂ ਆਪੋ ਵਿਚ ਇਉਂ ਜੁੜੇ ਹੋਏ ਹਨ ਜਿਵੇਂ ਕਾਗ਼ਜ਼ ਅਤੇ ਕਾਗ਼ਜ਼ ਉੱਤੇ ਲਿਖੇ ਅੱਖਰਾਂ ਦੀ ਸਿਆਹੀ।੪।੨।੫।

**ਸ਼ਬਦ ਦਾ ਭਾਵ: ਪਰਮਾਤਮਾ ਹਰੇਕ ਜੀਵ ਵਿੱਚ ਵਿਆਪਕ ਭੀ ਹੈ, ਤੇ ਸਭ ਤੋਂ ਵੱਖਰਾ ਭੀ ਹੈ। ਜੀਵਾਂ ਵਾਂਗ ਉਹ ਜਨਮ-ਮਰਨ ਦੇ ਚੱਕਰ ਵਿਚ ਨਹੀਂ ਹੈ।**

ਜੁਗਾਂ ਜੁਗਾਂ ਤੋਂ ਲੋਕ ਇਸ ਧਾਰਣਾ ਦੇ ਆਦੀ ਹੋ ਚੁੱਕੇ ਸਨ ਕਿ ਰੀਤੀ ਰਿਵਾਜਾਂ ਦੇ ਅਭਿਆਸ ਨਾਲ ਪਰਮਾਤਮਾ ਦੀ ਨੇੜਤਾ ਹਾਸਲ ਕੀਤੀ ਜਾ ਸਕਦੀ ਹੈ, ਜਾਂ ਉਸ ਵਿਚ ਇਕ-ਮਿਕ ਹੋਇਆ ਜਾ ਸਕਦਾ ਹੈ। ਭਗਤ ਕਬੀਰ ਜੀ ਨੇ ਅਜਿਹੇ ਰੀਤੀ ਰਿਵਾਜਾਂ ਦੀ ਅਲੋਚਨਾ ਕੀਤੀ। ਆਪ ਜੀ ਬਿਨਾਂ ਕਿਸੇ ਝਿੱਜਕ ਦੇ ਅਜਿਹੇ ਰਿਵਾਜਾਂ ਦਾ ਖੰਡਨ ਕਰਦੇ ਹਨ ਅਤੇ ਇਹ ਨਿਰਣਾ ਕਰਦੇ ਹਨ ਕਿ ਪਰਮਾਤਮਾ ਨੂੰ ਸ਼ਰਧਾ-ਭਰਪੂਰ ਭਗਤੀ ਸਹਿਤ ਨਾਮ ਜਪਣ ਨਾਲ ਹੀ ਪਾਇਆ ਜਾ ਸਕੀਦਾ ਹੈ। ਕਬੀਰ ਜੀ ਨੇ ਸਪਸ਼ਟ ਕੀਤਾ ਕਿ ਮਨ ਨੂੰ ਹਉਮੈ ਤੋਂ ਮੁਕਤ ਕਰਨਾ ਚਾਹੀਦਾ ਹੈ। ਰੀਤੀ ਰਿਵਾਜਾਂ ਦੇ ਆਧਾਰ ਤੇ ਕੀਤੇ ਅਭਿਆਸ ਨਾਲ ਕਿਸੇ ਅਧਿਆਤਮਿਕ ਮਾਰਗ ਤੇ ਨਹੀਂ ਟੁਰਿਆ ਜਾ ਸਕੀਦਾ। ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਇਕ ਰਚਨਾ ਵਿਚ ਇੰਜ ਕਹਿੰਦੇ ਹਨ:

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥੧॥

**ਰੇ ਜਨ ਮਨੁ ਮਾਧਉ ਸਿਉ ਲਾਈਐ॥ ਚਤੁਰਾਈ ਨ ਚਤੁਰਭੁਜੁ ਪਾਈਐ॥ ਰਹਾਉ॥**

ਪਰਹਰੁ ਲੋਭੁ ਅਰੁ ਲੋਕਾਚਾਰੁ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ॥੨॥

ਕਰਮ ਕਰਤ ਬਧੇ ਅਹੰਮੇਵ॥ ਮਿਲਿ ਪਾਥਰ ਕੀ ਕਰਹੀ ਸੇਵ॥੩॥

ਕਹੁ ਕਬੀਰ ਭਗਤਿ ਕਰਿ ਪਾਇਆ॥ ਭੋਲੇ ਭਾਇ ਮਿਲੇ ਰਘੁਰਾਇਆ॥੪॥੬॥

ਕਬੀਰ ਜੀ ਗਉੜੀ, ਅੰਕ ੩੨੪

**ਸਰਲ ਅਰਥ:** ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦਾ ਪਿਆਰ ਹੈ, ਉਸ ਦਾ ਜਪ ਕਰਨਾ ਕਿਸ ਭਾ? ਉਸ ਦਾ ਤਪ ਕਿਸ ਅਰਥ? ਉਸ ਦੇ ਵਰਤ ਤੇ ਪੂਜਾ ਕਿਹੜੇ ਗੁਣ?।੧। **ਹੇ ਭਾਈ! ਮਨ ਨੂੰ ਪਰਮਾਤਮਾ ਨਾਲ ਜੋੜਨਾ ਚਾਹੀਦਾ ਹੈ ਸਿਮਰਨ ਛੱਡ ਕੇ ਹੋਰ ਸਿਆਣਪਾਂ ਨਾਲ ਰੱਬ ਨਹੀਂ ਮਿਲ ਸਕਦਾ।੧।ਰਹਾਉ।** ਹੇ ਭਾਈ! ਲਾਲਚ, ਵਿਖਾਵਾ, ਕਾਮ, ਕ੍ਰੋਧ ਅਤੇ ਅਹੰਕਾਰ ਛੱਡ ਦੇਹ।੨। ਮਨੁੱਖ ਧਾਰਮਿਕ ਰਸਮਾਂ ਕਰਦੇ ਕਰਦੇ ਹਉਮੈ ਵਿਚ ਬੱਝੇ ਪਏ ਹਨ, ਅਤੇ ਰਲ ਕੇ ਪੱਥਰਾਂ ਦੀ ਹੀ ਪੂਜਾ ਕਰ ਰਹੇ ਹਨ ਪਰ ਇਹ ਸਭ ਕੁਝ ਵਿਅਰਥ ਹੈ।੩। ਹੇ ਕਬੀਰ! ਆਖ- ਪਰਮਾਤਮਾ ਬੰਦਗੀ ਕਰਨ ਨਾਲ ਹੀ ਮਿਲਦਾ ਹੈ, ਭੋਲੇ ਸੁਭਾਉ ਨਾਲ ਮਿਲਦਾ ਹੈ।੪।੬।

**ਸ਼ਬਦ ਦਾ ਭਾਵ: ਮਾਇਆ ਦੀ ਖਾਤਰ ਅਤੇ ਲੋਕ-ਵਿਖਾਵੇ ਦੀ ਖਾਤਰ ਮਨੁੱਖ ਜਪ, ਤਪ ਆਦਿਕ ਕਰਮ ਕਰਦੇ ਹਨ, ਤੇ ਸਿਆਣੇ ਬਣ ਬਣ ਕੇ ਵਿਖਾਉਂਦੇ ਹਨ – ਇਹ ਰੱਬ ਨੂੰ ਮਿਲਣ ਦਾ ਰਾਹ ਨਹੀਂ ਹੈ। ਜੇ ਪ੍ਰਭੂ ਨੂੰ ਮਿਲਣਾ ਹੈ ਤਾਂ ਉਸ ਦੀ ਭਗਤੀ ਕਰੋ ਤੇ ਬਾਲ-ਬੁੱਧ ਰਹੋ।**

ਨੋਟ: ਭੋਲੇ ਸੁਭਾਉ (ਇਨਨੋਚeਨਚe) ਅਤੇ ਅਗਿਆਨਤਾ, ਨਾਵਾਕਫੀਅਤ (ਗਿਨੋਰਅਨਚe) ਵਿਚ ਫਰਕ ਸਮਝਣ ਦੀ ਲੋੜ ਹੈ। ਕਿਸੇ 'ਮੂਰਤੀ' ਨੂੰ ਪਰਮਾਤਮਾ ਸਮਝਣਾ ਇਹ ਭੋਲਾ ਸੁਭਾਉ ਨਹੀਂ ਹੈ, ਇਹ ਅਗਿਆਨਤਾ ਹੈ।

ਭਗਤ ਕਬੀਰ ਜੀ ਇਹ ਵੀ ਸਪਸ਼ਟ ਕਰਦੇ ਹਨ ਕਿ ਰੀਤੀ ਰਿਵਾਜਾਂ ਦਾ ਅਭਿਆਸ ਫ਼ਜ਼ੂਲ ਹੈ ਜਦ ਤਕ ਕਿ ਇਨਸਾਨ ਦੇ ਮਨ ਦੇ ਅੰਦਰ ਬਦਲਾਅ ਨਹੀਂ ਹੁੰਦਾ ਅਤੇ ਮਨ ਹਉਮੈ ਤੋਂ ਰਹਿਤ ਨਹੀਂ ਬਣਦਾ। ਕਬੀਰ ਜੀ ਬੁੱਤ-ਪੂਜਾ ਦੇ ਵਿਰੋਧੀ ਸਨ। ਉਹ ਫੁੱਲਾਂ ਨੂੰ ਤੋੜ ਕੇ ਇਕ ਪੱਥਰ ਦੇ ਬੁੱਤ ਦੀ ਪੂਜਾ ਕਰਨ ਦੇ ਰਿਵਾਜ ਪ੍ਰਤੀ ਟਿਪਣੀ ਕਰਦੇ ਹਨ:

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥

ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥੧॥

**ਭੂਲੀ ਮਾਲਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥੧॥ ਰਹਾਉ॥**

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ॥

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ॥੨॥

ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥ **ਆਸਾ ਸ੍ਰੀ ਕਬੀਰ**, ਅੰਕ ੪੭੯

**ਸਰਲ ਅਰਥ:** ਮੂਰਤੀ ਅੱਗੇ ਭੇਟ ਧਰਨ ਲਈ ਮਾਲਣ ਪੱਤਰ ਤੋੜਦੀ ਹੈ, ਪਰ ਇਹ ਨਹੀਂ ਜਾਣਦੀ ਕਿ ਹਰੇਕ ਪੱਤਰ ਵਿਚ ਜਿੰਦ ਹੈ। ਜਿਸ ਪੱਥਰ ਦੀ ਮੂਰਤੀ ਦੇ ਖ਼ਾਤਰ ਮਾਲਣ ਪੱਤਰ ਤੋੜਦੀ ਹੈ, ਉਹ ਪੱਥਰ ਦੀ ਮੂਰਤੀ ਨਿਰਜਿੰਦ ਹੈ।੧। **ਇਕ ਨਿਰਜਿੰਦ ਮੂਰਤੀ ਦੀ ਸੇਵਾ ਕਰ ਕੇ ਇਸ ਤਰ੍ਹਾਂ ਇਹ ਮਾਲਣ ਭੁੱਲ ਰਹੀ ਹੈ, ਅਸਲੀ ਇਸ਼ਟ ਸਤਿਗੁਰੂ ਤਾਂ ਜੀਉਂਦਾ ਜਾਗਦਾ ਦੇਵਤਾ ਹੈ।੧।ਰਹਾਉ।** ਹੇ ਮਾਲਣ! ਪੱਤਰ ਬ੍ਰਹਮਾ-ਰੂਪ ਹਨ, ਡਾਲੀ ਵਿਸ਼ਨੂ-ਰੂਪ ਅਤੇ ਫੁੱਲ ਸ਼ਿਵ-ਰੂਪ। ਇਹਨਾਂ ਤਿੰਨ ਦੇਵਤਿਆਂ ਨੂੰ ਤਾਂ ਤੂੰ ਆਪਣੇ ਸਾਹਮਣੇ ਨਾਸ ਕਰ ਰਹੀ ਹੈਂ, ਫਿਰ ਸੇਵਾ ਕਿਸ ਦੀ ਕਰਦੀ ਹੈਂ?।੨। ਮੂਰਤੀ ਘੜਨ ਵਾਲੇ ਨੇ ਪੱਥਰ ਘੜ ਕੇ, ਤੇ ਘੜਨ ਵੇਲੇ ਮੂਰਤੀ ਦੀ ਛਾਤੀ ਉੱਤੇ ਪੈਰ ਰੱਖ ਕੇ ਮੂਰਤੀ ਤਿਆਰ ਕੀਤੀ ਹੈ। ਜੇ ਇਹ ਮੂਰਤੀ ਹੀ ਅਸਲੀ ਦੇਵਤਾ ਹੈ ਤਾਂ ਇਸ ਨਿਰਾਦਰੀ ਦੇ ਕਾਰਨ ਘੜਨ ਵਾਲੇ ਨੂੰ ਹੀ ਖਾ ਜਾਂਦੀ।੩। ਭੱਤ, ਦਾਲ, ਲੱਪੀ ਅਤੇ ਮੁਰਕਣੀ ਪੰਜੀਰੀ ਤਾਂ ਛਕਣ ਵਾਲਾ ਪੁਜਾਰੀ ਹੀ ਛਕ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿਚ ਕੁਝ ਭੀ ਨਹੀਂ ਪੈਂਦਾ ਕਿਉਂਕਿ ਇਹ ਤਾਂ ਨਿਰਜਿੰਦ ਹੈ, ਖਾਵੇ ਕਿਵੇਂ?।੪। ਹੇ ਕਬੀਰ! ਆਖ – ਮਾਲਣ ਮੂਰਤੀ ਪੂਜਣ ਦੇ ਭੁਲੇਖੇ ਵਿਚ ਪਈ ਹੈ, ਜਗਤ ਭੀ ਇਹੀ ਟਪਲਾ ਖਾ ਰਿਹਾ ਹੈ, ਪਰ ਅਸਾਂ ਇਹ ਗ਼ਲਤੀ ਨਹੀਂ ਖਾਧੀ, ਕਿਉਂਕਿ ਪਰਮਾਤਮਾ ਨੇ ਆਪਣੀ ਮਿਹਰ ਕਰ ਕੇ ਸਾਨੂੰ ਇਸ ਭੁਲੇਖੇ ਤੋਂ ਬਚਾ ਲਿਆ ਹੈ।੫।੧।੧੪।

ਸ਼ਬਦ ਦਾ ਭਾਵ: ਪਰਮਾਤਮਾ ਹਮੇਸ਼ਾ ਹੀ ਸਰਵ-ਸਜੀਵ ਹੈ। ਜਿਹੜਾ ਜੀਵ ਇਕ ਨਿਰਜੀਵ ਬੁੱਤ ਦੀ ਪੂਜਾ ਕਰਦਾ ਹੈ, ਉਹ ਆਪਣੇ ਆਪ ਨੂੰ ਧੋਖਾ ਦੇਂਦਾ ਹੈ।

ਭਗਤ ਕਬੀਰ ਜੀ ਪਰਮਾਤਮਾ ਦੇ ਸਰਵ-ਵਿਆਪਕ ਅਤੇ ਅਕਾਲ ਮੂਰਤ ਹੋਣ ਵਿਚ ਵਿਸ਼ਵਾਸ ਕਰਦੇ ਸਨ। ਉਸਨੂੰ ਰੀਤੀ ਰਿਵਾਜਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

*******************

# ੩. ਭਗਤ ਕਬੀਰ ਜੀ ਦਾ ਰੀਤੀ ਰਿਵਾਜਾਂ ਨੂੰ ਵੰਗਾਰਣਾ

## ਜਨੇਊ ਦਾ ਧਾਗਾ ਪਹਿਨ ਕੇ ਪਵਿੱਤਰ ਨਹੀਂ ਹੋਇਆ ਜਾ ਸਕੀਦਾ

ਬ੍ਰਾਹਮਣ ਆਪਣੇ ਹਿਤਾਂ ਕਾਰਣ ਆਪਣੀ ਉਚ-ਜਾਤੀ ਦਾ ਦਿਖਾਵਾ ਕਰਦੇ ਹਨ ਅਤੇ ਬਾਹਰੀ ਚਿੰਨ੍ਹ ਧਾਰਨ ਕਰਦੇ ਹਨ। ਬ੍ਰਾਹਮਣ ਅਤੇ ਖੱਤਰੀ ਆਪਣੇ ਮੱਥੇ ਤੇ ਕੇਸਰ ਦਾ ਟਿੱਕਾ ਲਗਾਉਂਦੇ ਹਨ ਅਤੇ ਆਪਣੇ ਧੱੜ ਦੁਆਲੇ ਸੂਤਰ ਦੇ ਧਾਗੇ ਦਾ ਜਨੇਊ ਪਹਿਨਦੇ ਹਨ। ਉਹ ਬਚਿਆਂ ਦੇ ਮੁੰਡਨ ਸਮੇਂ ਇਕ ਵਿਸ਼ੇਸ਼ ਧਾਰਮਿਕ ਰਸਮ ਕਰਦੇ ਹਨ ਜਿਸ ਨਾਲ ਉਹ ਬਾਲਗ ਹੋ ਕੇ ਵੱਡਿਆਂ ਨਾਲ ਧਾਰਮਿਕ ਰਸਮਾਂ ਅਤੇ ਰਿਵਾਜਾਂ ਵਿਚ ਹਿੱਸਾ ਲੈ ਸਕਦੇ ਹਨ। ਜਨੇਊ ਦਾ ਪਹਿਨਣਾ ਪਵਿਤ੍ਰ ਮੰਨਿਆ ਜਾਂਦਾ ਹੈ। 'ਸ਼ੂਦਰ' ਜਿਹੀ ਨੀਵੀਂ ਜਾਤੀ ਨਾਲ ਸਬੰਧ ਰਖਣ ਵਾਲੇ ਅਤੇ ਔਰਤਾਂ ਨੂੰ ਇਹ ਜਨੇਊ ਪਹਿਨਣਾ ਮਨ੍ਹਾਂ ਹੈ।

ਹਿੰਦੂ ਜਾਤ-ਪਰਣਾਲੀ ਵਿਚ ਵਿਸ਼ਵਾਸ ਕਰਦੇ ਹਨ, ਅਤੇ ਇਸ ਜਨੇਊ ਦਾ ਪਹਿਨਣਾ ਉਹਨਾਂ ਦੇ ਧਰਮ ਗ੍ਰੰਥਾਂ (ਵੇਦਾਂ) ਦੀ ਸਿਖਿਆ ਅਨੁਸਾਰ ਹੈ। ਭਗਤ ਕਬੀਰ ਜੀ ਇਸ ਧਾਰਮਿਕ ਵਿਸ਼ਵਾਸ ਨੂੰ ਨਹੀਂ ਮੰਨਦੇ। ਇਸ ਪ੍ਰਤੀ ਉਹਨਾਂ ਦਾ ਕਹਿਣਾ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਵਿਚ ਇਸਤਰ੍ਹਾਂ ਦਰਜ ਹੈ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥
ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥੧॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥
ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ॥੧॥ ਰਹਾਉ॥
ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥
ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ॥੨॥
ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥
ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥੩॥੪॥੨੬॥ ਆਸਾ, ਅੰਕ ੪੮੨

**ਸਰਲ ਅਰਥ:** ਹੇ ਝੱਲੇ ਬ੍ਰਾਹਮਣ! ਜੇ ਤੈਨੂੰ ਇਸ ਕਰਕੇ ਆਪਣੀ ਉੱਚੀ ਜਾਤ ਦਾ ਮਾਣ ਹੈ ਕਿ ਤੇਰੇ ਗਲ ਵਿਚ ਜਨੇਊ ਹੈ ਜੋ ਸਾਡੇ ਗਲ ਨਹੀਂ ਹੈ, ਤਾਂ ਵੇਖ, ਉਹੋ ਜਿਹਾ ਹੀ ਸਾਡੇ ਘਰ ਬਥੇਰਾ ਸੂਤਰ ਹੈ ਜਿਸ ਨਾਲ ਅਸੀਂ ਨਿੱਤ ਤਾਣਾ ਤਣਦੇ ਹਾਂ। ਤੇਰਾ ਵੇਦ ਆਦਿਕ ਪੜ੍ਹਨ ਦਾ ਮਾਣ ਭੀ ਕੂੜਾ, ਕਿਉਂਕਿ ਤੁਸੀ ਤਾਂ ਵੇਦ ਤੇ ਗਾਇਤ੍ਰੀ-ਮੰਤ੍ਰ ਨਿਰੇ ਜੀਭ ਨਾਲ ਹੀ ਉਚਾਰਦੇ ਹੋ, ਪਰ ਪਰਮਾਤਮਾ ਮੇਰੇ ਹਿਰਦੇ ਵਿਚ ਵੱਸਦਾ ਹੈ।੧। **ਹੇ ਕਮਲੇ ਬ੍ਰਾਹਮਣ! ਪ੍ਰਭੂ ਜੀ ਮੇਰੀ ਤਾਂ ਜੀਭ ਉੱਤੇ, ਮੇਰੀਆਂ ਅੱਖਾਂ ਵਿਚ ਤੇ ਮੇਰੇ ਦਿਲ ਵਿਚ ਵੱਸਦੇ ਹਨ। ਪਰ ਤੈਨੂੰ ਜਦੋਂ ਧਰਮਰਾਜ ਦੀ ਹਜ਼ੂਰੀ ਵਿਚ ਪ੍ਰਭੂ ਵਲੋਂ ਪੁੱਛ ਹੋਵੇਗੀ ਤਾਂ ਕੀਹ ਉੱਤਰ ਦੇਵੇਂਗਾ ਕਿ ਕੀਹ ਕਰਦਾ ਰਿਹਾ ਇੱਥੇ ਸਾਰੀ ਉਮਰ?।੧।ਰਹਾਉ।** ਕਈ ਜਨਮਾਂ ਤੋਂ ਤੁਸੀ ਲੋਕ ਸਾਡੇ ਰਾਖੇ ਬਣੇ ਆ ਰਹੇ ਹੋ, ਅਸੀਂ ਤੁਹਾਡੀਆਂ ਗਾਈਆਂ ਬਣੇ ਰਹੇ, ਤੁਸੀ ਸਾਡੇ ਖਸਮ ਗੁਆਲੇ ਬਣੇ ਰਹੇ। ਪਰ ਤੁਸੀ ਹੁਣ ਤਕ ਨਕਾਰੇ ਹੀ ਸਾਬਤ ਹੋਏ, ਤੁਸਾਂ ਕਦੇ ਭੀ ਸਾਨੂੰ ਨਦੀਓਂ ਪਾਰ ਲੰਘਾ ਕੇ ਨਾਹ ਚਾਰਿਆ ਭਾਵ, ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਵਾਲੀ ਕੋਈ ਮੱਤ ਨਾਹ ਦਿੱਤੀ।੨। ਇਹ ਠੀਕ ਹੈ ਕਿ ਤੂੰ ਕਾਂਸ਼ੀ ਦਾ ਬ੍ਰਾਹਮਣ ਹੈਂ ਭਾਵ, ਤੈਨੂੰ ਮਾਣ ਹੈ ਆਪਣੀ ਵਿੱਦਿਆ ਦਾ, ਜੋ ਤੂੰ ਕਾਂਸ਼ੀ ਵਿਚ ਹਾਸਲ ਕੀਤੀ, ਤੇ ਮੈਂ ਜਾਤ ਦਾ ਜੁਲਾਹ ਹਾਂ ਜਿਸ ਨੂੰ ਤੁਹਾਡੀ ਵਿੱਦਿਆ ਪੜ੍ਹਨ ਦਾ ਹੱਕ ਨਹੀਂ ਹੈ। ਪਰ, ਮੇਰੀ ਵਿਚਾਰ ਦੀ ਇਕ ਗੱਲ ਸੋਚ ਕਿ ਵਿੱਦਿਆ ਪੜ੍ਹ ਕੇ ਤੁਸੀ ਆਖ਼ਰ ਕਰਦੇ ਕੀਹ ਹੋ, ਤੁਸੀ ਤਾਂ ਰਾਜੇ ਰਾਣਿਆਂ ਦੇ ਦਰ ਤੇ ਮੰਗਦੇ ਫਿਰਦੇ ਹੋ, ਤੇ ਮੇਰੀ ਸੁਰਤਿ ਪ੍ਰਭੂ ਨਾਲ ਜੁੜੀ ਹੋਈ ਹੈ।੩।੪।

## ਗ੍ਰੰਥਾਂ ਦੀ ਪੜ੍ਹਾਈ ਕਰਨਾ

ਬ੍ਰਾਹਮਣ ਨੀਵੀ ਜਾਤੀ ਦੇ ਲੋਗਾਂ ਨੂੰ ਹਿੰਦੂ ਗ੍ਰੰਥ ਪੜ੍ਹਨ ਦੀ ਆਗਿਆ ਨਹੀਂ ਦਿੰਦੇ। ਉਹਨਾਂ ਦਾ ਦਾਅਵਾ ਸੀ ਕਿ ਅਧਿਆਤਮਿਕ ਬੁਲੰਦੀਆਂ ਗ੍ਰਹਿਣ ਕਰਨਾ ਅਤੇ ਸਤਿਕਾਰ ਹਾਸਲ ਕਰਨ ਦਾ ਹੱਕ ਸਿਰਫ਼ ਬ੍ਰਾਹਮਣਾਂ ਨੂੰ ਹੀ ਹੈ। ਇਸਤਰ੍ਹਾਂ ਉਹ 'ਉਚ-ਜਾਤੀਆਂ' ਦੇ ਸਥਾਨ ਨੂੰ ਸਦੀਵੀ ਸੁਰਖਿਅਤ ਰਖਦੇ ਸਨ। ਪਰ ਕਬੀਰ ਜੀ ਤਾਂ ਇਕ ਵਡਭਾਗੀ ਆਤਮਾ ਸਨ। ਉਹਨਾਂ ਨੇ ਨਾ ਸਿਰਫ਼ ਇਸ ਪ੍ਰਥਾ ਨੂੰ ਹੀ ਨਹੀਂ ਵੰਗਾਰਿਆ, ਪਰ ਇਹਨਾਂ ਸ਼ਬਦਾਂ ਵਿਚ ਪਮਾਤਮਾ ਦੇ ਸਹੀ ਕੰਮ ਵਲ ਵੀ ਇਸ਼ਾਰਾ ਕੀਤਾ:

**ਕੋਰੀ ਕੋ ਕਾਹੂ ਮਰਮੁ ਨ ਜਾਨਾਂ॥ ਸਭੁ ਜਗੁ ਆਨਿ ਤਨਾਇਓ ਤਾਨਾਂ॥੧॥ ਰਹਾਉ॥**

ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥ ਤਬ ਹਮ ਇਤਨਕੁ ਪਸਰਿਓ ਤਾਨਾਂ॥੧॥

ਧਰਨਿ ਅਕਾਸ ਕੀ ਕਰਗਹ ਬਨਾਈ॥ ਚੰਦੁ ਸੂਰਜੁ ਦੁਇ ਸਾਥ ਚਲਾਈ॥੨॥

ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ॥
ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ॥੩॥
ਕਹਤੁ ਕਬੀਰੁ ਕਾਰਗਹ ਤੋਰੀ॥ ਸੂਤੈ ਸੂਤ ਮਿਲਾਏ ਕੋਰੀ॥੪॥੩॥੩੬॥ ਆਸਾ, ਅੰਕ ੪੮੪

**ਸਰਲ ਅਰਥ:** ਹੇ ਪੰਡਿਤ ਜੀ! ਜਿਤਨਾ ਚਿਰ ਤੁਸੀ ਵੇਦ ਪੁਰਾਣ ਸੁਣਦੇ ਰਹੇ, ਮੈਂ ਉਤਨਾ ਚਿਰ ਥੋੜ੍ਹਾ ਜਿਹਾ ਤਾਣਾ ਤਣ ਲਿਆ ਭਾਵ, ਤੁਸੀ ਵੇਦ ਪੁਰਾਨਾਂ ਦੇ ਪਾਠੀ ਹੋਣ ਦਾ ਮਾਣ ਕਰਦੇ ਹੋ, ਪਰ ਤੁਸਾਂ ਇਸ ਵਿੱਦਿਆ ਨੂੰ ਉਸੇ ਤਰ੍ਹਾਂ ਰੋਜ਼ੀ ਲਈ ਵਰਤਿਆ ਹੈ ਜਿਵੇਂ ਮੈਂ ਤਾਣਾ ਤਣਨ ਤੇ ਕੰਮ ਨੂੰ ਵਰਤਦਾ ਹਾਂ, ਦੋਹਾਂ ਵਿਚ ਕੋਈ ਫ਼ਰਕ ਨਾਹ ਪਿਆ ਪਰ ਫਿਰ ਵਿਦਵਾਨ ਹੋਣ ਦਾ ਅਤੇ ਬ੍ਰਾਹਮਣ ਹੋਣ ਦਾ ਮਾਣ ਕੂੜਾ ਹੀ ਹੈ।੧। **ਤੁਸੀ ਸਾਰੇ ਮੈਨੂੰ 'ਜੁਲਾਹ ਜੁਲਾਹ' ਆਖ ਕੇ ਛੁਟਿਆਉਣ ਦੇ ਜਤਨ ਕਰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਕਿ ਪਰਮਾਤਮਾ ਭੀ ਜੁਲਾਹ ਹੀ ਹੈ ਤੁਸਾਂ ਕਿਸੇ ਨੇ ਉਸ ਜੁਲਾਹ ਦਾ ਭੇਤ ਨਹੀਂ ਪਾਇਆ, ਜਿਸ ਨੇ ਇਹ ਸਾਰਾ ਜਗਤ ਪੈਦਾ ਕਰ ਕੇ ਮਾਨੋ ਤਾਣਾ ਤਣ ਦਿੱਤਾ ਹੈ।੧।ਰਹਾਉ।** ਉਸ ਪ੍ਰਭੂ-ਜੁਲਾਹ ਨੇ ਧਰਤੀ ਤੇ ਅਕਾਸ਼ ਦੀ ਕੰਘੀ ਬਣਾ ਦਿੱਤੀ ਹੈ, ਚੰਦ ਅਤੇ ਸੂਰਜ ਨੂੰ ਉਹ ਉਸ ਕੰਘੀ ਦੇ ਨਾਲ ਨਾਲਾਂ ਬਣਾ ਕੇ ਵਰਤ ਰਿਹਾ ਹੈ।੨। ਜੁਲਾਹੇ ਦੇ ਪਊਇਆਂ ਦੀ ਜੋੜੀ ਉਸ ਜੁਲਾਹ-ਪ੍ਰਭੂ ਨੇ ਜਗਤ ਦੀ ਜਨਮ-ਮਰਨ ਦੀ ਖੇਡ ਰਚ ਦਿੱਤੀ ਹੈ, ਮੈਂ ਜੁਲਾਹੇ ਦਾ ਮਨ ਉਸ ਜੁਲਾਹ-ਪ੍ਰਭੂ ਵਿਚ ਟਿਕ ਗਿਆ ਹੈ, ਜਿਸ ਨੇ ਇਹ ਖੇਡ ਰਚੀ ਹੈ। ਮੈਂ ਜੁਲਾਹ ਨੇ ਉਸ ਜੁਲਾਹ-ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਆਪਣਾ ਹੀ ਘਰ ਲੱਭ ਲਿਆ ਹੈ, ਤੇ ਮੈਂ ਆਪਣੇ ਹਿਰਦੇ ਵਿਚ ਹੀ ਉਸ ਪਰਮਾਤਮਾ ਨੂੰ ਬੈਠਾ ਪਛਾਣ ਲਿਆ ਹੈ।੩। ਕਬੀਰ ਆਖਦਾ ਹੈ - ਜਦੋਂ ਉਹ ਜੁਲਾਹ ਇਸ ਜਗਤ-ਕੰਘੀ ਨੂੰ ਤੋੜ ਦੇਂਦਾ ਹੈ ਤਾਂ ਉਹ ਸੂਤਰ ਵਿਚ ਸੂਤਰ ਰਲਾ ਦੇਂਦਾ ਹੈ ਭਾਵ, ਸਾਰੇ ਜਗਤ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ।੪।੩। ੩੬।

ਆਪਣੇ ਜੀਵਨ ਕਾਲ ਵਿਚ ਭਗਤ ਕਬੀਰ ਜੀ ਨੇ ਪਰਮਾਤਮਾ ਦੀ ਹੋਂਦ ਦਾ ਐਲਾਨ ਕੀਤਾ। ਉਹਨਾਂ ਦਾ ਪੂਰਨ ਵਿਸ਼ਵਾਸ ਸੀ ਕਿ ਪ੍ਰਮਾਤਾਂ ਨੇ ਸਾਰੇ ਇਨਸਾਨ ਇਕੋ ਜਿਹੇ ਪੈਦਾ ਕੀਤੇ ਹਨ ਅਤੇ 'ਨੀਵੀਂ ਜਾਤੀ' ਵਿਚ ਜਨਮ ਹੋਣ ਕਰਕੇ ਕਿਸੇ ਨਾਲ ਵੀ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ।

*******************

# ੪. ਪਰਮਾਤਮਾ ਆਪਣੇ ਸ਼ਰਧਾਲੂਆਂ ਨੂੰ ਨਿਰਭੈ ਬਣਾਉਂਦਾ ਹੈ

ਭਗਤ ਕਬੀਰ ਜੀ ਨੇ ਆਪਣੇ ਸਾਰੇ ਜੀਵਨ ਕਾਲ ਵਿਚ ਨੀਵੀਂ ਜਾਤੀ ਵਾਲਿਆਂ ਨਾਲ ਧਾਰਮਿਕ ਸ਼ੋਸ਼ਣ ਅਤੇ ਇਸ ਨਾਲ ਸਬੰਧਤ ਰੀਤੀ ਰਿਵਾਜਾਂ ਦੀ ਵਰਤੋਂ ਕਰਨ ਵਾਲਿਆਂ ਪ੍ਰਤੀ ਵਿਰੋਧ ਕੀਤਾ। ਬਨਾਰਸ, ਜੋ ਕਿ ਹਿੰਦੂ ਧਰਮ ਦਾ ਬਹੁਤ ਪਵਿੱਤਰ ਕੇਂਦਰ ਮੰਨਿਆ ਜਾਂਦਾ ਹੈ, ਉਸ ਵਿਚ ਰਹਿੰਦਿਆਂ ਵੀ ਕਬੀਰ ਜੀ ਨੇ ਕਿਸੇ 'ਉਚ-ਜਾਤੀ' ਜਾਂ ਧਾਰਮਿਕ ਰੂਪ ਵਿਚ 'ਸੁਸ਼ੀਲ' ਲੋਕਾਂ ਤੋਂ ਕੋਈ ਡਰ ਭੈਅ ਨਹੀਂ ਸੀ ਦਿਖਾਇਆ। ਅਜਿਹੇ ਲੋਕਾਂ ਵਲੋਂ, ਵਿਸ਼ੇਸ਼ ਕਰਕੇ ਬ੍ਰਾਹਮਣ, ਜੋ ਉਸਦੇ ਵਿਚਾਰਾਂ ਦਾ ਵਿਰੋਧ ਕਰਦੇ ਸਨ, ਕਈ ਕਿਸਮ ਦੇ ਨੁਕਸਾਨਦੇਹ ਕਾਰਜ ਕਰਨ ਦੇ ਬਾਵਜੂਦ ਕਬੀਰ ਜੀ ਨਾ ਕਦੇ ਡਰੇ ਅਤੇ ਨਾ ਹੀ ਕਦੇ ਹੌਂਸਲਾ ਹਾਰੇ। ਮੁਸਲਮਾਨਾਂ ਵਲੋਂ ਪੱਖਪਾਤੀ ਵਿਹਾਰ ਕਾਰਨ ਵੀ ਉਹ ਕਦੇ ਨਹੀਂ ਡਰੇ। ਉਹ ਹਰ ਸਥਿਤੀ ਨੂੰ 'ਰੱਬ ਦਾ ਭਾਣਾ' ਸਮਝ ਕੇ ਸ਼ਾਂਤ ਰਹ ਕੇ ਸਾਹਮਣਾ ਕਰਦੇ ਸਨ। ਅਜਿਹੇ ਇਕ ਵਾਕਿਆ ਦਾ ਵਰਨਣ ਕਬੀਰ ਜੀ ਗੁਰੂ ਗ੍ਰੰਥ ਸਾਹਿਬ ਵਿਚਲੇ ਆਪਣੇ ਇਕ ਸ਼ਬਦ ਵਿਚ ਇੰਜ ਕਰਦੇ ਹਨ:

ਗੰਗ ਗੁਸਾਇਨਿ ਗਹਿਰ ਗੰਭੀਰ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥੧॥

**ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥**

**ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥**

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ॥੨॥

ਕਹਿ ਕੰਬੀਰ ਕੋਊ ਸੰਗ ਨ ਸਾਥ॥ ਜਲ ਥਲ ਰਾਖਨ ਹੈ ਰਘੁਨਾਥ॥੩॥੧੦॥੧੮॥

ਭੈਰਉ ਕਬੀਰ ਜੀ, ਅੰਕ ੧੧੬੨

**ਸਰਲ ਅਰਥ: ਹੇ ਭਾਈ! ਜਿਸ ਮਨੁੱਖ ਦਾ ਮਨ ਪ੍ਰਭੂ ਦੇ ਸੁਹਣੇ ਚਰਨਾਂ ਵਿਚ ਲੀਨ ਰਹੇ, ਉਸ ਦਾ ਮਨ ਕਿਸੇ ਕਸ਼ਟ ਵੇਲੇ ਡੋਲਦਾ ਨਹੀਂ, ਉਸ ਦੇ ਸਰੀਰ ਨੂੰ ਕਸ਼ਟ ਦੇ ਦੇ ਕੇ ਡਰਾਉਣ ਤੋਂ ਕੋਈ ਲਾਭ ਨਹੀਂ ਹੋ ਸਕਦਾ।ਰਹਾਉ।** ਇਹ ਵਿਰੋਧੀ ਲੋਕ ਮੈਨੂੰ ਕਬੀਰ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਮਾਤਾ ਵਿਚ ਡੋਬਣ ਲਈ ਲੈ ਗਏ ਭਾਵ, ਉਸ ਗੰਗਾ ਵਿਚ ਲੈ ਗਏ ਜਿਸ ਨੂੰ ਇਹ 'ਮਾਤਾ' ਆਖਦੇ ਹਨ ਤੇ ਉਸ ਮਾਤਾ ਕੋਲੋਂ ਜਾਨੋਂ ਮਰਵਾਣ ਦਾ ਅਪਰਾਧ ਕਰਾਣ ਲੱਗੇ।੧। ਪਰ ਡੁੱਬਣ ਦੇ ਥਾਂ ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜ਼ੰਜੀਰ ਟੁੱਟ ਗਈ, ਮੈਂ ਕਬੀਰ ਉਸ ਜਲ ਉੱਤੇ

ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗਛਾਲਾ ਉੱਤੇ ਬੈਠਾ ਹੋਇਆ ਹਾਂ।੨। ਕਬੀਰ ਆਖਦਾ ਹੈ– ਹੇ ਭਾਈ! ਤੁਹਾਡੇ ਮਿਥੇ ਹੋਏ ਕਰਮ-ਕਾਂਡ ਜਾਂ ਤੀਰਥ-ਇਸ਼ਨਾਨ ਕੋਈ ਭੀ ਸੰਗੀ ਨਹੀਂ ਬਣ ਸਕਦੇ, ਕੋਈ ਭੀ ਸਾਥੀ ਨਹੀਂ ਹੋ ਸਕਦੇ। ਪਾਣੀ ਤੇ ਧਰਤੀ ਹਰ ਥਾਂ ਇਕ ਪਰਮਾਤਮਾ ਹੀ ਰੱਖਣ-ਜੋਗ ਹੈ।੩।੧੦।੧੯।

ਗੁਰੂ ਗ੍ਰੰਥ ਸਾਹਿਬ ਵਿਚਲੇ ਇਕ ਹੋਰ ਸ਼ਬਦ ਵਿਚ ਦਰਸਾਏ ਭਗਤ ਕਬੀਰ ਜੀ ਨਾਲ ਵਾਪਰੀ ਇਕ ਜੀਵਨ-ਘਾਤਕ ਔਕੜ ਸਮੇਂ ਕਦੇ ਨਾ ਡੋਲਣ ਵਾਲੇ ਵਿਸ਼ਵਾਸ ਦਾ ਸ਼ਾਂਤਮਈ ਪ੍ਰਗਟਾਵਾ ਇਸ ਪ੍ਰਕਾਰ ਹੈ:

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥
ਹਸਤਿ ਭਾਗਿ ਕੈ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥੧॥
**ਆਹਿ ਮੇਰੇ ਠਾਕੁਰ ਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰੁ॥੧॥ ਰਹਾਉ॥**
ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥
ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥੨॥
ਕਿਆ ਅਪਰਾਧੁ ਸੰਤ ਹੈ ਕੀਨ੍ਹਾ॥ ਬਾਂਧਿ ਪੋਟ ਕੁੰਚਰ ਕਉ ਦੀਨ੍ਹਾ॥
ਕੁੰਚਰੁ ਪੋਟ ਲੈ ਲੈ ਨਮਸਕਾਰੈ॥ ਬੂਝੀ ਨਹੀ ਕਾਜੀ ਅੰਧਿਆਰੈ॥੩॥
ਤੀਨਿ ਬਾਰ ਪਤੀਆ ਭਰਿ ਲੀਨਾ॥ਮਨ ਕਠੋਰੁ ਅਜਹੂ ਨ ਪਤੀਨਾ॥
ਕਹਿ ਕਬੀਰ ਹਮਰਾ ਗੋਬਿੰਦੁ॥ ਚਉਥੇ ਪਦ ਮਹਿ ਜਨ ਕੀ ਜਿੰਦੁ॥੪॥੧॥੪॥

ਰਾਗੁ ਗੋਂਡ ਬਾਣੀ ਕਬੀਰ ਜੀਉ ਕੀ, ਅੰਕ ੮੭੦

**ਸਰਲ ਅਰਥ:** ਹੇ ਮੇਰੇ ਪ੍ਰਭੂ! ਕਾਜ਼ੀ ਤਾਂ ਕਹਿ ਰਿਹਾ ਹੈ ਕਿ ਇਸ ਕਬੀਰ ਉੱਤੇ ਹਾਥੀ ਚਾੜ੍ਹ ਦੇਹ, ਪਰ ਮੈਨੂੰ ਤੇਰਾ ਤਾਣ ਹੈ ਸੋ, ਤੇਰੀ ਬਰਕਤਿ ਨਾਲ ਮੈਨੂੰ ਕੋਈ ਫ਼ਿਕਰ ਨਹੀਂ ਹੈ ।੧।ਰਹਾਉ। ਮੇਰੀਆਂ ਬਾਹਾਂ ਬੰਨ੍ਹ ਕੇ ਢੇਮ ਵਾਂਗ ਮੈਨੂੰ ਇਹਨਾਂ ਲੋਕਾਂ ਹਾਥੀ ਅੱਗੇ ਸੁੱਟ ਦਿੱਤਾ ਹੈ, ਮਹਾਵਤ ਨੇ ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਉੱਤੇ ਸੱਟ ਮਾਰੀ ਹੈ। ਪਰ ਹਾਥੀ ਮੈਨੂੰ ਪੈਰਾਂ ਹੇਠ ਲਿਤਾੜਨ ਦੇ ਥਾਂ ਚੀਕਾਂ ਮਾਰ ਕੇ ਹੋਰ ਪਾਸੇ ਭੱਜਦਾ ਹੈ, ਜਿਵੇਂ ਆਖਦਾ ਹੈ - ਮੈਂ ਸਦਕੇ ਹਾਂ ਇਸ ਸੋਹਣੇ ਬੰਦੇ ਤੋਂ।੧। ਕਾਜ਼ੀ ਆਖਦਾ ਹੈ ਇਸ ਹਾਥੀ ਨੂੰ ਸੱਟ ਮਾਰ ਤੇ ਕਬੀਰ ਵਲ ਤੋਰ, ਨਹੀਂ ਤਾਂ ਮੈਂ ਤੇਰਾ ਸਿਰ ਉਤਰਾ ਦਿਆਂਗਾ। ਪਰ ਹਾਥੀ ਤੁਰਦਾ ਨਹੀਂ ਉਹ ਤਾਂ ਇਉਂ ਦਿੱਸਦਾ ਹੈ ਜਿਵੇਂ ਪ੍ਰਭੂ-ਚਰਨਾਂ ਵਿਚ ਮਸਤ ਹੈ ਜਿਵੇਂ ਉਸ ਦੇ ਹਿਰਦੇ ਵਿਚ ਪਰਮਾਤਮਾ ਪਰਗਟ ਹੋ ਕੇ ਵੱਸ ਰਿਹਾ ਹੈ।੨। ਮੇਰੀ ਪੋਟਲੀ ਬੰਨ੍ਹ ਕੇ ਇਹਨਾਂ ਮੈਨੂੰ ਹਾਥੀ ਅੱਗੇ ਸੁੱਟ ਦਿੱਤਾ, ਭਲਾ ਮੈਂ ਆਪਣੇ ਪ੍ਰਭੂ ਦੇ ਸੇਵਕ ਨੇ ਇਹਨਾਂ ਦਾ ਕੀਹ ਵਿਗਾੜ ਕੀਤਾ ਸੀ? ਪਰ ਕਾਜ਼ੀ ਨੂੰ ਤੁਅੱਸਬ ਦੇ ਹਨੇਰੇ ਵਿਚ ਇਹ ਸਮਝ ਹੀ ਨਹੀਂ ਆਈ, ਤੇ ਉਧਰ ਹਾਥੀ ਮੇਰੇ ਸਰੀਰ ਦੀ ਬਣੀ ਪੋਟਲੀ ਨੂੰ ਮੁੜ ਮੁੜ ਸਿਰ ਨਿਵਾ ਰਿਹਾ ਹੈ।੩। ਕਾਜ਼ੀ ਨੇ ਹਾਥੀ ਨੂੰ ਮੇਰੇ ਉਪਰ ਚਾੜ੍ਹ ਚਾੜ੍ਹ ਕੇ ਤਿੰਨ ਵਾਰੀ ਪਰਤਾਵਾ

ਲਿਆ, ਪਰ ਉਸ ਦੀ ਫਿਰ ਭੀ ਤਸੱਲੀ ਨਾਹ ਹੋਈ ਕਿਉਂਕਿ ਉਹ ਮਨ ਦਾ ਕਠੋਰ ਸੀ। ਕਬੀਰ ਆਖਦਾ ਹੈ-ਕਾਜ਼ੀ ਨੂੰ ਇਹ ਸਮਝ ਨਾਹ ਆਈ ਕਿ ਸਾਡਾ ਪ੍ਰਭੂ ਦੇ ਸੇਵਕਾਂ ਦਾ ਰਾਖਾ ਪਰਮਾਤਮਾ ਹੈ, ਪ੍ਰਭੂ ਦੇ ਦਾਸਾਂ ਦੀ ਜਿੰਦ ਸਦਾ ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ ਇਸ ਵਾਸਤੇ ਉਹਨਾਂ ਨੂੰ ਕੋਈ ਡਰਾ ਧਮਕਾ ਨਹੀਂ ਸਕਦਾ।੪।੧।੪।

ਸ਼ਬਦ ਦਾ ਭਾਵ: ਸਿਮਰਨ ਕਰਨ ਵਾਲੇ ਬੰਦਿਆਂ ਦੀ ਸੁਰਤ ਸਦਾ ਪ੍ਰਭੂ-ਚਰਨਾਂ ਵਿਚ ਰਹਿੰਦੀ ਹੈ, ਇਸ ਵਾਸਤੇ ਉਹਨਾਂ ਨੂੰ ਕੋਈ ਡਰਾ ਧਮਕਾ ਨਹੀਂ ਸਕਦਾ। ਉਹ ਪੂਰਨ ਤੌਰ ਤੇ ਨਿਰਭਉ ਹੋ ਜਾਂਦਾ ਹੈ।

ਇਹਨਾਂ ਰਚਨਾਵਾਂ ਨੂੰ ਜਦ ਸ਼ਾਬਦਿਕ ਰੂਪ ਵਿਚ ਪੜਿਆ ਜਾਂਏ ਤਾਂ ਭਗਤ ਕਬੀਰ ਜੀ ਦੇ ਨਿੱਜੀ ਤਜਰਬਿਆਂ ਨੂੰ ਮੰਨਣਾ ਅਤੇ ਵਿਸ਼ਵਾਸ ਕਰਨਾ ਮੁਸ਼ਕਲ ਹੋ ਜਾਂਦਾ ਹੈ। ਆਪਣੀ ਜਾਨ ਨੂੰ ਬਚਾਉਣ ਲਈ ਭਗਤ ਜੀ ਨੇ ਕੋਈ ਚਮਤਕਾਰ ਨਹੀਂ ਕੀਤਾ; ਨਾ ਹੀ ਕਿਸੇ ਰਾਜਾ ਜਾਂ ਦਰਸ਼ਕ ਨੂੰ ਪ੍ਰਭਾਵਤ ਕਰਨ ਲਈ ਜਾਂ ਉਹਨਾਂ ਨੂੰ ਆਪਣਾ ਸੇਵਕ/ਚੇਲਾ ਬਣਾਉਣ ਲਈ। ਕਬੀਰ ਜੀ ਇਹ ਸੰਦੇਸ਼ ਦੇਂਦੇ ਹਨ ਕਿ ਹਾਲਾਤ ਕਿਤਨੇ ਵੀ ਭਿਆਨਕ ਹੋਣ, ਪਰਮਾਤਮਾ ਵਿਚ ਵਿਸ਼ਵਾਸ ਕਦੇ ਨਹੀਂ ਡੋਲਣਾ ਚਾਹੀਦਾ। ਪਰਮਾਤਮਾ ਦਾ ਨਾਮ ਹਰ ਵੇਲੇ ਜਪਦੇ ਰਹਿਣਾ ਅਤੇ ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ।

******************

# ੫. ਆਤਮਾ ਦਾ ਪਰਮਾਤਮਾ ਨਾਲ ਮਿਲਾਪ

ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਅਤੇ ਭਗਤਾਂ ਦੇ ਕਈ ਸ਼ਬਦ ਹਨ ਜਿਹਨਾਂ ਵਿਚ ਇਕ ਸ਼ਰਧਾਲੂ ਅਤੇ ਪਰਮਾਤਮਾ ਦੇ ਸਬੰਧ ਨੂੰ ਪਤੀ-ਪਤਨੀ ਦੇ ਰਿਸ਼ਤੇ ਵਜੋਂ ਅਲੰਕਾਰਕ ਰੂਪ ਵਿਚ ਬਿਆਨਿਆ ਗਿਆ ਹੈ। ਕਬੀਰ ਜੀ ਇਸ ਅਲੰਕਾਰ ਨੂੰ ਕਈ ਤਰ੍ਹਾਂ ਵਰਤਦੇ ਹਨ, ਜਿਵੇਂ ਕਿ ਇਕ ਵਿਆਹੁਤਾ ਪੁਸ਼ਾਕ ਅਤੇ ਸ਼ਾਦੀ ਸਮੇਂ ਪ੍ਰਾਹੁਣਿਆਂ ਦੀ ਹੋਂਦ ਵਜੋਂ। ਕਬੀਰ ਜੀ ਆਪਣੇ ਆਪ ਨੂੰ ਇਕ ਦੁਲਹਨ ਅਤੇ ਪਰਮਾਤਮਾ ਨੂੰ ਦੁਲਹੇ ਵਜੋਂ ਦਰਸਾਂਦੇ ਹਨ।ਇਸ ਅਲੰਕਾਰ ਨੂੰ ਆਪਣੇ ਆਪ ਨੂੰ ਔਰਤ ਅਤੇ ਪਰਮਾਤਮਾ ਨੂੰ ਮਰਦ ਵਜੋਂ ਵੀ ਵਰਤਿਆ ਗਿਆ ਹੈ। ਉਹਨਾਂ ਦੀ ਸੋਚ ਅਨੁਸਾਰ, ਦੁਨੀਆਂ ਦੇ ਸਾਰੇ ਮਾਨਵ ਜੀਵ ਦੁਲਹਨ ਹਨ ਜਦ ਕਿ ਸਿਰਫ ਪਰਮਾਤਮਾ ਹੀ ਇਕ ਦੁਲਹਾ ਹੈ। ਜੀਵਨ ਦੇ ਮੰਤਵ ਦਾ ਇਹੀ ਇਕ ਅੰਤਮ ਐਲਾਨ ਹੈ - ਮਾਨਵ-ਜੀਵਾਂ ਦਾ ਪਰਮਾਤਮਾ ਦੀ ਪ੍ਰਾਪਤੀ ਕਰਨਾ।

ਕਬੀਰ ਜੀ ਦੀਆਂ ਰਚਨਾਵਾਂ ਪਰਮਾਤਮਾ ਨਾਲ ਮੇਲ ਜੋਲ ਹੋਣ ਦੇ ਤਜਰਬੇ ਦਾ ਪ੍ਰਗਟਾਵਾ ਹੈ। ਸ਼ਾਦੀ ਦੇ ਸਮੇਂ ਜਿਵੇਂ ਇਕ ਭਾਰਤੀ ਦੁਲਹਨ ਸ਼ਾਦੀ ਦਾ ਲਾਲ ਜੋੜਾ ਪਹਿਨਦੀ ਹੈ, ਕਬੀਰ ਜੀ ਕਹਿੰਦੇ ਹਨ ਕਿ ਉਹਨਾਂ ਨੇ ਆਪਣੇ ਆਪ ਨੂੰ ਲਾਲ ਰੰਗ ਵਿਚ ਰੰਗ ਲਿਆ ਹੈ। ਇਸ ਸਬੰਧ ਵਿਚ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਇਸਤਰ੍ਹਾਂ ਹੈ:

ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ॥<br>
ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ॥੧॥<br>
**ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥**<br>
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ ਰਹਾਉ॥**<br>
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥<br>
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ॥੨॥<br>
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥<br>
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥੩॥੨॥੨੪॥ ਆਸਾ, ਅੰਕ ੪੮੨

**ਸਰਲ ਅਰਥ:** ਹੇ ਨਵੀਓਂ ਵਹੁਟੀਓ! ਪ੍ਰਭੂ-ਪ੍ਰੀਤ ਵਿਚ ਰੰਗੇ ਹੋਏ ਗਿਆਨ-ਇੰਦ੍ਰਿਓ! ਤੁਸੀ ਮੁੜ ਮੁੜ ਸੁਹਾਗ ਦੇ ਗੀਤ ਗਾਓ, ਕਿਉਂਕਿ ਮੇਰੇ ਹਿਰਦੇ-ਘਰ ਵਿਚ ਮੇਰਾ ਪਤੀ ਜਗਤ ਦਾ ਮਾਲਕ-ਪਰਮਾਤਮਾ ਆਇਆ ਹੈ।੧।ਰਹਾਉ। ਮੈਂ ਆਪਣੇ ਸਰੀਰ ਨੂੰ ਆਪਣਾ ਮਨ ਰੰਗਣ ਲਈ ਰੰਗਣ ਵਾਲਾ ਭਾਂਡਾ ਬਣਾਇਆ ਹੈ, ਭਾਵ, ਮੈਂ ਆਪਣੇ ਮਨ ਨੂੰ ਬਾਹਰ ਭਟਕਣ ਤੋਂ ਵਰਜ ਕੇ ਸਰੀਰ ਦੇ

ਅੰਦਰ ਹੀ ਰੱਖ ਰਹੀ ਹਾਂ। ਮਨ ਨੂੰ ਮੈਂ ਭਲੇ ਗੁਣਾਂ ਦੇ ਰੰਗ ਨਾਲ ਰੰਗਿਆ ਹੈ, ਇਸ ਕੰਮ ਵਿਚ ਸਹਾਇਤਾ ਕਰਨ ਲਈ ਦਇਆ ਧਰਮ ਆਦਿਕ ਦੈਵੀ ਗੁਣਾਂ ਨੂੰ ਮੈਂ ਮੇਲੀ ਜਾਂਞੀ ਬਣਾਇਆ ਹੈ। ਹੁਣ ਮੈਂ ਜਗਤ-ਪਤੀ ਪਰਮਾਤਮਾ ਨਾਲ ਲਾਵਾਂ ਲੈ ਰਹੀ ਹਾਂ, ਤੇ ਮੇਰੀ ਆਤਮਾ ਉਸ ਪਤੀ ਦੇ ਪਿਆਰ ਵਿਚ ਰੰਗੀ ਗਈ ਹੈ।੧। ਸੁਆਸ ਸੁਆਸ ਉਸ ਦੀ ਯਾਦ ਵਿਚ ਗੁਜ਼ਾਰਨ ਨੂੰ ਮੈਂ ਵਿਆਹ ਲਈ ਵੇਦੀ ਬਣਾ ਲਿਆ ਹੈ, ਸਤਿਗੁਰੂ ਦਾ ਸ਼ਬਦ ਜੋ ਪ੍ਰਭੂ-ਪਤੀ ਨਾਲ ਜਾਣ-ਪਛਾਣ ਕਰਾਉਂਦਾ ਹੈ ਵਿਆਹ ਦਾ ਮੰਤ੍ਰ ਉਚਾਰਿਆ ਜਾ ਰਿਹਾ ਹੈ। ਮੇਰੇ ਅਜੇਹੇ ਭਾਗ ਜਾਗੇ ਹਨ ਕਿ ਮੈਨੂੰ ਜਗਤ ਦੇ ਮਾਲਕ-ਪਰਮਾਤਮਾ ਵਰਗਾ ਲਾੜਾ ਮਿਲ ਗਿਆ ਹੈ।੨। ਪ੍ਰਭੂ-ਚਰਨਾਂ ਵਿਚ ਉਡਾਰੀਆਂ ਲਾਣ ਵਾਲੇ ਮੇਰੇ ਸਤਸੰਗੀ ਮੇਰੇ ਵਿਆਹ ਦੀ ਮਰਯਾਦਾ ਕਰਨ ਆਏ ਹਨ। ਕਬੀਰ ਆਖਦਾ ਹੈ- ਮੈਨੂੰ ਹੁਣ ਇਕ ਪਰਮਾਤਮਾ ਪਤੀ ਵਿਆਹ ਕੇ ਲੈ ਚੱਲਿਆ ਹੈ।੩।੨। ੨੪।

**ਸ਼ਬਦ ਦਾ ਭਾਵ: ਜਦੋਂ ਕਿਸੇ ਦਾ ਮਨ ਪਰਮਾਤਮੂ ਵਿੱਚ ਜੁੜ ਜਾਂਦਾ ਹੈ ਤਾਂ ਉਹ ਇਤਨੀ ਖੁਸ਼ੀ ਮਹਸੂਸ ਕਰਦਾ ਹੈ ਜਿਤਨੀ ਇਕ ਨਵੀਂ ਵਿਆਹੀ ਵਹੁਟੀ। ਪੰਜ ਗਿਆਨ ਇੰਦ੍ਰੇ - ਅੱਖ, ਕੰਨ, ਨੱਕ, ਜੀਭ, ਅਤੇ ਸਪਰਸ਼ - ਇਤਨੀ ਖੁਸ਼ੀ ਮਹਸੂਸ ਕਰਦੇ ਹਨ ਜਿਵੇਂ ਨਵੀਂ ਵਿਆਹਿਆਂ ਕੁੜੀਆਂ ਸੁਹਾਗ ਦੇ ਗੀਤ ਗਾ ਰਹੀਆਂ ਹੋਣ।**

ਇਸ ਸ਼ਬਦ ਵਿਚ ਕਬੀਰ ਜੀ ਨੇ ਕਈ ਗੱਲਾਂ ਇਸ਼ਾਰੇ-ਮਾਤ੍ਰ ਆਖੀਆਂ ਹਨ; ਜਿਵੇਂ, ਪ੍ਰਭੂ-ਪਤੀ ਦੀ ਮਿਹਰ, ਤੇ ਸਤਿਗੁਰੂ ਦੇ ਸ਼ਬਦ ਦੀ ਬਰਕਤਿ। ਗੁਰੂ ਨਾਨਕ ਜੀ ਨੇ ਇਹਨਾਂ ਗੂੜ ਖ਼ਿਆਲਾਂ ਨੂੰ ਸਪੱਸ਼ਟ ਲਫ਼ਜ਼ਾਂ ਵਿਚ ਦੱਸ ਦਿੱਤਾ ਹੈ। *ਪਾਚਉ ਤਤ ਬਰਾਤੀ* ਵਿਚ ਭੀ ਸਿਰਫ਼ ਰਮਜ਼ ਹੀ ਦਿੱਤੀ ਹੈ। ਗੁਰੂ ਨਾਨਕ ਸਾਹਿਬ ਨੇ ਸਾਫ਼ ਕਹਿ ਦਿੱਤਾ ਹੈ- *ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ* ਇਸ ਵਿਆਹ-ਕਾਜ ਲਈ ਸਤ ਸੰਤੋਖ ਦਇਆ ਧਰਮ ਦੀ ਲੋੜ ਪੈਂਦੀ ਹੈ। ਉਹ ਸ਼ਬਦ ਇਸੇ ਹੀ ਰਾਗ ਵਿਚ ਇਉਂ ਹੈ:

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ॥

ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥੧॥

**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥**

**ਹਮਰੈ ਘਰਿ ਆਇਆ ਜਗਜੀਵਨੁ ਭਤਾਰੁ॥੧॥ ਰਹਾਉ॥**

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ॥੨॥

ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ॥

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥੩॥

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥

ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥੪॥੧੦॥ ਆਸਾ ਮ: ੧, ਅੰਕ ੩੫੧

ਸਰਲ ਅਰਥ: ਹੇ ਇਸਤ੍ਰੀਓ! ਹੇ ਮੇਰੇ ਗਿਆਨ-ਇੰਦ੍ਰਿਓ! ਚੰਗੇ ਮੰਦੇ ਦੀ ਪਰਖ ਦੀ ਵਿਚਾਰ ਪੈਦਾ ਕਰਨ ਵਾਲਾ ਗੀਤ ਮੁੜ ਮੁੜ ਗਾਵੋ ਹੇ ਮੇਰੀ ਜੀਭ! ਸਿਫ਼ਤਿ-ਸਾਲਾਹ ਵਿਚ ਜੁੜ; ਤਾਕਿ ਤੈਨੂੰ ਨਿੰਦਾ ਕਰਨ ਵਲੋਂ ਹਟਣ ਦੀ ਸੂਝ ਆ ਜਾਏ। ਹੇ ਮੇਰੇ ਕੰਨੋ! ਸਿਫ਼ਤਿ-ਸਾਲਾਹ ਦੇ ਗੀਤ ਸੁਣਦੇ ਰਹੋ, ਤਾਂ ਜੁ ਨਿੰਦਾ ਸੁਣਨ ਦੀ ਬਾਣ ਹਟੇ। ਸਾਡੇ ਘਰ ਵਿਚ ਮੇਰੇ ਹਿਰਦੇ-ਘਰ ਵਿਚ ਉਹ ਖਸਮ-ਪ੍ਰਭੂ ਆ ਵੱਸਿਆ ਹੈ ਜੋ ਸਾਰੇ ਜਗਤ ਦੀ ਜ਼ਿੰਦਗੀ ਦਾ ਆਸਰਾ ਹੈ।੧।ਰਹਾਉ। ਜਦੋਂ ਮੇਰਾ ਖਸਮ-ਪ੍ਰਭੂ ਮੈਨੂੰ ਜੀਵ-ਇਸਤ੍ਰੀ ਨੂੰ ਅਪਣਾ ਕੇ ਮੇਰੇ ਹਿਰਦੇ ਨੂੰ ਆਪਣੇ ਰਹਿਣ ਦਾ ਘਰ ਬਣਾ ਕੇ ਆਪਣੇ ਘਰ ਵਿਚ ਆ ਟਿਕਿਆ, ਤਾਂ ਮੇਰੀਆਂ ਸਹੇਲੀਆਂ ਨੇ ਮਿਲ ਕੇ ਜੀਭ, ਅੱਖਾਂ, ਕੰਨਾਂ ਆਦਿਕ ਨੇ ਰਲ ਕੇ ਪ੍ਰਭੂ-ਪਤੀ ਨਾਲ ਮੇਲ ਦੇ ਗੀਤ ਗਾਣੇ-ਸੁਣਨੇ ਸ਼ੁਰੂ ਕਰ ਦਿੱਤੇ। ਮੇਰਾ ਖਸਮ-ਪ੍ਰਭੂ ਮੈਨੂੰ ਵੀਆਹਣ ਆਇਆ ਹੈ ਮੈਨੂੰ ਆਪਣੇ ਚਰਨਾਂ ਵਿਚ ਜੋੜਨ ਆਇਆ ਹੈ। ਪ੍ਰਭੂ-ਮਿਲਾਪ ਲਈ ਇਹ ਉੱਦਮ ਵੇਖ ਕੇ ਮੇਰੇ ਮਨ ਵਿਚ ਆਨੰਦ ਪੈਦਾ ਹੋ ਗਿਆ ਹੈ।੧। ਗੁਰੂ ਦੀ ਸਰਨ ਪਿਆਂ ਸਾਡਾ ਇਹ ਵਿਆਹ ਹੋਇਆ ਗੁਰੂ ਨੇ ਮੈਨੂੰ ਪ੍ਰਭੂ-ਪਤੀ ਨਾਲ ਜੋੜਿਆ, ਜਦੋਂ ਮੈਨੂੰ ਖਸਮ-ਪ੍ਰਭੂ ਮਿਲ ਪਿਆ, ਤਦੋਂ ਮੈਨੂੰ ਸਮਝ ਪੈ ਗਈ ਕਿ ਉਹ ਪ੍ਰਭੂ ਜੀਵਨ-ਰੌ ਬਣ ਕੇ ਸਾਰੇ ਜਗਤ ਵਿਚ ਵਿਆਪਕ ਹੋ ਰਿਹਾ ਹੈ। ਮੇਰੇ ਅੰਦਰੋਂ ਆਪਾ-ਭਾਵ ਦੂਰ ਹੋ ਗਿਆ, ਮੇਰਾ ਮਨ ਉਸ ਪ੍ਰਭੂ-ਪਤੀ ਦੀ ਯਾਦ ਵਿਚ ਗਿੱਝ ਗਿਆ।੨। ਪ੍ਰਭੂ-ਪਤੀ ਜੀਵ-ਇਸਤ੍ਰੀ ਨੂੰ ਆਪਣੇ ਨਾਲ ਮਿਲਾਣ ਦਾ ਇਹ ਕੰਮ ਆਪਣਾ ਸਮਝਦਾ ਹੈ, ਤੇ ਆਪ ਹੀ ਇਸ ਕਾਰਜ ਨੂੰ ਸਿਰੇ ਚਾੜ੍ਹਦਾ ਹੈ, ਕਿਸੇ ਹੋਰ ਪਾਸੋਂ ਇਹ ਕੰਮ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਇਸ ਮੇਲ ਦੀ ਬਰਕਤਿ ਨਾਲ ਜੀਵ-ਇਸਤ੍ਰੀ ਦੇ ਅੰਦਰ ਸੇਵਾ ਸੰਤੋਖ ਦਇਆ ਧਰਮ ਆਦਿਕ ਗੁਣ ਪੈਦਾ ਹੁੰਦੇ ਹਨ। ਇਸ ਭੇਤ ਨੂੰ ਉਹੀ ਮਨੁੱਖ ਸਮਝਦਾ ਹੈ ਜੋ ਗੁਰੂ ਦੇ ਸਨਮੁਖ ਹੁੰਦਾ ਹੈ।੩। ਨਾਨਕ ਆਖਦਾ ਹੈ- ਭਾਵੇਂ ਜੀਕਰ ਪਰਮਾਤਮਾ ਹੀ ਸਭ ਜੀਵ-ਇਸਤ੍ਰੀਆਂ ਦਾ ਪਤੀ ਹੈ, ਫਿਰ ਭੀ ਜਿਸ ਉਤੇ ਮੇਹਰ ਦੀ ਨਿਗਾਹ ਕਰਦਾ ਹੈ ਜਿਸ ਦੇ ਹਿਰਦੇ ਵਿਚ ਆ ਕੇ ਪਰਗਟ ਹੁੰਦਾ ਹੈ ਉਹੀ ਭਾਗਾਂ ਵਾਲੀ ਹੁੰਦੀ ਹੈ।੪।੧੦।

ਭਗਤ ਕਬੀਰ ਜੀ ਨੇ ਇਹ ਵੀ ਐਲਾਨ ਕੀਤਾ ਹੈ ਕਿ ਇਸ ਸੰਪਰਕ ਨੇ ਉਹਨਾਂ ਨੂੰ ਪਰਮਾਤਮਾ ਦੇ ਨਾਲ ਬਿਲਕੁਲ ਇੱਕ-ਮਿੱਕ ਹੋਣ ਦੇ ਯੋਗ ਬਣਾਇਆ ਹੈ। ਹੁਣ ਉਹ ਸਵਰਗੀ ਅਨੰਦ ਲੈ ਰਹੇ ਹਨ ਅਤੇ ਜਨਮ-ਮਰਨ ਦੇ ਚੱਕਰ ਵਿੱਚ ਨਹੀਂ ਪੈਣਗੇ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਚਨਾ ਦਵਾਰਾ ਪਰਮਾਤਮਾ ਨਾਲ ਮਿਲਾਪ ਦੀ ਵਡਭਾਗੀ ਭਾਵਨਾ ਸਾਡੇ ਨਾਲ ਸਾਂਝੀ ਕਰਦੇ ਹਨ।

ਕੀਓ ਸਿੰਗਾਰੁ ਮਿਲਨ ਕੇ ਤਾਈ॥ ਹਰਿ ਨ ਮਿਲੇ ਜਗਜੀਵਨ ਗੁਸਾਈ॥੧॥

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ਰਾਮ ਬਡੇ ਮੈ ਤਨਕ ਲਹੁਰੀਆ॥੧॥ ਰਹਾਉ॥

ਧਨ ਪਿਰ ਏਕੈ ਸੰਗਿ ਬਸੇਰਾ॥ ਸੇਜ ਏਕ ਪੈ ਮਿਲਨੁ ਦੁਹੇਰਾ॥੨॥

ਧੰਨਿ ਸੁਹਾਗਨਿ ਜੋ ਪੀਅ ਭਾਵੈ॥ ਕਹਿ ਕਬੀਰ ਫਿਰਿ ਜਨਮਿ ਨ ਆਵੈ॥੩॥੮॥੩੦॥

ਆਸਾ, ਅੰਕ ੪੮੩

ਸਰਲ ਅਰਥ: ਪਰਮਾਤਮਾ ਮੇਰਾ ਖਸਮ ਹੈ, ਮੈਂ ਉਸ ਦੀ ਅੰਞਾਣ ਜਿਹੀ ਵਹੁਟੀ ਹਾਂ, ਮੇਰਾ ਉਸ ਨਾਲ ਮੇਲ ਨਹੀਂ ਹੁੰਦਾ ਕਿਉਂਕਿ ਮੇਰਾ ਖਸਮ-ਪ੍ਰਭੂ ਬਹੁਤ ਵੱਡਾ ਹੈ ਤੇ ਮੈਂ ਨਿੱਕੀ ਜਿਹੀ ਬਾਲੜੀ ਹਾਂ।੧।ਰਹਾਉ। ਮੈਂ ਪਤੀ-ਪ੍ਰਭੂ ਨੂੰ ਮਿਲਣ ਲਈ ਹਾਰ-ਸਿੰਗਾਰ ਲਾਇਆ, ਪਰ ਜਗਤ-ਦੇ-ਮਾਲਕ ਪ੍ਰਭੂ-ਪਤੀ ਜੀ ਮੈਨੂੰ ਮਿਲੇ ਨਹੀਂ।੧। ਮੈਂ ਜੀਵ-ਵਹੁਟੀ ਤੇ ਖਸਮ-ਪ੍ਰਭੂ ਦਾ ਵਸੇਬਾ ਇੱਕੋ ਥਾਂ ਹੀ ਹੈ, ਸਾਡੀ ਦੋਹਾਂ ਦੀ ਸੇਜ ਇੱਕੋ ਹੀ ਹੈ, ਪਰ ਫਿਰ ਭੀ ਉਸ ਨੂੰ ਮਿਲਣਾ ਬਹੁਤ ਔਖਾ ਹੈ।੨। ਕਬੀਰ ਆਖਦਾ ਹੈ- ਮੁਬਾਰਿਕ ਹੈ ਉਹ ਭਾਗਾਂ ਵਾਲੀ ਇਸਤ੍ਰੀ ਜੋ ਖਸਮ ਨੂੰ ਪਿਆਰੀ ਲੱਗਦੀ ਹੈ, ਉਹ ਜੀਵ-ਇਸਤ੍ਰੀ ਫਿਰ ਜਨਮ-ਮਰਨ ਵਿਚ ਨਹੀਂ ਆਉਂਦੀ।੩।੮।੩੦।

ਭਗਤ ਕਬੀਰ ਜੀ ਕਹਿੰਦੇ ਹਨ ਕਿ ਇਸ ਗਲਬਾਤ ਰਾਹੀਂ ਉਸਦਾ ਪਰਮਾਤਮਾ ਨਾਲ ਇਕ ਵਡਭਾਗੀ ਸਬੰਧ ਬਣ ਗਿਆ ਹੈ। ਹੁਣ ਉਹ ਇਲਾਹੀ ਅਨੰਦ ਲੈ ਰਹੇ ਹਨ ਅਤੇ ਉਹਨਾਂਦਾ ਮੁੜ ਜਨਮ-ਮਰਨ ਨਹੀਂ ਹੋਵੇਗਾ।

ਪੰਦਰਵੀ ਸਦੀ ਦੇ ਇਸ ਮਹਾਨ ਰੂਹਾਨੀ ਕਵੀ ਦੇ ਦਿਹਾਂਤ ਮਗਰੋਂ, ਉਹਨਾਂਦੀ ਮੌਤ ਦੀਆਂ ਅੰਤਮ ਰਸਮਾਂ ਕਰਨ ਹਿਤ ਹਿੰਦੂ ਅਤੇ ਮੁਸਲਮਾਨ ਦੋਨਾਂ ਵਿਚ ਤਕਰਾਰ ਹੋ ਗਿਆ, ਕਿਉਂਕਿ ਉਹਨਾਂਦਾ ਸੰਦੇਸ਼ ਇਹਨਾਂ ਦੋਨਾਂ ਧਰਮਾਂ ਵਿਚ ਗੂੰਜ ਰਿਹਾ ਸੀ। ਆਖਰਕਾਰ, ਉਹਨਾਂਦੀ ਯਾਦ ਵਿਚ ਇਕ ਮਕਬਰਾ ਅਤੇ ਇਕ ਸਮਾਧ ਦੀ ਉਸਾਰੀ ਕੀਤੀ ਗਈ, ਜਿਸਦਾ ਅੱਜ ਵੀ ਸਤਿਕਾਰ ਕੀਤਾ ਜਾਂਦਾ ਹੈ।

ਕਬੀਰ ਜੀ ਦੇ ਜੀਵਨ ਕਾਲ ਅਤੇ ਅੰਤਮ ਚਲਾਣੇ ਸਮੇਂ ਵੀ ਆਪ ਜੀ ਨੇ ਉਹਨਾਂ ਸਾਰਿਆਂ ਨੂੰ ਜੋੜਿਆ ਜਿਹੜੇ ਵੱਖ ਵੱਖ ਵਿਸ਼ਵਾਸਾਂ ਦੀ ਪਾਲਣਾ ਕਰਦੇ ਸਨ ਅਤੇ ਇਕ ਦੂਜੇ ਨੂੰ ਮਰਨ-ਮਾਰਨ ਤੱਕ ਤਿਆਰ ਹੋ ਜਾਂਦੇ ਸਨ।

*******************

# ੬. ਭਗਤ ਨਾਮਦੇਵ ਜੀ ਦਾ ਪਰਮਾਤਮਾ

ਭਗਤ ਨਾਮਦੇਵ ਜੀ (੧੨੭੦-੧੩੫੦ ਈ:) ਦਾ ਜਨਮ ਮਹਾਰਾਸ਼ਟਰ ਰਾਜ ਦੇ ਪਿੰਡ ਨਰਸੀ-ਬਾਮਨੀ ਵਿਚ ਹੋਇਆ, ਜਿਸਨੂੰ ਅੱਜ ਕਲ੍ਹ ਨਰਸੀ-ਨਾਮਦੇਉ ਕਿਹਾ ਜਾਂਦਾ ਹੈ। ਆਪ ਜੀ ਦੇ ਪਿਤਾ ਜੀ ਦਾ ਨਾਮ ਦਮਸ਼ੇਤ ਸੀ ਜੋ ਇਕ ਦਰਜੀ ਦਾ ਕੰਮ ਕਰਦੇ ਸਨ। ਆਪ ਜੀ ਦੀ ਮਾਤਾ ਦਾ ਨਾਮ ਗੋਨਾਬਾਈ ਸੀ।

ਭਗਤ ਨਾਮਦੇਵ ਜੀ ਦੇ ਬਹੁਤੇ ਅਧਿਆਤਮਿਕ ਸੰਦੇਸ਼, ਗੁਰੂ ਸਾਹਿਬਾਂ ਦੀ ਤਰ੍ਹਾਂ, 'ਗ੍ਰਹਸਥੀ' ਜੀਵਨ ਬਤੀਤ ਕਰਨ ਦੀ ਮਹੱਤਤਾ ਤੇ ਜ਼ੋਰ ਦਿੰਦੇ ਹਨ। ਉਹਨਾਂ ਦਾ ਵਿਸ਼ਵਾਸ ਸੀ ਕਿ ਪਰਵਾਰ ਵਿਚ ਰਹਿੰਦਿਆਂ ਇਕ ਸ਼ਾਦੀ-ਸ਼ੁਦਾ ਇਨਸਾਨ ਵੀ ਗਿਆਨ ਪ੍ਰਾਪਤ ਕਰ ਸਕਦਾ ਹੈ। ਇਹ ਵਿਸ਼ਵਾਸ ਉਸ ਹਿੰਦੂ ਰਵਾਇਤ ਦੇ ਵਿਪ੍ਰੀਤ ਸੀ ਕਿ ਅਧਿਆਤਮਿਕ ਮੁਕਤੀ ਪ੍ਰਾਪਤ ਕਰਨ ਲਈ ਦੁਨੀਆਂ ਦਾ ਤਿਆਗ ਕਰਨਾ ਜ਼ਰੂਰੀ ਹੈ। ਉਹਨਾਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸੱਚੇ ਮਨ ਨਾਲ ਸ਼ਰਧਾ-ਭਰਪੂਰ ਭਗਤੀ ਕਰਨ ਲਈ ਪਤੀ-ਪਤਨੀ ਨੂੰ ਮਿਲ ਕੇ ਪਰਮਾਤਮਾ ਦੇ ਇਲਾਹੀ ਅਨੰਦ ਦੀ ਭਾਲ ਕਰਨੀ ਚਾਹੀਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤ ਨਾਮਦੇਵ ਜੀ ਦੀਆਂ ਰਚਨਾਵਾਂ ਉਚੀ-ਨੀਵੀਂ ਜਾਤ-ਪਾਤ ਕਾਰਨ ਵਿਤਕਰਾ, ਕਰਮ-ਕਾਂਡ ਅਤੇ ਬੁੱਤ ਪੂਜਾ ਦਾ ਖੰਡਨ ਕਰਦੀਆਂ ਹਨ। ਉਹ ਇਕ ਪਰਮਾਤਮਾ ਵਿਚ ਵਿਸ਼ਵਾਸ ਦੇ ਧਾਰਣੀ ਸਨ ਜੋ ਸਰਬ-ਵਿਆਪਕ ਅਤੇ ਸਰਬ-ਗਿਆਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀਆਂ ਰਚਨਾਵਾਂ ਵਿਚ, ਨਾਮਦੇਵ ਜੀ ਨੇ ਪਰਮਾਤਮਾ ਨੂੰ ਵੱਖ ਵੱਖ ਨਾਵਾਂ ਨਾਲ ਸੰਬੋਧਨ ਕੀਤਾ ਹੈ, ਜਿਵੇਂ ਕਿ ਮਾਧੋ, ਕੇਸੋ, ਸਾਵਲ, ਰਾਮ, ਰਮਈਆ, ਅਤੇ ਬੀਠਲ ਆਦਿਕ।

## ਬੀਠਲ

ਕੁਝ ਲੋਕਾਂ ਦਾ ਇਸ ਬਾਰੇ ਗਲਤ ਵਿਚਾਰ ਹੈ ਕਿ ਨਾਮਦੇਵ ਜੀ ਨੇ 'ਬੀਠਲ' ਦਾ ਸ਼ਬਦ ਹਿੰਦੂ ਦੇਵਤਾ ਕ੍ਰਿਸ਼ਨ ਲਈ ਵਰਤਿਆ ਹੈ। ਅਸਲ ਵਿਚ ਉਹ 'ਬੀਠਲ' ਨਾਮ ਨਾਲ ਪਰਮਾਤਮਾ ਨੂੰ ਸੰਬੋਧਨ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਅਤੇ ਭਗਤਾਂ ਦੀਆਂ

ਰਚਨਾਵਾਂ ਵਿਚ ਪ੍ਰਚਲਤ ਸ਼ਬਦਾਵਲੀ ਰਾਹੀਂ ਪਰਮਾਤਮਾ ਨੂੰ ਸੰਬੋਧਨ ਕੀਤਾ ਗਿਆ ਹੈ। ਭਗਤ ਨਾਮਦੇਵ ਜੀ ਦੀਆਂ ਰਚਨਾਵਾਂ ਵਿਚੋਂ ਹੇਠ ਦਿਤੀਆਂ ਉਦਾਹਰਣਾਂ ਇਹ ਸਪਸ਼ਟ ਕਰਦੀਆਂ ਹਨ ਕਿ 'ਬੀਠਲ' ਸ਼ਬਦ ਉਹਨਾਂ ਪਰਮਾਤਮਾ ਲਈ ਹੀ ਵਰਤਿਆ ਹੈ:

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥੪॥੨॥ ਆਸਾ, ਅੰਕ ੪੮੫

**ਸਰਲ ਅਰਥ:** ਜਗਤ ਵਿਚ ਹੇਠਾਂ ਉਤਾਂਹ ਹਰ ਥਾਂ ਬੀਠਲ ਹੀ ਬੀਠਲ ਹੈ, ਬੀਠਲ ਤੋਂ ਸੱਖਣਾ ਜਗਤ ਰਹਿ ਹੀ ਨਹੀਂ ਸਕਦਾ। ਨਾਮਦੇਵ ਉਸ ਬੀਠਲ ਅੱਗੇ ਬੇਨਤੀ ਕਰਦਾ ਹੈ- ਹੇ ਬੀਠਲ! ਤੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਵਿਚ ਭਰਪੂਰ ਹੈਂ।੪।੨।

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ॥੧॥ ਰਹਾਉ॥......
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ॥
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ॥੫॥੩॥

**ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ**, ਅੰਕ ੬੯੩

**ਸਰਲ ਅਰਥ:** ਹੇ ਮੇਰੇ ਸੋਹਣੇ ਰਾਮ! ਤੇਰਾ ਨਾਮ ਸੋਹਣਾ ਹੈ, ਤੇਰਾ ਰੂਪ ਸੋਹਣਾ ਹੈ ਅਤੇ ਤੇਰਾ ਰੰਗ ਬਹੁਤ ਸੋਹਣਾ ਹੈ।੧।ਰਹਾਉ। ------------
ਜੋਗ ਸਾਧਨਾ ਕਰਨ ਵਾਲੇ, ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ ਤੇ ਸਾਰੇ ਮੁਨੀ ਸੋਹਣੇ ਰਾਮ ਦਾ ਦਰਸ਼ਨ ਕਰਨਾ ਚਾਹੁੰਦੇ ਹਨ, ਪਰ ਕਿਸੇ ਵਿਰਲੇ ਨੂੰ ਦੀਦਾਰ ਹੁੰਦਾ ਹੈ; ਹੇ ਮੇਰੇ ਸੋਹਣੇ ਰਾਮ! ਜਿਵੇਂ ਸਾਰੇ ਭਵਨਾਂ ਦੇ ਜੀਵਾਂ ਨੂੰ ਤੇਰਾ ਨਾਮ ਪਿਆਰਾ ਹੈ, ਤਿਵੇਂ ਹੀ ਮੈਂ ਨਾਮੇ ਦੇ ਮਨ ਵਿਚ ਭੀ ਤੂੰ ਬੀਠੁਲ ਪਿਆਰਾ ਹੈਂ।੫।੩।

ਭਗਤ ਨਾਮਦੇਵ ਜੀ 'ਰਹਾਉ' ਤੁਕ ਵਿਚ 'ਰਾਮਈਆ' ਅਤੇ ਅੰਤਲੀ ਤੁਕ ਵਿਚ 'ਬੀਠਲਾ' ਸ਼ਬਦ ਦੀ ਵਰਤੋਂ ਕਰਦੇ ਹਨ। ਇਹ ਦੋਵੇਂ ਸ਼ਬਦ ਪਰਮਾਤਮਾ ਦੇ ਸੂਚਕ ਹਨ।

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ ਰਹਾਉ॥---------
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥ ਬਿਲਾਵਲੁ ਗੌਂਡ, ਅੰਕ ੮੭੪

ਸਰਲ ਅਰਥ: ਹੇ ਪਾਂਡੇ! ਮੈਂ ਤਾਂ ਇਸੇ ਜਨਮ ਵਿਚ ਪਰਮਾਤਮਾ ਦਾ ਦਰਸ਼ਨ ਕਰ ਲਿਆ ਹੈ ਪਰ ਤੂੰ ਮੂਰਖ ਹੀ ਰਹਿਓ ਤੈਨੂੰ ਦਰਸ਼ਨ ਨਹੀਂ ਹੋਇਆ; ਆ ਮੈਂ ਤੈਨੂੰ ਮੂਰਖ ਨੂੰ ਸਮਝਾਵਾਂ ਕਿ ਤੈਨੂੰ ਦਰਸ਼ਨ ਕਿਉਂ ਨਹੀਂ ਹੁੰਦਾ ।੧।ਰਹਾਉ।------------
ਮੈਂ ਨਾਮਦੇਵ ਉਸ ਪਰਮਾਤਮਾ ਦਾ ਸਿਮਰਨ ਕਰਦਾ ਹਾਂ ਜਿਸ ਦਾ ਨਾਹ ਕੋਈ ਖ਼ਾਸ ਮੰਦਰ ਹੈ ਤੇ ਨਾ ਮਸਜਿਦ।੪।੩।੭।

ਭਗਤ ਨਾਮਦੇਵ ਜੀ ਇਹ ਵੀ ਸਪਸ਼ਟ ਕਰਦੇ ਹਨ ਕਿ ਉਹਨਾਂ ਦਾ 'ਬੀਠਲ' ਨਾ ਤਾਂ ਮੰਦਰ ਵਿਚ ਰਹਿੰਦਾ ਹੈ ਅਤੇ ਨਾ ਹੀ ਮਸਜਿਦ ਵਿਚ। ਉਹ ਸਰਬ-ਵਿਆਪਕ ਹੈ। ਭਗਤ ਜੀ ਕਹਿੰਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਦੋਨੋ ਹੀ ਅਗਿਆਨਤਾ ਵਿਚ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਪਰਮਾਤਮਾ ਉਹਨਾਂ ਦੇ ਪੂਜਾ-ਸਥਾਨਾਂ ਵਿਚ ਹੀ ਵਸਦਾ ਹੈ। ਭਗਤ ਨਾਮਦੇਵ ਜੀ ਦੇ ਅਨੁਸਾਰ, ਹਿੰਦੂਆਂ ਨੇ ਆਪਣੇ ਦੇਵਤਿਆਂ ਬਾਰੇ ਨਿਰ-ਆਧਾਰ ਕਹਾਣੀਆਂ ਘੜੀਆਂ ਹੋਈਆਂ ਸਨ।

ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਨੇ ਵੀ ਪਰਮਾਤਮਾ ਵਜੋਂ 'ਬੀਠਲ' ਸ਼ਬਦ ਦੀ ਵਰਤੋਂ ਕੀਤੀ ਹੈ। ਹੇਠ ਦਿਤੀਆਂ ਉਦਾਹਰਣਾਂ ਤੋਂ ਇਹ ਸਪਸ਼ਟ ਹੈ:

੧. ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ॥
ਰਸ ਰੂਪ ਰੰਗ ਅਨੰਤ **ਬੀਠਲ** ਸਾਸਿ ਸਾਸਿ ਧਿਆਇਣਾ॥

**ਰਾਮਕਲੀ ਮਹਲਾ** ੫, ਅੰਕ ੯੨੫

**ਸਰਲ ਅਰਥ:** ਹੇ ਭਾਈ! ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ-ਖ਼ਜ਼ਾਨਾ ਵੱਸ ਰਿਹਾ ਹੈ, ਉਹਨਾਂ ਵਾਸਤੇ ਨਾਰਾਇਣ ਦਾ ਨਾਮ ਜਪਣਾ ਹੀ ਦੁਨੀਆ ਦੇ ਰਸਾਂ ਭੋਗਾਂ ਦਾ ਮਾਣਨਾ ਹੈ। ਹੇ ਭਾਈ! ਬੇਅੰਤ ਅਤੇ ਨਿਰਲੇਪ ਪ੍ਰਭੂ ਦਾ ਨਾਮ ਹਰੇਕ ਸਾਹ ਦੇ ਨਾਲ ਜਪਦੇ ਰਹਿਣਾ ਹੀ ਉਹਨਾਂ ਵਾਸਤੇ ਦੁਨੀਆ ਦੇ ਰੂਪ ਰਸ ਅਤੇ ਰੰਗ-ਤਮਾਸ਼ੇ ਹੈ।

੨. ਸਭ ਦਿਨ ਕੇ ਸਮਰਥ ਪੰਥ **ਬਿਠੁਲੇ** ਹਉ ਬਲਿ ਬਲਿ ਜਾਉ॥
ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ॥੧॥ ਰਹਾਉ॥

**ਦੇਵਗੰਧਾਰੀ ਮ:੫**, ਅੰਕ ੫੩੬

**ਸਰਲ ਅਰਥ: ਹੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ ਪ੍ਰਭੂ! ਮੇਹਰ ਕਰ, ਮੈਂ ਤੇਰੇ ਉਹਨਾਂ ਸੰਤਾਂ ਦੇ ਚਰਨਾਂ ਵਿਚ ਪਿਆ ਰਹਾਂ, ਤੇ ਉਹਨਾਂ ਸੰਤਾਂ ਤੋਂ ਸਦਕੇ ਜਾਂਦਾ ਰਹਾਂ, ਜੋ ਤੇਰੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦੇ ਰਹਿੰਦੇ ਹਨ, ਜੋ ਤੈਨੂੰ ਚੰਗੇ ਲੱਗਦੇ ਹਨ, ਤੇ, ਜੋ ਸਦਾ ਹੀ ਜੀਵਨ-ਰਾਹ ਦੱਸਣ ਦੇ ਸਮਰੱਥ ਹਨ।੧।ਰਹਾਉ।**

੩. ਐਸੋ ਪਰਚਉ ਪਾਇਓ॥
ਕਰੀ ਕ੍ਰਿਪਾ ਦਇਆਲ **ਬੀਠੁਲੈ** ਸਤਿਗੁਰ ਮੁਝਹਿ ਬਤਾਇਓ॥੧॥ ਰਹਾਉ॥

**ਗਉੜੀ ਮਹਲਾ** ੫, ਅੰਕ ੨੦੫

**ਸਰਲ ਅਰਥ: ਪਰਮਾਤਮਾ ਨਾਲ ਮੇਰੀ ਇਹੋ ਜਿਹੀ ਸਾਂਝ ਬਣ ਗਈ ਕਿ ਉਸ ਮਾਇਆ ਦੇ ਪ੍ਰਭਾਵ ਤੋਂ ਪਰੇ ਟਿਕੇ ਹੋਏ ਦਿਆਲ ਪ੍ਰਭੂ ਨੇ ਮੇਰੇ ਉਤੇ ਕਿਰਪਾ ਕੀਤੀ ਤੇ ਮੈਨੂੰ ਗੁਰੂ ਦਾ ਪਤਾ ਦੱਸ ਦਿੱਤਾ।੧।ਰਹਾਉ।**

੪. ਜੀਵਤੁ ਰਾਮ ਕੇ ਗੁਣ ਗਾਇ॥ **ਸਾਰੰਗ ਮਹਲਾ**
ਕਰਹੁ ਕ੍ਰਿਪਾ ਗੋਪਾਲ **ਬੀਠੁਲੇ** ਬਿਸਰਿ ਨ ਕਬ ਹੀ ਜਾਇ॥੧॥ਰਹਾਉ॥ **੫** , ਅੰਕ ੧੨੨੩

**ਸਰਲ ਅਰਥ: ਹੇ ਭਾਈ! ਪਰਮਾਤਮਾ ਦੇ ਗੁਣ ਗਾ ਗਾ ਕੇ ਮਨੁੱਖ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ। ਹੇ ਸ੍ਰਿਸ਼ਟੀ ਦੇ ਪਾਲਕ! ਹੇ ਨਿਰਲੇਪ ਪ੍ਰਭੂ! ਮੇਰੇ ਉੱਤੇ ਮਿਹਰ ਕਰ, ਮੈਨੂੰ ਤੇਰਾ ਨਾਮ ਕਦੇ ਭੀ ਨਾਹ ਭੁੱਲੇ।੧।ਰਹਾਉ।**

ਗੁਰੂਆਂ ਦੀ ਤਰ੍ਹਾਂ, ਭਗਤ ਨਾਮਦੇਵ ਜੀ ਨੇ ਪਰਮਾਤਮਾ ਲਈ ਅਨੇਕਾਂ ਸ਼ਬਦ ਵਰਤੇ ਹਨ। 'ਬੀਠਲ' ਉਹਨਾਂ ਵਿਚੋਂ ਇਕ ਹੈ। ਇਹ ਸਰਬ-ਵਿਆਪਕ ਪਰਮਾਤਮਾ ਪ੍ਰਤੀ ਹੀ ਵਰਤਿਆ ਗਿਆ ਹੈ।

*******************

# ੭. ਭਗਤ ਨਾਮਦੇਵ ਜੀ ਦਾ ਦੁੱਧ ਪੀਂਦਾ ਪਰਮਾਤਮਾ

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੇ ਹੇਠ ਦਿਤੇ ਸ਼ਬਦ ਤੋਂ ਇਹ ਭੁਲੇਖਾ ਲਗਦਾ ਹੈ ਕਿ ਉਹ ਇਕ ਬੁੱਤ ਨੂੰ 'ਦੁੱਧ ਪੀਣ' ਲਈ ਕਿਹ ਰਹੇ ਹਨ ਤਾਂਕਿ ਉਹ ਪਰਮਾਤਮਾ ਦੇ ਦਰਸ਼ਨ ਕਰ ਸਕਨ।

ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥

**ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥**

**ਨਾਹੀ ਤ ਘਰ ਕੋ ਬਾਪੁ ਰਿਸਾਇ॥੧॥ ਰਹਾਉ॥**

ਸੁੋਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥

ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥

ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥੪॥੩॥

ਭੈਰਉ ਬਾਣੀ ਨਾਮਦੇਉ ਜੀਉ ਕੀ, ਅੰਕ ੧੧੬੩

**ਸਰਲ ਅਰਥ: ਹੇ ਪਰਕਾਸ਼-ਰੂਪ ਗੋਬਿੰਦ! ਦੁੱਧ ਪੀ ਲੈ ਤਾਂ ਜੋ ਮੇਰੇ ਮਨ ਨੂੰ ਠੰਢ ਪਏ; ਹੇ ਗੋਬਿੰਦ! ਜੇ ਦੁੱਧ ਨਹੀਂ ਪੀਏਂਗਾ ਤਾਂ ਮੇਰੀ ਆਤਮਾ ਦੁਖੀ ਹੋਵੇਗੀ।੧।ਰਹਾਉ।** ਹੇ ਗੋਬਿੰਦ ਰਾਇ! ਤੇਰੇ ਸੇਵਕ ਨਾਮੇ ਨੇ ਗੋਰੀ ਗਾਂ ਚੋ ਕੇ ਲਿਆਂਦੀ ਹੈ, ਗੜਵੇ ਵਿਚ ਪਾਣੀ ਪਾਇਆ ਹੈ ਤੇ ਕਟੋਰੇ ਵਿਚ ਦੁੱਧ ਪਾਇਆ ਹੈ।੧। ਨਾਮ-ਅੰਮ੍ਰਿਤ ਦੀ ਭਰੀ ਹੋਈ ਪਵਿੱਤਰ ਹਿਰਦਾ-ਰੂਪ ਕਟੋਰੀ ਨਾਮੇ ਨੇ ਲੈ ਕੇ ਆਪਣੇ ਹਰੀ ਦੇ ਅੱਗੇ ਰੱਖ ਦਿੱਤੀ ਹੈ, ਭਾਵ, ਪ੍ਰਭੂ ਦੀ ਯਾਦ ਨਾਲ ਨਿਰਮਲ ਹੋਇਆ ਹਿਰਦਾ ਨਾਮਦੇਵ ਨੇ ਆਪਣੇ ਪ੍ਰਭੂ ਦੇ ਅੱਗੇ ਖੋਲ੍ਹ ਕੇ ਰੱਖ ਦਿੱਤਾ, ਨਾਮਦੇਵ ਦਿਲੀ-ਵਲਵਲੇ ਨਾਲ ਪ੍ਰਭੂ ਅੱਗੇ ਅਰਦਾਸ ਕਰਦਾ ਹੈ ਤੇ ਆਖਦਾ ਹੈ ਕਿ ਮੇਰਾ ਦੁੱਧ ਪੀ ਲੈ।੨। ਨਾਮੇ ਨੂੰ ਵੇਖ ਵੇਖ ਕੇ ਪਰਮਾਤਮਾ ਖ਼ੁਸ਼ ਹੁੰਦਾ ਹੈ ਤੇ ਆਖਦਾ ਹੈ ਮੇਰਾ ਅਨੰਨ ਭਗਤ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ।੩। ਗੋਬਿੰਦ ਰਾਇ ਨੂੰ ਦੁੱਧ ਪਿਆਲ ਕੇ ਭਗਤ ਨਾਮਦੇਵ ਸ੍ਵੈ-ਸਰੂਪ ਵਿਚ ਟਿਕ ਗਿਆ, ਉਸ ਸ੍ਵੈ-ਸਰੂਪ ਵਿਚ ਮੈਂ ਨਾਮੇ ਨੂੰ ਪਰਮਾਤਮਾ ਦਾ ਦੀਦਾਰ ਹੋਇਆ।੪।੩।

**ਸ਼ਬਦ ਦਾ ਭਾਵ: ਪ੍ਰੀਤ ਦਾ ਸਰੂਪ, ਜਿਸ ਨਾਲ ਪਿਆਰ ਹੋਵੇ, ਉਸ ਦੀ ਸੇਵਾ ਕੀਤਿਆਂ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।**

ਇਸ ਸ਼ਬਦ ਦਾ ਸੰਪੂਰਨ ਅੰਤ੍ਰੀਵ ਭਾਵ ਅਤੇ ਡੂੰਘਾ ਵਿਸਤਾਰ ਸਮਝਣ ਲਈ ਜ਼ਰੂਰੀ ਹੈ ਕਿ ਸ਼ਬਦ ਦੇ ਹੇਠ ਲਿਖੇ ਪੱਖ - ਜਿਵੇਂ ਕਿ ਵਰਤੇ ਸ਼ਬਦ ਅਤੇ ਉਹਨਾਂ ਦਾ ਸੰਕੇਤ - ਧਿਆਨ ਪੂਰਵਕ ਸਮਝਿਆ ਜਾਵੇ:

੧. **ਦੁੱਧ ਪੀਣ ਦਾ ਪਰਿਣਾਮ:** ਜਿਹੜੇ ਵੀ ਇਸ ਵਾਰਤਾ ਤੇ ਵਿਸ਼ਵਾਸ ਕਰਦੇ ਹਨ, ਉਹ ਕਹਿੰਦੇ ਹਨ ਕਿ ਨਾਮਦੇਵ ਜੀ ਨੇ ਪਰਮਾਤਮਾ ਨੂੰ ਦੁੱਧ ਪੀਂਦਿਆ ਦੇਖਿਆ। ਇਹ ਦਲੀਲ ਨੂੰ ਗਲਤ ਸਾਬਿਤ ਕਰਦਾ ਹੈ। ਜੇ ਨਾਮਦੇਵ ਜੀ ਬੁੱਤ ਪੂਜਾ ਕਰਕੇ ਪਰਮਾਤਮਾ ਨੂੰ ਮਿਲਣ ਵਿਚ ਕਾਮਯਾਬ ਹੋਏ ਹੁੰਦੇ, ਤਾਂ ਉਹ ਆਪਣੀ ਬਾਕੀ ਦੀ ਆਯੂ ਬੁੱਤ ਪੂਜਾ ਕਰਨ ਵਿਚ ਹੀ ਗੁਜ਼ਾਰਦੇ। ਪਰ, ਭਗਤ ਜੀ ਦਾ ਇਕ ਹੋਰ ਸ਼ਬਦ "ਆਨੀ ਲੇ ਕੁੰਭ ..." ਇਹ ਦਸਦਾ ਹੈ ਕਿ ਉਹ ਬੁੱਤ ਪੂਜਾ ਦੇ ਵਿਰੋਧੀ ਸਨ।

੨. **ਮਾਸੂਮੀਅਤ** (ਮਾਨਸਿਕ ਦਸ਼ਾ): ਇਹ ਵਾਰਤਾ ਦਸਦੀ ਹੈ ਕਿ ਨਾਮਦੇਵ ਜੀ ਮਾਸੂਮ-ਚਿੱਤ ਵਾਲੇ ਸਨ ਜਦ ਉਹਨਾਂ ਦੇ ਪਿਤਾ ਨੇ ਕਿਹਾ ਕਿ ਮੇਰੇ ਜਾਣ ਪਿੱਛੋਂ ਬੁੱਤ ਨੂੰ ਦੁੱਧ ਪਿਲਾ ਦੇਣਾ। ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਹੇਠਲੇ ਸ਼ਬਦ ਵਿਚ ਭਗਤ ਰਵਿਦਾਸ ਜੀ ਭਗਤ ਨਾਮਦੇਵ ਜੀ ਦੇ ਭਗਵਾਨ ਨੂੰ ਦੁੱਧ ਦੇਣ ਦੇ ਪ੍ਰਤੀ ਸੰਕੇਤ ਦਿੰਦੇ ਹਨ:

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥੧॥ ਰਹਾਉ॥

ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥੧॥

ਨਿਮਤ ਨਾਮਦੇਉ ਦੂਧੁ ਪੀਆਇਆ॥ ਤਉ ਜਗ ਜਨਮ ਸੰਕਟ ਨਹੀ ਆਇਆ॥੨॥

ਜਨ ਰਵਿਦਾਸ ਰਾਮ ਰੰਗਿ ਰਾਤਾ॥

ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥੩॥੫॥ ਆਸਾ, ਅੰਕ ੪੮੭

**ਸਰਲ ਅਰਥ: ਸੁਆਸ ਸੁਆਸ ਹਰਿ-ਨਾਮ ਸਿਮਰਨ ਨਾਲ ਹਰੀ ਦੇ ਦਾਸ ਸੰਸਾਰ-ਸਮੁੰਦਰ ਤੋਂ ਪੂਰਨ ਤੌਰ ਤੇ ਪਾਰ ਲੰਘ ਜਾਂਦੇ ਹਨ।੧।ਰਹਾਉ।** ਹਰਿ-ਨਾਮ ਸਿਮਰਨ ਦੀ ਬਰਕਤਿ ਨਾਲ ਕਬੀਰ ਭਗਤ ਜਗਤ ਵਿਚ ਮਸ਼ਹੂਰ ਹੋਇਆ, ਤੇ ਉਸ ਦੇ ਜਨਮਾਂ ਜਨਮਾਂ ਦੇ ਕੀਤੇ ਕਰਮਾਂ ਦੇ ਲੇਖੇ ਮੁੱਕ ਗਏ।੧। ਹਰਿ-ਨਾਮ ਸਿਮਰਨ ਦੇ ਕਾਰਨ ਹੀ ਨਾਮਦੇਵ ਨੇ 'ਗੋਬਿੰਦ ਰਾਇ' ਨੂੰ ਦੁੱਧ ਪਿਆਇਆ ਸੀ, ਤੇ, ਨਾਮ ਜਪਿਆਂ ਹੀ ਉਹ ਜਗਤ ਦੇ ਜਨਮਾਂ ਦੇ ਕਸ਼ਟਾਂ ਵਿਚ ਨਹੀਂ ਪਿਆ।੨। ਹਰੀ ਦਾ ਦਾਸ ਰਵਿਦਾਸ ਭੀ ਪ੍ਰਭੂ ਦੇ ਪਿਆਰ ਵਿਚ ਰੰਗਿਆ ਗਿਆ ਹੈ। ਇਸ ਰੰਗ ਦੀ ਬਰਕਤਿ ਨਾਲ ਸਤਿਗੁਰੂ ਦੀ ਮਿਹਰ ਦਾ ਸਦਕਾ, ਰਵਿਦਾਸ ਨਰਕਾਂ ਵਿਚ ਨਹੀਂ ਪਏਗਾ।੩।੫।

ਸ਼ਬਦ ਦਾ ਭਾਵ: ਨਾਮ ਸਿਮਰਨ ਦੀ ਬਰਕਤਿ ਨਾਲ ਨੀਵੀਂ ਜਾਤ ਵਾਲੇ ਬੰਦੇ ਵੀ ਸੰਸਾਰ-ਸਮੁੰਦਰ ਤੋਂ ਤਰ ਜਾਂਦੇ ਹਨ। 'ਜਾਤ' ਪਰਮਾਤਮਾ ਨਾਲ ਮਿਲਾਪ ਵਿੱਚ ਕੋਈ ਬਾਧਾ ਨਹੀਂ ਬਣਦੀ।

ਸ਼ਬਦ ਦੀ ਅਰਥ-ਭਾਵਨਾ 'ਰਹਾਉ' ਤੁਕ ਵਿਚ ਹੁੰਦੀ ਹੈ। ਇਸ ਦੁਨਿਆਵੀ ਭਵ-ਸਾਗਰ ਨੂੰ ਪਾਰ ਕਰਨ ਲਈ ਤੈਰਨ ਦੀ ਵਿਧੀ ਪਰਮਾਤਮਾ ਦੀ ਭਗਤੀ ਹੈ, ਨਾ ਕਿ ਕਿਸੇ ਬੁੱਤ ਅੱਗੇ ਰਸਮੀ ਮੰਤਰ ਪੜ੍ਹਨ ਨਾਲ ਬੁੱਤ ਪੂਜਾ ਕਰਨੀ। ਭਗਤ ਰਵਿਦਾਸ ਜੀ ਦੋ ਭਗਤਾਂ ਦਾ ਵੇਰਵਾ ਦਿੰਦੇ ਹਨ - ਕਬੀਰ ਜੀ ਅਤੇ ਨਾਮਦੇਵ ਜੀ। ਭਗਤ ਕਬੀਰ ਜੀ ਪਰਮਾਤਮਾ ਪ੍ਰਤੀ ਧਿਆਨ ਕਰਦੇ ਹੋਏ ਪ੍ਰਸਿੱਧ ਹੋਏ ਅਤੇ ਆਮ ਜਾਣੇ ਜਾਣ ਲਗੇ। ਭਗਤ ਨਾਮਦੇਵ ਜੀ ਨੇ ਪਰਮਾਤਮਾ ਦੀ ਭਗਤੀ ਕਰਕੇ ਪਰਮਾਤਮਾ ਦੀ ਪ੍ਰਾਪਤੀ ਕੀਤੀ। ਇਸ 'ਦੁੱਧ ਪੀਣ' ਦੀ ਵਾਰਤਾ ਤੋਂ ਪਹਿਲਾਂ ਹੀ ਭਗਤ ਨਾਮਦੇਵ ਜੀ ਪਰਮਾਤਮਾ ਦਾ ਨਾਮ ਜਪਣ ਦਾ ਅਭਿਆਸ ਕਰਿਆ ਕਰਦੇ ਸਨ।

੩. **ਕੀ ਭਗਤ ਜੀ ਦੇ ਘਰ ਕੋਈ ਬੁੱਤ ਸੀ?** ਇਹ ਵਾਰਤਾ ਦਸਦੀ ਹੈ ਕਿ ਨਾਮਦੇਵ ਜੀ ਦੇ ਪਿਤਾ ਬੁੱਤ ਨੂੰ ਹਰ ਰੋਜ਼ ਇਸ਼ਨਾਨ ਕਰਵਾਇਆ ਕਰਦੇ ਸਨ ਅਤੇ ਦੁੱਧ ਪੇਸ਼ ਕਰਦੇ ਸਨ। ਨਾਮਦੇਵ ਜੀ ਦੇ ਪਿਤਾ ਇਕ 'ਨੀਵੀਂ' ਜਾਤੀ ਵਿਚੋਂ ਸੀ। ਜਿਵੇਂ ਪਹਿਲਾਂ ਦਸਿਆ ਗਿਆ ਹੈ ਕਿ ਹਿੰਦੂ 'ਉੱਚ' ਜਾਤੀ ਵਾਲਿਆਂ ਲਈ ਪੱਖਪਾਤੀ ਸਨ ਅਤੇ 'ਨੀਵੀਂ' ਜਾਤੀ ਵਾਲਿਆਂ ਨੂੰ ਕੋਈ ਅਧਿਕਾਰ ਨਹੀਂ ਸੀ। ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ 'ਨੀਵੀਂ' ਜਾਤੀ ਵਿਚੋਂ ਹੋਣ ਦੇ ਬਾਵਜੂਦ ਭਗਤ ਜੀ ਦੇ ਪਿਤਾ ਨੇ ਆਪਣੇ ਘਰ ਵਿਚ ਕੋਈ ਬੁੱਤ ਰਖਿਆ ਹੋਇਆ ਸੀ। ਇਸਤਰ੍ਹਾਂ ਕਰਨ ਦਾ ਵਿਸ਼ੇਸ ਹੱਕ 'ਉੱਚ' ਜਾਤੀ ਵਾਲੇ ਹਿੰਦੂ ਬ੍ਰਾਹਮਣਾਂ ਨੂੰ ਹੀ ਸੀ। ਉਹਨਾਂ ਦਿਨਾਂ ਵਿਚ ਅਜਿਹੇ 'ਨੀਵੀਂ' ਜਾਤੀ ਵਾਲਿਆਂ ਨੂੰ ਕਿਸੇ ਮੰਦਰ ਦੇ ਨੇੜੇ ਢੁਕਣ ਦੀ ਆਗਿਆ ਤੱਕ ਨਹੀਂ ਸੀ ਤਾਕਿ ਮੰਦਰ ਕਿਧਰੇ ਭਿੱਟਿਆ/ਦੂਸ਼ਤ ਨਾ ਹੋ ਜਾਵੇ। ਇਸਤੋਂ ਇੰਜ ਲਗਦਾ ਹੈ ਕਿ ਕਹਾਣੀ ਘੜੀ ਹੋਈ ਹੈ। ਘਰ ਵਿਚ ਕਦੇ ਵੀ ਕੋਈ ਬੁੱਤ ਨਹੀਂ ਸੀ, ਜਿਸਨੂੰ ਨਾਮਦੇਵ ਆਪਣੇ ਪਿਤਾ ਦੀ ਗੈਰ-ਹਾਜ਼ਰੀ ਵਿਚ ਦੁੱਧ ਭੇਟ ਕਰ ਸਕਦੇ।

੪. **ਸੋਨੇ ਦਾ ਕਟੋਰਾ:** ਸ਼ਬਦ ਵਿਚ ਦਸਿਆ ਹੈ ਕਿ ਬੁੱਤ ਨੂੰ ਦੁੱਧ ਪਿਲਾਉਣ ਲਈ ਨਾਮਦੇਵ ਜੀ ਨੇ ਸੋਨੇ ਦੇ ਕਟੋਰੇ ਦੀ ਵਰਤੋਂ ਕੀਤੀ। ਇਹ ਮੰਨਣਾ ਮੁਸ਼ਕਲ ਹੈ ਕਿ

ਘਟੀਆ ਕੰਮ ਕਰਨ ਵਾਲਾ 'ਨੀਵੀਂ' ਜਾਤੀ ਦਾ ਵਿਅੱਕਤੀ ਬੁੱਤ ਨੂੰ ਦੁੱਧ ਪਿਲਾਉਣ ਲਈ ਸੋਨੇ ਦਾ ਕਟੋਰਾ ਘਰ ਵਿਚ ਰਖ ਸਕਦਾ ਹੋਵੇ। ਇਸ ਪਰਕਰਣ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਨਾਮਦੇਵ ਜੀ ਦੇ ਸ਼ਬਦ ਦਾ ਅੰਕਿਤ ਕਰਨਾ ਨਿਸਚੈ ਹੀ ਰੌਚਿਕ ਹੋਵੇਗਾ:

ਸੁਇਨੇ ਕੀ ਸੂਈ ਰੁਪੇ ਕਾ ਧਾਗਾ॥ ਨਾਮੇ ਕਾ ਚਿਤੁ ਹਰਿ ਸਉ ਲਾਗਾ।੪।੩। ਅੰਕ ੪੮੫

ਮੈਨੂੰ ਗੁਰੂ ਦਾ ਸ਼ਬਦ ਸੋਨੇ ਦੀ ਸੂਈ ਮਿਲ ਗਈ ਹੈ, ਉਸ ਦੀ ਬਰਕਤ ਨਾਲ ਮੇਰੀ ਸੁਰਤ ਸ਼ੁੱਧ ਨਿਰਮਲ ਹੋ ਗਈ ਹੈ, ਇਹ, ਮਾਨੋ, ਮੇਰੇ ਪਾਸ ਚਾਂਦੀ ਦਾ ਧਾਗਾ ਹੈ; ਇਸ ਸੂਈ ਧਾਗੇ ਨਾਲ ਮੈਂ ਨਾਮੇ ਦਾ ਮਨ ਪ੍ਰਭੂ ਦੇ ਨਾਲ ਸੀਤਾ ਗਿਆ ਹੈ।੪।੩।

ਸ਼ਬਦਾਰਥ ਦੇ ਰੂਪ ਵਿਚ, ਨਾਮਦੇਵ ਜੀ, ਇਕ ਦਰਜੀ ਹੋਣ ਦੇ ਨਾਤੇ, ਕਪੜੇ ਸੀਵਣ ਲਈ ਸੋਨੇ ਦੀ ਸੁਈ ਵਰਤਦੇ ਸੀ। ਇਹ ਵੀ ਮੰਨਣਾ ਮੁਸ਼ਕਲ ਹੈ ਕਿ ਉਹ ਸੀਵਣ ਲਈ ਚਾਂਦੀ ਦਾ ਧਾਗਾ ਵਰਤਦੇ ਸੀ। ਇਸ ਸ਼ਬਦ ਵਿਚ ਸੋਨਾ ਅਤੇ ਚਾਂਦੀ ਅਲੰਕਾਰ ਰੂਪ ਵਿਚ ਵਰਤੇ ਗਏ ਹਨ। ਇਹ ਦੋਵੇਂ - ਸੋਨਾ ਅਤੇ ਚਾਂਦੀ - ਕੀਮਤੀ ਧਾਤਾਂ ਹਨ, ਅਤੇ ਇਹਨਾਂ ਦਾ ਹਿੰਦੂ ਧਾਰਮਿਕ ਰਸਮਾਂ ਵਿਚ ਵਰਤਣਾ ਪਵਿੱਤਰ ਮੰਨਿਆ ਜਾਂਦਾ ਹੈ। ਸੂਈ ਵਿਚ ਪਾਏ ਧਾਗੇ ਨਾਲ ਕਪੜੇ ਸੀਤੇ ਜਾਂਦੇ ਹਨ। ਇਸੇਤਰ੍ਹਾਂ ਗੁਰੂ ਦਾ ਸ਼ਬਦ ਸੋਨੇ ਦੀ ਸੂਈ ਅਤੇ ਚਾਂਦੀ ਦੇ ਧਾਗੇ ਨਾਲ ਸ਼ਰਧਾਲੂ ਦੇ ਅਧਿਆਤਮਿਕ ਮਨ ਨੂੰ ਪਰਮਾਤਮਾ ਨਾਲ ਜੋੜਦੀ ਹੈ।

੫. ਘਰ ਦਾ ਪਿਤਾ: "ਦੂਧ ਕਟੋਰੇ ਪਾਨੀ ..." ਸ਼ਬਦ ਵਿਚਲੀ 'ਰਹਾਉ' ਵਾਲੀ ਤੁਕ ਵਿਚ ਘਰ ਦੇ ਬਾਪ (ਘਰ ਕੋ ਬਾਪ) ਦਾ ਸੰਕੇਤ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਇਸ ਉਦਾਹਰਣ ਤੋਂ ਦੇਖ ਸਕਦੇ ਹਾਂ ਕਿ 'ਘਰ' ਮਨੁੱਖੀ ਸਰੀਰ ਵਜੋਂ ਵਰਤਿਆ ਗਿਆ ਹੈ ਅਤੇ ਸਰੀਰ ਦਾ 'ਪਿਤਾ' ਹੈ 'ਆਤਮਾ'।

੧ ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਆਸਾ ਮਹਲਾ ੫, ਅੰਕ ੩੭੦
**ਸਰਲ ਅਰਥ:** ਮੇਰੇ ਉਤੇ ਜੇਠ (ਧਰਮ-ਰਾਜ) ਦੀ ਭੀ ਧੌਂਸ ਨਹੀਂ ਰਹੀ।

੨ ਘਰ ਕੀ ਨਾਇਕਿ ਘਰ ਵਾਸੁ ਨ ਦੇਵੈ॥ ਆਸਾ ਮਹਲਾ ੫, ਅੰਕ ੩੭੧
**ਸਰਲ ਅਰਥ:** ਇਹ ਮਾਇਆ ਮੇਰੇ ਹਿਰਦੇ-ਘਰ ਦੀ ਮਾਲਕ ਬਣ ਬੈਠੀ ਹੈ, ਮੈਨੂੰ ਘਰ ਦਾ ਵਸੇਬਾ ਦੇਂਦੀ ਹੀ ਨਹੀਂ ਮੈਨੂੰ ਆਤਮਕ ਅਡੋਲਤਾ ਨਹੀਂ ਮਿਲਣ ਦੇਂਦੀ।

੩ ਸਉਕਨਿ ਘਰ ਕੀ ਕੰਤਿ ਤਿਆਗੀ॥ ਆਸਾ ਮਹਲਾ ੫, ਅੰਕ ੩੯੪
**ਸਰਲ ਅਰਥ:** ਪ੍ਰਭੂ-ਪਤੀ ਨੇ ਮੇਰਾ ਹਿਰਦਾ-ਘਰ ਮੱਲ ਕੇ ਬੈਠੀ ਮੇਰੀ ਸੌਕਣ (ਮਾਇਆ) ਤੋਂ ਖ਼ਲਾਸੀ ਕਰਾ ਦਿੱਤੀ ਹੈ।

੪ ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ॥ ਆਸਾ ਮਹਲਾ ੩, ਅੰਕ ੪੨੫

**ਸਰਲ ਅਰਥ:** ਹੇ ਭਾਈ! ਕਾਮਾਦਿਕ ਪੰਜੇ ਗਿਆਨੀਆਂ ਦੇ ਹਿਰਦੇ ਵਿਚ ਭੀ ਵੱਸਦੇ ਹਨ, ਪਰ ਉਹ ਪੰਜੇ ਗਿਆਨਵਾਨ ਹੋ ਜਾਂਦੇ ਹਨ, ਆਪਣੀ ਯੋਗ ਹੱਦ ਤੋਂ ਬਾਹਰ ਨਹੀਂ ਜਾਂਦੇ।

੫ ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਸੂਹੀ ਮਹਲਾ ੫, ਅੰਕ ੭੩੯

**ਸਰਲ ਅਰਥ:** ਸਾਕਤ ਨੂੰ ਆਪਣੇ ਹਿਰਦੇ-ਘਰ ਵਿਚ ਮਾਲਕ-ਪ੍ਰਭੂ ਵੱਸਦਾ ਨਹੀਂ ਦਿੱਸਦਾ।

੬ ਘਰਿ ਰਹੁ ਰੇ ਮਨ ਮੁਗਧ ਇਆਨੇ॥ ਮਾਰੂ ਮਹਲਾ ੧, ਅੰਕ ੧੦੩੦

**ਸਰਲ ਅਰਥ:** ਹੇ ਅੰਞਾਣ ਮੂਰਖ ਮਨ! ਅਡੋਲਤਾ ਵਿਚ ਟਿਕਿਆ ਰਹੁ।

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਅਨੇਕ ਮਿਸਾਲਾਂ ਹਨ ਜੋ ਸਪਸ਼ਟ ਕਰਦੀਆਂ ਹਨ ਕਿ 'ਘਰ' ਦਾ ਅਰਥ 'ਮਨੁੱਖੀ ਸਰੀਰ' ਹੈ। ਮੁੱਖ ਸ਼ਬਦ ਦੀ 'ਰਹਾਉ' ਤੁਕ ਵਿਚ ਆਉਂਦਾ 'ਰੀਸਾਈ' ਸ਼ਬਦ 'ਧਿਆਨ ਧਰਨ' ਦਾ ਸੂਚਕ ਹੈ।

੬. **ਦੁੱਧ ਕਿਸਨੇ ਪੀਤਾ?** 'ਰਹਾਉ' ਤੁਕ ਵਿਚ ਨਾਮਦੇਵ ਨੇ ਭਗਵਾਨ ਨੂੰ "ਗੋਬਿੰਦੇ ਰਾਏ" ਵਜੋਂ ਸੰਬੋਧਨ ਕੀਤਾ ਹੈ। ਜਿਵੇਂ ਅਸੀਂ ਦੇਖਿਆ ਹੈ ਕਿ ਨਾਮਦੇਵ ਕਈ ਨਾਵਾਂ ਨਾਲ ਪਰਮਾਤਮਾ ਨੂੰ ਸੰਬੋਧਨ ਕਰਦੇ ਹਨ। ਨਾਮਦੇਵ ਅਤੇ ਹੋਰਨਾਂ ਨੇ 'ਬੁੱਤ' ਨੂੰ "ਠਾਕੁਰ" ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਇਸ ਸ਼ਬਦ ਤੋਂ ਇਹ ਪ੍ਰਤੱਖ ਹੈ:

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥

ਬਇਆਲੀਸ ਲਖ ਜੀ ਜਲ ਮਹਿ ਹੋਤੇ **ਬੀਠਲੁ** ਭੈਲਾ ਕਾਇ ਕਰਉ॥੧॥

ਜਤ੍ਰ ਜਾਉ ਤਤ **ਬੀਠਲੁ** ਭੈਲਾ॥ ਮਹਾ ਅਨੰਦ ਕਰੇ ਸਦ ਕੇਲਾ॥੧॥ ਰਹਾਉ॥

ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥

ਪਹਿਲੇ ਬਾਸੁ ਲਈ ਹੈ ਭਵਰਹ **ਬੀਠਲ** ਭੈਲਾ ਕਾਇ ਕਰਉ॥੨॥

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ॥

ਪਹਿਲੇ ਦੂਧੁ ਬਿਟਾਰਿਓ ਬਛਰੈ **ਬੀਠਲੁ** ਭੈਲਾ ਕਾਇ ਕਰਉ॥੩॥

ਈਭੈ ਬੀਠਲੁ ਊਭੈ ਬੀਠਲੁ **ਬੀਠਲ** ਬਿਨੁ ਸੰਸਾਰੁ ਨਹੀ॥

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥੪॥੨॥ ਆਸਾ, ਅੰਕ ੪੮੫

**ਸਰਲ ਅਰਥ:** ਘੜਾ ਲਿਆ ਕੇ ਉਸ ਵਿਚ ਪਾਣੀ ਭਰਾ ਕੇ ਜੇ ਮੈਂ ਮੂਰਤੀ ਨੂੰ ਇਸ਼ਨਾਨ ਕਰਾਵਾਂ ਤਾਂ ਉਹ ਇਸ਼ਨਾਨ ਪਰਵਾਨ ਨਹੀਂ, ਪਾਣੀ ਜੂਠਾ ਹੈ, ਕਿਉਂਕਿ ਪਾਣੀ ਵਿਚ ਬਿਤਾਲੀ ਲੱਖ ਜੂਨਾਂ ਦੇ ਜੀਵ ਰਹਿੰਦੇ ਹਨ। ਪਰ ਮੇਰਾ ਨਿਰਲੇਪ ਪ੍ਰਭੂ ਤਾਂ ਪਹਿਲਾਂ ਹੀ ਉਹਨਾਂ ਜੀਵਾਂ ਵਿਚ ਵੱਸਦਾ ਸੀ ਤੇ ਇਸ਼ਨਾਨ ਕਰ ਰਿਹਾ ਸੀ; ਤਾਂ ਫਿਰ ਮੂਰਤੀ ਨੂੰ ਮੈਂ ਕਾਹਦੇ ਲਈ ਇਸ਼ਨਾਨ ਕਰਾਵਾਂ?।੧। **ਮੈਂ ਜਿੱਧਰ ਜਾਂਦਾ ਹਾਂ, ਉੱਧਰ ਹੀ ਨਿਰਲੇਪ ਪ੍ਰਭੂ ਮੌਜੂਦ ਹੈ ਸਭ ਜੀਵਾਂ ਵਿਚ ਵਿਆਪਕ ਹੋ ਕੇ ਬੜੇ ਅਨੰਦ ਚੋਜ ਤਮਾਸ਼ੇ ਕਰ ਰਿਹਾ ਹੈ।੧।ਰਹਾਉ।** ਫੁੱਲ ਲਿਆ ਕੇ ਤੇ ਮਾਲਾ

ਪ੍ਰੋ ਕੇ ਜੇ ਮੈਂ ਮੂਰਤੀ ਦੀ ਪੂਜਾ ਕਰਾਂ ਤਾਂ ਉਹ ਫੁੱਲ ਜੂਠੇ ਹੋਣ ਕਰ ਕੇ ਉਹ ਪੂਜਾ ਪਰਵਾਨ ਨਹੀਂ, ਕਿਉਂਕਿ ਉਹਨਾਂ ਫੁੱਲਾਂ ਦੀ ਸੁਗੰਧੀ ਪਹਿਲਾਂ ਭੌਰੇ ਨੇ ਲੈ ਲਈ; ਪਰ ਮੇਰਾ ਬੀਠਲ ਤਾਂ ਪਹਿਲਾਂ ਹੀ ਉਸ ਭੌਰੇ ਵਿਚ ਵੱਸਦਾ ਸੀ ਤੇ ਸੁਗੰਧੀ ਲੈ ਰਿਹਾ ਸੀ, ਤਾਂ ਫਿਰ ਇਹਨਾਂ ਫੁੱਲਾਂ ਨਾਲ ਮੂਰਤੀ ਦੀ ਪੂਜਾ ਮੈਂ ਕਾਹਦੇ ਲਈ ਕਰਾਂ?।੨। ਦੁੱਧ ਲਿਆ ਕੇ ਖੀਰ ਰਿੰਨ੍ਹਾ ਕੇ ਜੇ ਮੈਂ ਇਹ ਖਾਣ ਵਾਲਾ ਉੱਤਮ ਪਦਾਰਥ ਮੂਰਤੀ ਅੱਗੇ ਭੇਟ ਰੱਖਾਂ ਤਾਂ ਦੁੱਧ ਜੂਠਾ ਹੋਣ ਕਰ ਕੇ ਭੋਜਨ ਪਰਵਾਨ ਨਹੀਂ, ਕਿਉਂਕਿ ਚੋਣ ਵੇਲੇ ਪਹਿਲਾਂ ਵੱਛੇ ਨੇ ਦੁੱਧ ਜੂਠਾ ਕਰ ਦਿੱਤਾ ਸੀ; ਪਰ ਮੇਰਾ ਬੀਠਲ ਤਾਂ ਪਹਿਲਾਂ ਹੀ ਉਸ ਵੱਛੇ ਵਿਚ ਵੱਸਦਾ ਸੀ ਤੇ ਦੁੱਧ ਪੀ ਰਿਹਾ ਸੀ, ਤਾਂ ਇਸ ਮੂਰਤੀ ਅੱਗੇ ਮੈਂ ਕਿਉਂ ਨੈਵੇਦ ਭੇਟ ਧਰਾਂ?।੩। ਜਗਤ ਵਿਚ ਹੇਠਾਂ ਉਤਾਂਹ ਹਰ ਥਾਂ ਬੀਠਲ ਹੀ ਬੀਠਲ ਹੈ, ਬੀਠਲ ਤੋਂ ਸੱਖਣਾ ਜਗਤ ਰਹਿ ਹੀ ਨਹੀਂ ਸਕਦਾ। ਨਾਮਦੇਵ ਉਸ ਬੀਠਲ ਅੱਗੇ ਬੇਨਤੀ ਕਰਦਾ ਹੈ- ਹੇ ਬੀਠਲ! ਤੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਵਿਚ ਭਰਪੂਰ ਹੈਂ।੪।੨।

ਸ਼ਬਦ ਵਿਚ ਹਰ ਜਗਹ, ਜਦ ਨਾਮਦੇਵ ਜੀ ਬੁੱਤ ਪੂਜਾ ਦਾ ਸੰਕੇਤ ਕਰਦੇ ਹਨ, ਉਹ ਸ਼ਬਦ "ਠਾਕੁਰ" ਦੀ ਵਰਤੋਂ ਕਰਦੇ ਹਨ। ਪਰ ਜਦੋਂ ਪਰਮਾਤਮਾ ਦਾ ਵੇਰਵਾ ਹੁੰਦਾ ਹੈ ਤਾਂ ਉਹ "ਬੀਠਲ" ਸ਼ਬਦ ਦੀ ਵਰਤੋਂ ਕਰਦੇ ਹਨ। ਨਾਮਦੇਵ ਜੀ ਦੇ ਸ਼ਬਦ "ਦੂਧ ਕਟੋਰੈ ਪਾਨੀ ..." ਤੋਂ ਇਹ ਸਪਸ਼ਟ ਹੈ ਕਿ "ਗੁਬਿੰਦੇ ਰਾਏ" ਦਾ ਸੰਕੇਤ ਪਰਮਾਤਮਾ ਪ੍ਰਤੀ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਉਹਨਾਂ ਨੇ ਕਿਸੇ ਬੁੱਤ ਨੂੰ ਦੁੱਧ ਪੀਣ ਲਈ ਨਹੀਂ ਕਿਹਾ। ਭਗਤ ਰਵਿਦਾਸ ਜੀ ਵੀ ਉੱਪਰ ਦਿਤੇ ਸ਼ਬਦ ਵਿਚ ਇਹੀ ਕਹਿੰਦੇ ਹਨ। ਤਾਂ ਫਿਰ ਪ੍ਰਸ਼ਨ ਇਹ ਉਠਦਾ ਹੈ : 'ਨਾਮਦੇਵ ਦਾ ਦਿਤਾ ਦੁੱਧ "ਕਿਸਨੇ ਪੀਤਾ"?

ਇਸ ਵਾਰਤਾ ਦਾ ਅਰਥ ਇਵੇਂ ਹੀ ਬਣਦਾ ਹੈ ਜੇ ਇਸਨੂੰ ਅਲੰਕਾਰਕ ਤੌਰ ਤੇ ਸਮਝਿਆ ਜਾਵੇ, ਨਾ ਕਿ ਸ਼ਬਦਾਰਥ ਵਜੋਂ। ਕਿਸੇ ਵੀ ਬੁੱਤ ਜਾਂ ਦੇਵਤੇ ਨੂੰ "ਦੁੱਧ ਪੀਣ" ਲਈ ਨਹੀਂ ਕਿਹਾ ਗਿਆ, ਜਿਵੇਂ ਕਿ ਸ਼ਬਦਾਰਥ ਹੈ। ਇਹ ਤਾਂ ਨਾਮਦੇਵ ਜੀ ਦੀ ਭਗਤੀ ਹੈ ਜਿਸਨੇ ਨਾਮਦੇਵ ਨੂੰ ਪਰਮਾਤਮਾ ਵਲ ਮੋੜਿਆ। ਭਗਤ ਨਾਮਦੇਵ ਆਪਣਾ ਸੱਚਾ-ਸੁੱਚਾ ਮਨ (ਸੋਨੇ ਦਾ ਕਟੋਰਾ) ਭਗਤੀ ਭਾਵ (ਮਿੱਠਾ ਦੁੱਧ) ਨਾਲ ਭਰਿਆ ਭੇਂਟ ਕਰਦੇ ਹਨ। ਸੋ, 'ਦੁੱਧਾ ਪੀਣਾ' ਨਾਮਦੇਵ ਜੀ ਦੀਆਂ ਆਸ਼ਾਵਾਂ ਦਾ ਅਲੰਕਾਰਕ ਹੈ। ਇਸਤਰ੍ਹਾਂ, ਭਗਤ ਨਾਮਦੇਵ ਜੀ ਨੇ 'ਸਹਿਜ ਅਵਸਥਾ' ਪ੍ਰਾਪਤ ਕੀਤੀ ਅਤੇ ਉਹ 'ਘਰ ਗਿਆ'।

ਸਮੁੱਚੇ ਤੌਰ ਤੇ, ਭਗਤ ਨਾਮਦੇਵ ਜੀ ਦਾ ਸੰਦੇਸ਼ ਇਹ ਹੈ ਕਿ ਬੇਮਤਲਬ ਕੰਮ ਜਿਵੇਂ ਕਿ ਬੁੱਤ ਨੂੰ ਨਵਾਉਣਾ ਅਤੇ ਫੁੱਲ ਵਗੈਰਾ ਭੇਂਟ ਕਰਨ ਨਾਲ ਪਰਮਾਤਮਾ ਨਾਲ ਇਕਮਿਕਤਾ ਨਹੀਂ ਬਣ ਸਕਦੀ। ਪਰਮਾਤਮਾ ਦੀ ਪ੍ਰਾਪਤੀ ਕੇਵਲ ਨਾਮ ਜਪਣ ਨਾਲ ਅਤੇ ਉਸਦੀ ਸਰਬ-ਵਿਆਪਕਤਾ ਜਾਨਣ ਰਾਹੀਂ ਹੀ ਹੁੰਦੀ ਹੈ।

************************

# ੮. ਪ੍ਰਾਰਥਨਾਵਾਂ ਨੇ ਬੁੱਤ ਘੁੰਮਾਇਆ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੇ ਉਚਾਰੇ ਦੋ ਸ਼ਬਦ ਹਨ, ਜੋ ਪਰਮਾਤਮਾ ਪ੍ਰਤੀ ਪ੍ਰਾਰਥਨਾ ਕਰਨ ਬਾਰੇ ਹਨ। ਇਹਨਾਂ ਸ਼ਬਦਾਂ ਤੋਂ ਇਹ ਭੁਲੇਖਾ ਲਗਦਾ ਹੈ ਕਿ ਇਸਤਰ੍ਹਾਂ ਕਰਨ ਨਾਲ 'ਬੀਠਲ ਦਾ ਬੁੱਤ' ਨਾਮਦੇਵ ਜੀ ਦੀ ਤਰਫ਼ ਘੁੰਮਿਆ।

'ਬੀਠਲ' ਦਾ ਸ਼ਬਦ ਵਰਤਦਿਆਂ ਨਾਮਦੇਵ ਜੀ ਪਰਮਾਤਮਾ ਪ੍ਰਤੀ ਸੰਕੇਤ ਕਰਦੇ ਹਨ, ਜਿਵੇਂ ਚੈਪਟਰ ੬ ਤੋਂ ਸਮਝ ਆਂਦੀ ਹੈ। 'ਬੀਠਲ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਵਿਸਥਲ' ਤੋਂ ਲਿਆ ਗਿਆ ਹੈ ਜੋ ਹਿੰਦੂ ਦੇਵਤਾ ਦਾ ਸੰਕੇਤਕ ਹੈ ਅਤੇ ਜੰਗਲ ਵਿਚ ਰਹਿੰਦਾ ਹੈ ਅਤੇ ਹਿੰਦੂ ਲੋਕ ਉਸਦੀ ਪੂਜਾ ਕਰਦੇ ਹਨ। ਮਹਾਰਾਸ਼ਟਰ ਵਿਚ ਵੀ ਇਸਤਰ੍ਹਾਂ ਹੁੰਦਾ ਹੈ ਜਿਥੇ ਨਾਮਦੇਵ ਜੀ ਰਹਿੰਦੇ ਸੀ।

ਇਹ ਯਾਦ ਰਖਣਾ ਵੀ ਜ਼ਰੂਰੀ ਹੈ ਅਤੇ ਜਿਵੇਂ ਪਹਿਲਾਂ ਦਸਿਆ ਗਿਆ ਹੈ ਕਿ ਨਾਮਦੇਵ ਜੀ ਦੇ ਬਹੁਤੇ ਸ਼ਬਦਾਂ ਨੂੰ ਅਲੰਕਾਰਕ ਰੂਪ ਵਿਚ ਸਮਝਣਾ ਚਾਹੀਦਾ ਹੈ, ਨਾ ਕਿ ਸ਼ਬਦਾਰਥ ਤੌਰ ਤੇ। ਸ਼ਬਦਾਰਥ ਅਨੁਵਾਦ ਭੁਲੇਖਾ-ਪਾਊ ਹੈ ਅਤੇ ਗਲਤ ਅਰਥ ਨਿਕਲ ਸਕਦੇ ਹਨ, ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਅਨੇਕਾਂ ਸ਼ਬਦਾਂ ਬਾਰੇ ਵੀ ਕਿਹਾ ਜਾ ਸਕਦਾ ਹੈ।

ਭਗਤ ਨਾਮਦੇਵ ਜੀ ਦੇ ਢੁਕਵੇਂ ਸ਼ਬਦ ਹੇਠ ਦਿਤੇ ਗਏ ਹਨ। ਸਹੀ ਰੂਪ ਵਿਚ ਅਲੰਕਾਰਕ ਅਰਥ ਹੀ ਹੈ ਜੋ ਸ਼ਬਦ ਦਾ ਅਤੇ 'ਰਹਾਉ' ਤੁਕ ਦਾ ਸਹੀ ਸੰਦੇਸ਼ ਦੇਂਦਾ ਹੈ।

## ਨਾਮਦੇਵ ਜੀ ਦਾ ਪਹਿਲਾ ਸ਼ਬਦ

ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥

**ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ ਰਹਾਉ॥**

ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥੨॥

**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥**

ਭੈਰਉ ਬਾਣੀ ਨਾਮਦੇਉ ਜੀਉ ਕੀ, ਅੰਕ ੧੧੬੪

ਸਰਲ ਅਰਥ: ਹੇ ਪ੍ਰਭੂ! ਮੈਂ ਛੀਂਬੇ ਦੇ ਘਰ ਕਿਉਂ ਜੰਮ ਪਿਆ? ਲੋਕ ਮੇਰੀ ਜਾਤ ਨੂੰ ਬੜੀ ਨੀਵੀਂ ਆਖਦੇ ਹਨ।੧।ਰਹਾਉ। ਮੈਂ ਬੜੇ ਚਾਅ ਨਾਲ ਤੇਰੇ ਮੰਦਰ ਆਇਆ ਸਾਂ, ਪਰ ਚੂੰ ਕਿ ਇਹ ਲੋਕ 'ਮੇਰੀ ਜਾਤਿ ਹੀਨੜੀ' ਸਮਝਦੇ ਹਨ, ਇਹਨਾਂ ਮੈਨੂੰ ਨਾਮੇ ਨੂੰ ਭਗਤੀ ਕਰਦੇ ਨੂੰ ਬਾਹੋਂ ਫੜ ਕੇ ਮੰਦਰ ਵਿਚੋਂ ਉਠਾਲ ਦਿੱਤਾ।੧। ਮੈਂ ਆਪਣੀ ਕੰਬਲੀ ਲੈ ਕੇ ਉੱਥੋਂ ਮੁੜ ਕੇ ਤੁਰ ਪਿਆ, ਤੇ ਹੇ ਪ੍ਰਭੂ! ਮੈਂ ਤੇਰੇ ਮੰਦਰ ਦੇ ਪਿਛਲੇ ਪਾਸੇ ਜਾ ਕੇ ਬਹਿ ਗਿਆ।੨। ਪਰ ਪ੍ਰਭੂ ਦੀ ਅਚਰਜ ਖੇਡ ਵਰਤੀ ਜਿਉਂ ਜਿਉਂ ਨਾਮਾ ਆਪਣੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਦਾ ਮੰਦਰ ਉਸ ਦੇ ਭਗਤਾਂ ਦੀ ਖ਼ਾਤਰ, ਉਸ ਦੇ ਸੇਵਕਾਂ ਦੀ ਖ਼ਾਤਰ ਫਿਰਦਾ ਜਾ ਰਿਹਾ ਹੈ।੩।੬।

ਸ਼ਬਦ ਦਾ ਭਾਵ: ‘ਉੱਚੀ’ ਜਾਤ ਵਾਲਿਆਂ ਵਲੋਂ ਸ਼ੂਦਰ-ਅਖਵਾਂਦਿਆਂ ਉੱਤੇ ਹੋ ਰਹਿਆਂ ਵਧੀਕੀਆਂ ਦੇ ਵਿਰੁੱਧ ਪ੍ਰਭੂ ਅੱਗੇ ਰੋਸ। ਜਿਉਂ ਜਿਉਂ ਇਹ ਰੋਸ ਸ਼ੂਦਰ-ਅਖਵਾਂਦੇ ਮਨੁੱਖ ਦੇ ਅੰਦਰ ਸਵੈਮਾਨ ਪੈਦਾ ਕਰਦਾ ਹੈ, ਉੱਚ-ਜਾਤੀਏ ਦੀ ਆਕੜ ਘਟਦੀ ਹੈ।

# ਨਾਮਦੇਵ ਜੀ ਦਾ ਦੂਜਾ ਸ਼ਬਦ

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥
ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥
ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥
ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥੩॥੨॥ ਮਲਾਰ , ਅੰਕ ੧੨੯੨

ਸਰਲ ਅਰਥ: ਹੇ ਸੁਹਣੇ ਰਾਮ! ਮੈਨੂੰ ਤੂੰ ਨਾ ਵਿਸਾਰੀਂ, ਮੈਨੂੰ ਤੂੰ ਨਾ ਭੁਲਾਈਂ, ਮੈਨੂੰ ਤੂੰ ਨਾ ਵਿਸਾਰੀਂ।੧। ਰਹਾਉ। ਇਹਨਾਂ ਪਾਂਡਿਆਂ ਨੂੰ ਇਹ ਵਹਿਮ ਹੈ ਕਿ ਇਹ ਉੱਚੀ ਜਾਤੀ ਵਾਲੇ ਹਨ, ਇਸ ਕਰਕੇ ਇਹ ਸਾਰੇ ਮੇਰੇ ਉੱਤੇ ਗੁੱਸੇ ਹੋ ਗਏ ਹਨ; ਸ਼ੂਦਰ ਸ਼ੂਦਰ ਆਖ ਆਖ ਕੇ ਤੇ ਮਾਰ-ਕੁਟਾਈ ਕਰ ਕੇ ਮੈਨੂੰ ਇਹਨਾਂ ਨੇ ਉਠਾਲ ਦਿੱਤਾ ਹੈ; ਹੇ ਮੇਰੇ ਬੀਠੁਲ ਪਿਤਾ! ਇਹਨਾਂ ਅੱਗੇ ਮੇਰੀ ਇਕੱਲੇ ਦੀ ਪੇਸ਼ ਨਹੀਂ ਜਾਂਦੀ।੧। ਜੇ ਤੂੰ ਮੈਨੂੰ ਮਰਨ ਪਿੱਛੋਂ ਮੁਕਤੀ ਦੇ ਦਿੱਤੀ, ਤੇਰੀ ਦਿੱਤੀ ਹੋਈ ਮੁਕਤੀ ਦਾ ਕਿਸੇ ਨੂੰ ਪਤਾ ਨਹੀਂ ਲੱਗਣਾ; ਇਹ ਪਾਂਡੇ ਮੈਨੂੰ ਨੀਚ ਆਖ ਰਹੇ ਹਨ, ਇਸ ਤਰ੍ਹਾਂ ਤਾਂ ਤੇਰੀ ਆਪਣੀ ਹੀ ਇੱਜ਼ਤ ਘੱਟ ਰਹੀ ਹੈ ਕੀ ਤੇਰੀ ਬੰਦਗੀ ਕਰਨ ਵਾਲਾ ਕੋਈ ਬੰਦਾ ਨੀਚ ਰਹਿ ਸਕਦਾ ਹੈ?।੨। ਹੇ ਸੁਹਣੇ ਰਾਮ! ਤੂੰ ਤਾਂ ਸਭਨਾਂ ਉੱਤੇ, ਚਾਹੇ ਕੋਈ ਨੀਚ ਕੁਲ ਦਾ

ਹੋਵੇ ਚਾਹੇ ਉੱਚੀ ਕੁਲ ਦਾ ਦਇਆ ਕਰਨ ਵਾਲਾ ਹੈਂ, ਤੂੰ ਮਿਹਰ ਦਾ ਘਰ ਹੈਂ, ਫਿਰ ਤੂੰ ਹੈਂ ਭੀ ਬੜਾ ਬਲੀ ਤੇ ਬੇਅੰਤ। ਕੀ ਤੇਰੇ ਸੇਵਕ ਉੱਤੇ ਕੋਈ ਤੇਰੀ ਮਰਜ਼ੀ ਤੋਂ ਬਿਨਾ ਧੱਕਾ ਕਰ ਸਕਦਾ ਹੈ? ਮੇਰੀ ਨਾਮਦੇਵ ਦੀ ਅਰਜ਼ੋਈ ਸੁਣ ਕੇ ਪ੍ਰਭੂ ਨੇ ਦੇਹੁਰਾ ਮੈਂ ਨਾਮਦੇਵ ਵਲ ਫੇਰ ਦਿੱਤਾ, ਤੇ ਪਾਂਡਿਆਂ ਵਲ ਪਿੱਠ ਹੋ ਗਈ।੩।੨।

ਸ਼ਬਦ ਦਾ ਭਾਵ: ਸਿਮਰਨ ਦਾ ਨਤੀਜਾ = ਨਿਰਭੈਤਾ ਅਤੇ ਅਣਖ-ਸਵੈਮਾਨ।

ਇਹਨਾਂ ਸ਼ਬਦਾਂ ਨੂੰ ਸਹੀ ਰੂਪ ਵਿਚ ਸਮਝਣ ਲਈ, ਨਾਮਦੇਵ ਜੀ ਦੇ ਪਿਛੋਕੜ ਬਾਰੇ ਕੁਝ ਜਾਨਣਾ ਜ਼ਰੂਰੀ ਹੈ। ਜਾਣਿਆ ਜਾਂਦਾ ਹੈ ਕਿ ਨਾਮਦੇਵ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਪੰਡਰਪੁਰ ਵਿਚ ਗੁਜ਼ਾਰਿਆ। ਪੰਡਰਪੁਰ ਵਿਚ ਹਰ ਕੋਈ ਜਾਣਦਾ ਸੀ ਕਿ ਨਾਮਦੇਵ ਜੀ ਦਰਜੀ ਦਾ ਕੰਮ ਕਰਦੇ ਹਨ। ਹਿੰਦੂ ਰੀਤੀ ਰਿਵਾਜਾਂ ਅਨੁਸਾਰ ਉਹਨਾਂ ਨੂੰ 'ਨੀਵੀਂ ਜਾਤੀ' ਦਾ ਕਿਹਾ ਜਾਂਦਾ ਸੀ ਅਤੇ ਹਿੰਦੂ 'ਉਚ-ਜਾਤੀ' ਅਨੁਸਾਰ ਮੰਦਰ ਦੇ ਪੁਜਾਰੀ ਉਹਨਾਂ ਨੂੰ 'ਬੀਠਲ' ਦੇ ਮੰਦਰ ਵਿਚ ਪੂਜਾ ਕਰਨ ਦੀ ਆਗਿਆ ਨਹੀਂ ਦਿੰਦੇ ਸਨ।

ਫਿਰ ਵੀ, ਸੰਭਵ ਹੈ ਕਿ ਜਦ ਨਾਮਦੇਵ ਜੀ ਆਪਣੇ ਖਿਆਲਾਂ ਵਿਚ ਪਰਮਾਤਮਾ ਨਾਲ ਜੁੜੇ ਹੋਏ ਸਨ ਅਤੇ ਅਧਿਆਤਮਿਕ ਰੂਪ ਵਿਚ ਮਾਨਸਿਕ ਤੌਰ ਤੇ ਉਚ-ਅਵਸਥਾ ਵਿਚ ਸਨ, ਤਾਂ ਉਹਨਾਂ ਮੰਦਰ ਜਾਣਾ ਚਾਹਿਆ। ਪੁਜਾਰੀਆਂ ਨੇ ਉਹਨਾਂ ਨੂੰ 'ਨੀਵੀਂ ਜਾਤੀ' ਦਾ ਕਹਿ ਕੇ ਮੰਦਰ ਵਿਚੋਂ ਕੱਢ ਦਿਤਾ। ਜੇ ਨਾਮਦੇਵ 'ਬੀਠਲ' ਦੇ ਪੂਜਾਰੀ ਹੁੰਦੇ ਅਤੇ ਰੋਜ਼ਾਨਾ ਆਉਂਦੇ ਹੁੰਦੇ ਤਾਂ ਉਹਨਾਂ ਨਾਲ ਇਸਤਰ੍ਹਾਂ ਦਾ ਵਰਤਾਰਾ ਨ ਹੋਇਆ ਹੁੰਦਾ। ਸੋ ਜੇ ਸ਼ਬਦ ਨੂੰ ਸ਼ਬਦਾਰਥ ਵਿਚ ਲਿਆ ਜਾਵੇ ਤਾਂ ਇਹ ਸਾਰਾ ਵਾਕਿਆ ਨਾ ਮੰਨਣਯੋਗ ਹੈ। ਇਹ ਸਮਝਣ ਯੋਗ ਹੈ ਕਿ 'ਰਹਾਉ' ਤੁਕ ਵਿਚ ਨਾਮਦੇਵ ਜੀ ਪਰਮਾਤਮਾ ਨੂੰ 'ਰਾਮਈਆ' ਕਹਿ ਕੇ ਪੁਕਾਰ ਰਹੇ ਹਨ ਜਦ ਕਿ ਹੋਰ ਥਾਵਾਂ ਤੇ 'ਬੀਠੁਲਾ' ਕਹਿ ਕੇ ਸੰਬੋਧਨ ਕਰਦੇ ਹਨ।

ਇਹਨਾਂ ਦੋਨਾ ਸ਼ਬਦਾਂ ਦਾ ਵਿਚਾਰ ਕਰਦਿਆਂ ਇੰਜ ਲਗਦਾ ਹੈ ਕਿ ਸ਼ਾਇਦ ਨਾਮਦੇਵ ਜੀ ਨੂੰ ਮੰਦਰ ਵਿਚੋਂ ਕੱਢ ਦਿਤਾ ਗਿਆ ਸੀ। ਜਦ ਉਹ ਮੰਦਰ ਦੇ ਪਿਛੇ ਆ ਬੈਠੇ ਤਾਂ ੳਹਨਾਂ ਨੇ ਪਰਮਾਤਮਾ ਪ੍ਰਤੀ ਧਿਆਨ ਲਗਾਈ ਰਖਿਆ। ਉਹ ਕੋਈ ਬੁੱਤ-ਪੂਜਕ ਨਹੀਂ ਸਨ ਅਤੇ ਨਾ ਮੰਦਰ ਦੇ ਅੰਦਰ ਵਾਲੇ ਬੁੱਤ ਬਾਰੇ ਸੋਚ ਰਹੇ ਸਨ। ਸਗੋਂ, ਉਹ ਤਾਂ ਪਰਮਾਤਮਾ ਬਾਰੇ ਸੋਚ ਰਹੇ ਸਨ ਅਤੇ ਪਰਮਾਤਮਾ ਦੀ ਹੋਂਦ ਨੂੰ ਆਪਣੇ ਅੰਦਰ ਦੇਖ ਰਹੇ ਸਨ।

ਸ਼ਬਦਾਂ ਦੇ ਸ਼ਬਦਾਰਥਿਕ ਅਨੁਵਾਦ ਗਲਤ ਪ੍ਰਭਾਵ ਦਿੰਦੇ ਹਨ ਕਿ ਨਾਮਦੇਵ ਹਿੰਦੂ ਦੇਵਤਿਆਂ ਦੇ ਬੁੱਤਾਂ ਨੂੰ 'ਬੀਠਲ' ਰੂਪ ਵਿਚ ਪੂਜਣ ਬਾਰੇ ਦਸ ਰਹੇ ਹਨ। ਜਦ ਅਲੰਕਾਕਰ

ਤੌਰ ਤੇ ਸਮਝਿਆ ਜਾਵੇ ਤਾਂ ਦੋਨੋ ਸ਼ਬਦ ਹੀ ਵਿਸ਼ੇਸ਼ ਤੌਰ ਤੇ ਜਾਤ-ਪਰਣਾਲੀ ਵਿਰੁੱਧ ਇਕ ਮਹੱਤਵ-ਪੂਰਣ ਸੰਦੇਸ਼ ਦੇ ਰਹੇ ਹਨ। ਜਾਤ-ਪਰਣਾਲੀ ਨੂੰ ਹਿੰਦੂ ਅਜੇ ਵੀ ਮੰਨਦੇ ਹਨ, ਪਰ ਗੁਰੂ ਜੀ ਵਿਰੋਧ ਕਰਦੇ ਹਨ। ਪਰਮਾਤਮਾ ਪ੍ਰਤੀ ਪ੍ਰਾਰਥਨਾ ਕਰਨ ਹਿਤ ਨਾਮਦੇਵ ਜੀ ਬਹੁਤ ਸ਼ਕਤੀਸ਼ਾਲੀ ਦਲੀਲ ਦਿੰਦੇ ਹਨ ਕਿ ਰੱਬ ਨੂੰ ਯਾਦ ਕਰਦਿਆਂ ਅਤੇ ਬੁੱਤ ਪੂਜਾ ਕਰਦਿਆਂ, ਅਧਿਆਤਮਿਕ ਪ੍ਰਾਪਤੀਆਂ ਨਹੀਂ ਹੁੰਦੀਆਂ, ਜਿਵੇਂ ਸਾਡੇ ਗੁਰੂਆਂ ਨੇ ਸਾਨੂੰ ਸਿਖਾਇਆ ਹੈ।

ਹੁਣ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ ੧੩੮੨ ਉੱਤੇ ਅੰਕਿਤ ਇਸ ਗੁਰਬਾਣੀ ਫ਼ੁਰਮਾਨ ਵੱਲ ਦੇਖੋ ।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥

"ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ" ਦਾ ਸ਼ਾਬਦਿਕ ਅਰਥ ਇਹ ਹੋ ਸਕਦਾ ਹੈ ਕਿ ਭਗਤ ਫਰੀਦ ਜੀ ਨੇ ਕਈ ਪੌੜੀਆਂ ਉੱਪਰ ਚੜ੍ਹ ਕੇ ਦੇਖਿਆ ਕਿ ਕਈ ਘਰਾਂ ਨੂੰ ਅੱਗ ਲੱਗੀ ਹੋਈ ਸੀ ।ਪਰ ਇਹ ਇੱਕ ਗਲਤ ਸਮਝ ਹੋਵੇਗੀ ਕਿਉਂਕਿ ਗੁਰਬਾਣੀ ਸਾਡੇ ਆਲੇ-ਦੁਆਲੇ ਦੇ ਭੌਤਿਕ ਸੰਸਾਰ 'ਤੇ ਧਿਆਨ ਕੇਂਦਰਿਤ ਨਹੀਂ ਕਰਦੀ ।ਇਸ ਦੀ ਬਜਾਏ, ਇਹ ਸਾਨੂੰ ਅਕਾਲ ਪੁਰਖ ਅਤੇ ਆਪਣੇ ਅੰਦਰਲੇ ਦੈਵੀ ਗੁਣਾਂ ਨਾਲ ਜੁੜ ਕੇ ਵਧੇਰੇ ਅਧਿਆਤਮਿਕ ਬਣਨਾ ਸਿਖਾਉਂਦੀ ਹੈ ।ਅਧਿਆਤਮਿਕ ਅਰਥ ਪ੍ਰਾਪਤ ਕਰਨ ਲਈ, ਸਾਨੂੰ ਵੱਖ-ਵੱਖ ਸ਼ਬਦਾਂ ਦੇ ਸ਼ਾਬਦਿਕ ਅਨੁਵਾਦ ਤੋਂ ਅੱਗੇ ਵਧਣਾ ਚਾਹੀਦਾ ਹੈ।

* ਜਾਨਿਆ: ਸ਼ਾਬਦਿਕ - ਸੁਚੇਤ ਹੋਣਾ ਜਾਂ ਗਿਆਨ ਪ੍ਰਾਪਤ ਕਰਨਾ। ਅਧਿਆਤਮਿਕ - ਅਹਿਸਾਸ ਹੋਣਾ ।
* ਊਚੇ ਚੜਿ ਕੈ ਦੇਖਿਆ: ਸ਼ਾਬਦਿਕ - ਉੱਪਰ ਚੜ੍ਹ ਕੇ ਦੇਖਿਆ। ਅਧਿਆਤਮਿਕ - ਮਨ ਦੀ ਉੱਚੀ ਅਧਿਆਤਮਿਕ ਅਵਸਥਾ ਤੋਂ ਦੇਖਣਾ ।
* ਅਗਿ: ਸ਼ਾਬਦਿਕ - ਅੱਗ; ।ਅਧਿਆਤਮਿਕ - ਦੁਨਿਆਵੀ ਜਾਂ ਸੰਸਾਰਿਕ ਇੱਛਾਵਾਂ ।

ਅੰਕ ੧੩੮੨ 'ਤੇ ਅੰਕਿਤ ਸਲੋਕ ਦਾ ਅਧਿਆਤਮਿਕ ਸੰਦੇਸ਼: ਫਰੀਦ ਜੀ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਨਿੱਜੀ ਦੁੱਖ ਕੋਈ ਨਿਰਾਲੀ ਚੀਜ਼ ਨਹੀਂ ਹੈ, ਇਹ ਉਹ ਚੀਜ਼ ਹੈ ਜਿਸਦਾ ਸਾਰੀ ਮਨੁੱਖਤਾ ਸਾਹਮਣਾ ਕਰਦੀ ਹੈ ।ਇਹ ਇਨਸਾਨ ਹੋਣ ਦਾ ਇੱਕ ਹਿੱਸਾ ਹੈ ।ਜਦੋਂ ਅਸੀਂ ਅਧਿਆਤਮਿਕ ਤੌਰ 'ਤੇ "ਉੱਚੀ ਅਵਸਥਾ" ਵਿੱਚ ਪਹੁੰਚਦੇ ਹਾਂ, ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਇਸ ਸਾਰੇ ਦੁੱਖ ਦੀ ਜੜ੍ਹ ਸਾਡੀਆਂ ਸੰਸਾਰਿਕ ਇੱਛਾਵਾਂ ਹਨ ।ਇਹ ਜਾਣਨਾ ਸਾਨੂੰ ਮੁਸ਼ਕਲਾਂ ਬਾਰੇ ਚਿੰਤਾ ਕਰਨਾ ਛੱਡਣ ਵਿੱਚ ਮਦਦ ਕਰਦਾ ਹੈ ਕਿਉਂਕਿ ਸਾਨੂੰ ਅਹਿਸਾਸ ਹੁੰਦਾ ਹੈ ਕਿ ਹਰ ਕੋਈ ਇਨ੍ਹਾਂ ਵਿੱਚੋਂ ਗੁਜ਼ਰਦਾ ਹੈ ।ਇਹ ਸਾਨੂੰ ਸ਼ਿਕਾਇਤ ਕਰਨ ਦੀ ਬਜਾਏ ਸੰਤੋਖ ਨਾਲ ਜੀਣਾ ਸਿਖਾਉਂਦਾ ਹੈ ।

ਅਸੀਂ ਇਹ ਵੀ ਜਾਣਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਜੀ ਰਾਹੀਂ ੧੬੦੪ ਈ: ਵਿਚ ਅੰਕਿਤ ਕੀਤੀਆਂ ਸਾਰੀਆਂ ਰਚਨਾਵਾਂ ਪੂਰੀ ਤਰ੍ਹਾਂ ਗੁਰੂਆਂ ਦੇ ਸੰਦੇਸ਼ ਅਤੇ 'ਮੂਲ ਮੰਤਰ' ਦੇ ਅਨੁਕੂਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਇਹ ਸਿਖਿਆ ਦਿੰਦਾ ਹੈ ਕਿ ਪਰਮਾਤਮਾ ਨਿਰੰਕਾਰ-ਰੂਪ ਹੈ ਅਤੇ ਕਿਸੇ ਵੀ ਦੇਵੀ/ਦੇਵਤੇ ਦੇ ਰੂਪ ਵਿਚ ਅਵਤਾਰ ਲੈਕੇ ਤੇ ਧਰਤੀ ਤੇ ਦ੍ਰਿਸ਼ਟਮਾਨ ਨਹੀਂ ਹੁੰਦਾ ਅਤੇ ਨਾ ਹੀ ਉਹ ਕਿਸੇ ਮਨੁਖ ਦੇ ਬਣੇ ਪੱਥਰ ਦਾ ਬੁੱਤ ਹੈ। ਗੁਰੂ ਗ੍ਰੰਥ ਸਾਹਿਬ ਵਿਚਲਾ ਮੂਲ ਮੰਤਰ ਸਪਸ਼ਟ ਤੌਰ ਤੇ ਸਮਝਾਂਦਾ ਹੈ ਕਿ ਪਰਮਾਤਮਾ 'ਅਕਾਲ ਮੂਰਤ' ਹੈ ਅਤੇ 'ਅਜੂਨੀ ਸੈਭੰ' ਹੋਣ ਸਦਕਾ ਜਨਮ-ਮਰਨ ਤੋਂ ਰਹਿਤ ਹੈ। ਜਨਮ ਲੈ ਕੇ ਹੋਂਦ ਵਿਚ ਆਉਣ ਵਾਲਾ ਹਰ ਜੀਵ ਜਾਂ ਪਦਾਰਥ ਮਰਣਹਾਰ ਹੈ, ਪਰ ਪਰਮਾਤਮਾ ਇਸ ਆਵਾਗਵਣ ਦਾ ਭਾਗੀ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦ ਹਨ ਜੋ ਪਰਮਾਤਮਾ ਪ੍ਰਤੀ ਪ੍ਰਾਰਥਨਾ ਕਰਨ ਦੇ ਲਾਭ ਦਰਸਾਂਦੇ ਹਨ। ਕੋਈ ਵੀ ਸ਼ਬਦ, ਭਗਤ ਨਾਮਦੇਵ ਜੀ ਦੇ ਦੋ ਸ਼ਬਦਾਂ ਸਮੇਤ, ਨਾ ਤਾਂ ਬੁੱਤ ਪੂਜਾ ਨੂੰ ਪਰਵਾਨ ਕਰਦੇ ਹਨ ਅਤੇ ਨਾ ਹੀ ਅਜਿਹਾ ਕਰਨ ਦੇ ਸਮਰਥਕ ਹਨ।

*******************

# ੯. ਸ਼ੇਖ਼ ਫਰੀਦ - ਨਿਮਰਤਾ ਅਤੇ ਦਇਆਲਤਾ ਦੇ ਪੁੰਜ

ਸ਼ੇਖ਼ ਫਰੀਦ (੧੧੭੩-੧੨੬੫ ਈ:) ਦਾ ਜਨਮ ਮੁਲਤਾਨ (ਹੁਣ ਪਾਕਿਸਤਾਨ) ਦੇ ਨੇੜੇ ਪਿੰਡ ਕੋਠੋਂਵਾਲ ਵਿਚ ਹੋਇਆ। ਉਹਨਾਂ ਦਾ ਪੂਰਾ ਨਾਮ ਫਰੀਦ-ਉਦ-ਦੀਨ ਮਸੂਦ ਸੀ। ਆਪ ਜੀ ਦੇ ਪਿਤਾ ਦਾ ਨਾਮ ਜਮਾਲ-ਉਦ-ਦੀਨ ਸੁਲੇਮਾਨ ਸੀ ਅਤੇ ਮਾਤਾ ਦਾ ਨਾਮ ਕਰਸੁਮ ਬੀਬੀ ਸੀ। ਆਪ ਜੀ ਦੀ ਮਾਤਾ ਬਹੁਤ ਧਾਰਮਿਕ ਭਾਵਨਾਵਾਂ ਦੀ ਸੀ। ਘਰਾਣੇ ਦੇ ਪੱਖੋਂ, ਉਹ ਹਜ਼ਰਤ ਅਲੀ ਦੇ ਪਰਿਵਾਰ ਨਾਲ ਸਬੰਧ ਰਖਦੀ ਸੀ।

ਫਰੀਦ ਜੀ ਨੇ ਸਾਦਾ ਜੀਵਨ ਬਿਤਾਇਆ। ਆਪ ਜੀ ਨੇ ਆਪਣੀ ਮੁੱਢਲੀ ਸਿਖਿਆ ਆਪਣੇ ਦਾਦਾ ਕਾਜ਼ੀ ਸੁਐਬ ਜੀ ਪਾਸੋਂ ਅਰਬੀ ਅਤੇ ਫ਼ਾਰਸੀ ਵਿਚ ਹਾਸਲ ਕੀਤੀ। ੧੬ ਸਾਲ ਦੀ ਆਯੂ ਵਿਚ ਫਰੀਦ ਜੀ ਆਪਣੇ ਮਾਤਾ ਪਿਤਾ ਜੀ ਨਾਲ ਹੱਜ ਕਰਨ ਲਈ ਮੱਕਾ ਗਏ। ਜਵਾਨੀ ਵਿੱਚ ਉਹ ਆਪਣੇ ਮੁਰਸ਼ਦ ਕੁਤਬਦੀਨ ਬਖ਼ਤਿਆਰ ਕਾਕੀ ਨੂੰ ਮਿਲੇ ਜੋ ਇਕ ਜਾਣੇ ਪਹਿਚਾਣੇ ਸੂਫ਼ੀ ਪੀਰ (ਸੰਤ) ਸਨ। ਕਾਕੀ ਜੀ ਨੇ ਫਰੀਦ ਨੂੰ ਆਪਣੀ ਖਾਨਗਾਹ ਵਿਚ ਇਕ ਕਮਰਾ ਦਿਤਾ ਅਤੇ ਇਹ ਸਿਖਿਆ ਦਿਤੀ ਕਿ ਦੁਨੀਆਂ ਵਿਚ ਆਉਣ ਦਾ ਮਕਸਦ ਪਰਮਾਤਮਾ ਦੀ ਪ੍ਰਾਪਤੀ ਹੈ। ਅਤੇ ਕਿਹਾ ਕਿ ਇਸ ਪ੍ਰਾਪਤੀ ਲਈ ਦੁਨੀਆਂ ਦੇ ਸੁਖਾਂ ਨੂੰ ਤਿਆਗਣਾ ਪਵੇਗਾ। ਕੁਤਬਦੀਨ ਬਖਤਿਆਰ ਦੇ ਦਿਹਾਂਤ ਮਗਰੋਂ ਫਰੀਦ ਜੀ ਨੇ ਆਪਣੇ ਪੀਰ ਦਾ ਚੋਗਾ ਪਹਿਨ ਲਿਆ। ਸ਼ੇਖ਼ ਬ੍ਰਹਮ ਨੂੰ, ਜੋ ਫਰੀਦ ਜੀ ਦੇ ੧੧ਵਾਂ ਉਤਰਾਧਿਕਾਰੀ ਸਨ, ਗੁਰੂ ਨਾਨਕ ਜੀ ੧੫੦੦ ਈ: ਵਿਚ ਮਿਲੇ। ਗੁਰੂ ਨਾਨਕ ਜੀ ਨੇ ਸ਼ੇਖ਼ ਬ੍ਰਹਮ ਪਾਸੋਂ ਫਰੀਦ ਜੀ ਦੀਆਂ ਰਚਨਾਵਾਂ ਪ੍ਰਾਪਤ ਕੀਤੀਆਂ।

ਫਰੀਦ ਜੀ ਦੇ ਚੇਲੇ ਆਪ ਜੀ ਨੂੰ ਅਕਸਰ 'ਸ਼ਕਰਗੰਜ' ਕਰਕੇ ਜਾਣਦੇ ਸਨ, ਜਿਸਦਾ ਸ਼ਬਦੀ ਅਰਥ 'ਸ਼ੱਕਰ ਦਾ ਭੰਡਾਰ' ਹੈ, ਪਰ ਅਲੰਕਾਰਕ ਤੌਰ ਤੇ 'ਨਿਮਰਤਾ ਅਤੇ ਮਿਠਾਸ ਦਾ ਘਰ' ਹੈ। ਫਰੀਦ ਜੀ ਨੇ ਕਈ ਜੀਵਾਂ ਨਾਲ ਸੰਪਰਕ ਕੀਤਾ ਅਤੇ ਅਧਿਆਤਮਿਕ ਜੀਵਨ ਜੀਣ ਦਾ ਸਹੀ ਰਸਤਾ ਲੱਭਿਆ। ਆਪ ਜੀ ਅਤਿ ਦਰਜੇ ਦੇ ਦਇਆਲੂ ਸਨ। ਜੋ ਵੀ ਆਪ ਜੀ ਨਾਲ ਗਲਬਾਤ ਕਰਦਾ, ਉਸਨੂੰ ਸ਼ਾਂਤਮਈ ਧਾਰਣਾ ਦਾ ਅਭਿਆਸ ਹੁੰਦਾ। ਫਰੀਦ ਜੀ ਕਹਿੰਦੇ ਸਨ ਕਿ ਨਿਮਰਤਾ ਅਤੇ ਦਇਆਲਤਾ ਸਾਰੇ ਮਨੁੱਖੀ ਜੀਵਾਂ ਲਈ ਜ਼ਰੂਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੇ ਸ਼ੇਖ਼ ਫਰੀਦ ਜੀ ਦੇ ਦੋ ਸਲੋਕ ਨਿਮਰਤਾ ਅਤੇ ਦਇਆਲਤਾ ਦੀ ਮਹਾਨਤਾ ਦਰਸਾਉਂਦੇ ਹਨ। ਇਹ ਸ਼ਬਦ ਇਸਤਰ੍ਹਾਂ ਹਨ:

**1.** ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ**॥੧੨੯॥ ਸਲੋਕ ਸੇਖ ਫਰੀਦ ਕੇ, ਅੰਕ ੧੩੮੪

**ਸਰਲ ਅਰਥ:** ਇੱਕ ਭੀ ਫਿੱਕਾ ਬਚਨ ਨਾਹ ਬੋਲ ਕਿਉਂਕਿ ਸਭ ਵਿਚ ਸੱਚਾ ਮਾਲਕ ਵੱਸ ਰਿਹਾ ਹੈ, ਕਿਸੇ ਦਾ ਭੀ ਦਿਲ ਨਾਹ ਦੁਖਾ ਕਿਉਂਕਿ ਇਹ ਸਾਰੇ ਜੀਵ ਅਮੋਲਕ ਮੋਤੀ ਹਨ। ੧੨੯।

੨. ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ**॥੧੩੦॥

**ਸਰਲ ਅਰਥ:** ਸਾਰੇ ਜੀਵਾਂ ਦੇ ਮਨ ਮੋਤੀ ਹਨ, ਕਿਸੇ ਨੂੰ ਭੀ ਦੁਖਾਣਾ ਉੱਕਾ ਹੀ ਚੰਗਾ ਨਹੀਂ। ਜੇ ਤੈਨੂੰ ਪਿਆਰੇ ਪ੍ਰਭੂ ਦੇ ਮਿਲਣ ਦੀ ਤਾਂਘ ਹੈ, ਤਾਂ ਕਿਸੇ ਦਾ ਦਿਲ ਨਾਹ ਢਾਹ। ੧੩੦।

ਬਾਅਦ ਵਿਚ ਗੁਰੂ ਨਾਨਕ ਜੀ ਨੇ ਇਹਨਾਂ ਸਲੋਕਾਂ ਦਾ ਵਿਸਤਾਰ ਕੀਤਾ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥
**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**॥
ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥ ਰਾਗ ਆਸਾ, ਅੰਕ ੪੭੦

**ਸਰਲ ਅਰਥ:** ਸਿੰਮਲ ਦਾ ਰੁੱਖ ਕੇਡਾ ਸਿੱਧਾ, ਲੰਮਾ ਤੇ ਮੋਟਾ ਹੁੰਦਾ ਹੈ। ਪਰ ਉਹ ਪੰਛੀ ਜੋ ਫਲ ਖਾਣ ਦੀ ਆਸ ਰੱਖ ਕੇ ਇਸ ਉਤੇ ਆ ਬੈਠਦੇ ਹਨ, ਉਹ ਨਿਰਾਸ ਹੋ ਕੇ ਕਿਉਂ ਜਾਂਦੇ ਹਨ? ਇਸ ਦਾ ਕਾਰਨ ਇਹ ਹੈ ਕਿ ਰੁੱਖ ਭਾਵੇਂ ਏਡਾ ਉੱਚਾ, ਲੰਮਾ ਤੇ ਮੋਟਾ ਹੈ, ਪਰ ਇਸ ਦੇ ਫਲ ਫਿੱਕੇ ਹੁੰਦੇ ਹਨ, ਤੇ ਫੁੱਲ ਬੇਸੁਆਦੇ ਹਨ, ਪੱਤਰ ਭੀ ਕਿਸੇ ਕੰਮ ਨਹੀਂ ਆਉਂਦੇ। **ਹੇ ਨਾਨਕ! ਨੀਵੇਂ ਰਹਿਣ ਵਿਚ ਮਿਠਾਸ ਹੈ, ਗੁਣ ਹਨ, ਨੀਵਾਂ ਰਹਿਣਾ ਸਾਰੇ ਗੁਣਾਂ ਦਾ ਸਾਰ ਹੈ, ਭਾਵ, ਸਭ ਤੋਂ ਚੰਗਾ ਗੁਣ ਹੈ।** ਭਾਵੇਂ ਆਮ ਤੌਰ ਤੇ ਜਗਤ ਵਿਚ ਹਰੇਕ ਜੀਵ ਆਪਣੇ ਸੁਆਰਥ ਲਈ ਲਿਫਦਾ ਹੈ, ਕਿਸੇ ਦੂਜੇ ਦੀ ਖ਼ਾਤਰ ਨਹੀਂ, ਇਹ ਭੀ ਵੇਖ ਲਵੋ ਕਿ ਜੇ ਤੱਕੜੀ ਉਤੇ ਧਰ ਕੇ ਤੋਲਿਆ ਜਾਏ ਭਾਵ, ਜੇ ਚੰਗੀ ਤਰ੍ਹਾਂ ਪਰਖ ਕੀਤੀ ਜਾਏ ਤਾਂ ਭੀ ਨੀਵਾਂ ਪੱਲੜਾ ਹੀ ਭਾਰਾ ਹੁੰਦਾ ਹੈ, ਭਾਵ ਜੋ ਲਿਫਦਾ ਹੈ ਉਹੀ ਵੱਡਾ ਗਿਣੀਦਾ ਹੈ। ਪਰ ਨਿਊਣ ਦਾ ਭਾਵ, ਮਨੋਂ ਨਿਊਣਾ ਹੈ, ਨਿਰਾ ਸਰੀਰ ਨਿਵਾਉਣਾ ਨਹੀਂ ਹੈ; ਜੇ ਸਰੀਰ ਦੇ ਨਿਵਾਉਣ ਨੂੰ ਨੀਵਾਂ ਰਹਿਣਾ ਆਖੀਦਾ ਹੋਵੇ ਤਾਂ

ਸ਼ਿਕਾਰੀ ਜੋ ਮਿਰਗ ਮਾਰਦਾ ਫਿਰਦਾ ਹੈ, ਲਿਫ ਕੇ ਦੋਹਰਾ ਹੋ ਜਾਂਦਾ ਹੈ, ਪਰ ਜੇ ਨਿਰਾ ਸਿਰ ਹੀ ਨਿਵਾ ਦਿੱਤਾ ਜਾਏ, ਤੇ ਅੰਦਰੋਂ ਜੀਵ ਖੋਟੇ ਹੀ ਰਹਿਣ ਤਾਂ ਇਸ ਨਿਊਣ ਦਾ ਕੋਈ ਲਾਭ ਨਹੀਂ ਹੋ ਸਕਦਾ ਹੈ।੧।

ਗੁਰੂ ਨਾਨਕ ਜੀ ਨੇ ਨਿਮਰਤਾ ਦੀ ਮਹਾਨਤਾ ਦੀ ਵਿਆਖਿਆ ਕਰਨ ਲਈ ਸਿੰਬਲ ਰੁਖ ਦਾ ਉਦਾਹਰਣ ਦਿਤਾ। ਸਿੰਬਲ ਰੁਖ ਬਹੁਤ ਜਲਦੀ ਵੱਧਦਾ ਹੈ, ਜਿਸਦੇ ਲਾਲ ਫੁੱਲ ਖੂਬਸੂਰਤ ਅਤੇ ਮਨਮੋਹਕ ਹੁੰਦੇ ਹਨ। ਖਾਣੇ ਦੀ ਉਮੀਦ ਵਿਚ ਪੰਛੀ ਇਸ ਵੱਲ ਖਿੱਚੇ ਚਲੇ ਆਉਂਦੇ ਹਨ। ਪਰ ਉਹਨਾਂ ਨੂੰ ਨਿਰਾਸਤਾ ਹੁੰਦੀ ਹੈ ਕਿਉਂਕਿ ਇਸਦੇ ਫ਼ਲ ਫਿੱਕੇ ਅਤੇ ਬਕਬਕੇ ਹੁੰਦੇ ਹਨ ਅਤੇ ਇਸਦੇ ਫੁਲਾਂ ਵਿਚ ਕੋਈ ਅੰਮ੍ਰਿਤ ਰਸ ਨਹੀਂ ਹੁੰਦਾ। ਦੂਜੇ ਸ਼ਬਦਾਂ ਵਿਚ, ਮਨਮੋਹਕ ਅਤੇ ਸ਼ਾਨਦਾਰ ਹੋਣ ਦੇ ਬਾਵਜੂਦ ਇਹ ਪੰਛੀਆਂ ਲਈ ਫ਼ਜ਼ੂਲ ਹਨ। ਅਲੰਕਾਰਕ ਰੂਪ ਵਿਚ ਸ਼ਬਦ ਦਾ ਸਹੀ ਸੰਦੇਸ਼ ਹੈ ਕਿ ਬਾਹਰਲੀ ਪਵਿੱਤਰਤਾ ਅਤੇ ਸੁੰਦਰ ਵਿਵਹਾਰ ਬੇਅਰਥ ਅਤੇ ਫ਼ਜ਼ੂਲ ਹਨ। ਮਨੁੱਖ ਦੀਆਂ ਅੰਦਰੂਨੀ ਖੂਬੀਆਂ ਅਤੇ ਚੰਗਿਆਈ ਹੀ ਅਧਿਆਤਮਿਕਤਾ ਹਿਤ ਲਾਹੇਵੰਦ ਹੁੰਦੀਆਂ ਹਨ।

ਸ਼ੇਖ਼ ਫਰੀਦ ਜੀ ਦਾ ਵਿਸ਼ਵਾਸ ਸੀ ਕਿ ਮਨੁੱਖਾਂ ਨੂੰ ਇਸ ਜੀਵਨ ਵਿਚ ਦਰਵੇਸ਼ ਬਣਨ ਦਾ ਅਵਸਰ ਮਿਲਿਆ ਹੈ। ਪਰ ਲਾਲਚ ਕਾਰਨ ਲੋਕ ਬੁਰੇ ਬਣ ਜਾਂਦੇ ਹਨ। ਫਰੀਦ ਜੀ ਦਾ ਵਿਸ਼ਵਾਸ ਸੀ ਕਿ ਸੰਤ-ਪੁਰਸ਼ ਬਣਨ ਲਈ ਵਿਅੱਕਤੀ ਨੂੰ ਘਰ-ਪਰਵਾਰ ਤਿਆਗਣ ਦੀ ਲੋੜ ਨਹੀਂ। ਉਹ ਗ੍ਰਹਸਤੀ ਹੁੰਦਿਆਂ ਹੋਇਆਂ ਵੀ ਭਗਤੀ ਕਰਨ ਨਾਲ ਪਰਮਾਤਮਾ ਨੂੰ ਪਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫਰੀਦ ਜੀ ਦੀਆਂ ਰਚਨਾਵਾਂ ਵਿਚ ਦਰਵੇਸ਼ ਹੋਣ ਦੇ ਇਹ ਗੁਣ ਦਸੇ ਹਨ: ਨਿਮਰਤਾ, ਲਾਲਚ ਦਾ ਤਿਆਗ, ਈਮਾਨਦਾਰ ਜੀਵਨ, ਅਤੇ ਪਰਮਾਤਮਾ ਨੂੰ ਹਰ ਵੇਲੇ ਯਾਦ ਰਖਨਾ।

ਕਿਸੇ ਵੀ ਦਰਵੇਸ਼ ਦੀਆਂ ਇਹ ਚੰਗਿਆਈਆ ਗੁਰੂ ਨਾਨਕ ਜੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸ਼ਬਦਾਂ ਅਤੇ ਸਿਖਿਅਵਾਂ ਦੇ ਅਨੁਕੂਲ ਹਨ।

*******************

# ੧੦. ਸ਼ੇਖ਼ ਫਰੀਦ - ਸਧਾਰਨ ਜੀਵਨ

ਜਿਵੇਂ ਪਿੱਛੇ ਦਸਿਆ ਹੈ ਕਿ ਸ਼ੇਖ਼ ਫਰੀਦ ਜੀ ਦੀਆਂ ਰਚਨਾਵਾਂ ਇਕ ਸੰਤ-ਸੁਭਾਅ ਵਾਲੇ ਵਿਅੱਕਤੀ ਦੀਆਂ ਵਿਸ਼ੇਸ਼ਤਾਈਆਂ ਦਰਸਾਉਂਦੀਆਂ ਹਨ। ਹਰ ਇਨਸਾਨ, ਗ੍ਰਿਹਸਤੀ ਜੀਵਨ ਜੀਊਂਦਿਆਂ ਵੀ ਪਰਮਾਤਮਾ ਨੂੰ ਪਾ ਸਕਦਾ ਹੈ। ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਬਹੁਤੇ ਸ਼ਬਦਾਂ ਨੂੰ ਅਲੰਕਾਰਕ ਰੂਪ ਵਿੱਚ ਸਮਝਣਾ ਜ਼ਰੂਰੀ ਹੈ, ਉਸੇ ਤਰ੍ਹਾਂ ਹੀ ਸ਼ੇਖ਼ ਫਰੀਦ ਜੀ ਦੇ ਸਲੋਕਾਂ ਨੂੰ ਵੀ ਸਹੀ ਰੂਪ ਵਿਚ ਸਮਝਣ ਲਈ ਇਹਨਾਂ ਦੇ ਅਲੰਕਾਰਕ ਰੂਪ ਨੂੰ ਸਮਝਣਾ ਜ਼ਰੂਰੀ ਹੈ, ਨਾ ਕਿ ਸ਼ਾਬਦਿਕ ਅਰਥਾਂ ਵਿਚ। ਕੁਝ ਉਦਾਹਰਣਾਂ ਹੇਠ ਦਿਤੀਆਂ ਗਈਆਂ ਹਨ।

## ਸਧਾਰਨ ਖਾਣਾ

ਸ਼ਾਬਦਿਕ ਅਰਥਾਂ ਵਿਚ, ਸ਼ੇਖ਼ ਫਰੀਦ ਜੀ ਦੇ ਹੇਠ ਦਿਤੇ ਦੋ ਸਲੋਕ ਇਹ ਪ੍ਰਭਾਵ ਦਿੰਦੇ ਹਨ ਕਿ ਸ਼ੇਖ਼ ਜੀ ਦੇ ਖਾਣੇ ਬਾਰੇ ਉਹਨਾਂ ਦਾ ਅਭਿਆਸ ਕੁਦਰਤ ਦੇ ਨਿਯਮਾਂ ਦੇ ਵਿਪ੍ਰੀਤ ਸੀ:

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥੨੮॥ ਸਲੋਕ ਸੇਖ ਫਰੀਦ ਕੇ, ਅੰਕ ੧੩੭੯

**ਸਰਲ ਅਰਥ:** ਹੇ ਫਰੀਦ! ਆਪਣੇ ਹੱਥਾਂ ਦੀ ਕਮਾਈ ਹੋਈ ਮੇਰੀ ਰੁੱਖੀ-ਮਿੱਸੀ ਭਾਵ, ਸਾਦਾ ਰੋਟੀ ਹੈ, ਮੇਰੀ ਭੁੱਖ ਹੀ ਇਸ ਰੋਟੀ ਦੇ ਨਾਲ ਸਲੂਣਾ ਹੈ। ਜੋ ਲੋਕ ਚੰਗੀ-ਚੋਖੀ ਖਾਂਦੇ ਹਨ, ਉਹ ਬੜੇ ਕਸ਼ਟ ਸਹਿੰਦੇ ਹਨ ਭਾਵ, ਆਪਣੀ ਕਮਾਈ ਦੀ ਸਾਦਾ ਰੋਟੀ ਚੰਗੀ ਹੈ, ਚਸਕੇ ਮਨੁੱਖ ਨੂੰ ਖ਼ੁਆਰ ਕਰਦੇ ਹਨ।੨੮।

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥**
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥ ਅੰਕ ੧੩੭੯

**ਸਰਲ ਅਰਥ:** ਹੇ ਫਰੀਦ! ਆਪਣੀ ਕਮਾਈ ਦੀ ਰੁੱਖੀ-ਸੁੱਖੀ ਹੀ ਖਾ ਕੇ ਠੰਢਾ ਪਾਣੀ ਪੀ ਲੈ। ਪਰ ਪਰਾਈ ਸੁਆਦਲੀ ਰੋਟੀ ਵੇਖ ਕੇ ਆਪਣਾ ਮਨ ਨਾਹ ਤਰਸਾਈਂ।੨੯।

ਸ਼ੇਖ਼ ਫਰੀਦ ਜੀ ਇਕ ਗ੍ਰਹਸਤੀ ਵਿਅੱਕਤੀ ਸਨ, ਅਤੇ ਉਹ ਇਕ ਸਾਂਵੀ-ਪੱਧਰੀ ਜ਼ਿੰਦਗੀ ਬਸਰ ਕਰਦੇ ਸਨ। ਉਹ ਇਕ ਰੋਲ-ਮਾਡਲ ਦੇ ਪ੍ਰਤੀਕ ਸਨ ਅਤੇ ਉਹਨਾਂ ਦੇ ਕੰਮ ਹੋਰਨਾਂ ਲਈ ਮਾਰਗ-ਦਰਸ਼ਕ ਸਨ। ਫਿਰ ਵੀ, ਕੁਝ ਲੋਗ ਕਹਿੰਦੇ ਹਨ ਕਿ ਸ਼ੇਖ਼ ਫਰੀਦ ਜੀ

ਆਪਣੀ ਭੁੱਖ ਮਿਟਾਉਣ ਲਈ ਲੱਕੜ ਦੇ ਇਕ ਟੁਕੜੇ ਨੂੰ ਚੱਕ ਮਾਰਦੇ ਸਨ। ਇਸਤਰ੍ਹਾਂ ਕਰਨਾ ਕੁਦਰਤੀ ਨਿਯਮਾਂ ਦੇ ਉਲਟ ਹੈ ਅਤੇ ਨਿਸਚੈ ਹੀ ਗਲਤ ਹੈ। ਭੁੱਖ ਲੱਗਣ ਵੇਲੇ ਵਿਅੱਕਤੀ ਨੂੰ ਖੁਰਾਕ ਚਾਹੀਦੀ ਹੈ। ਇਹ ਭੁਲੇਖਾ ਸ਼ੇਖ਼ ਫਰੀਦ ਜੀ ਦੇ ਸਲੋਕ ੨੮ ਅਤੇ ੨੯ ਦੇ ਸ਼ਾਬਦਿਕ ਅਰਥ ਕਰਨ ਕਰਕੇ ਲਗਦਾ ਹੈ।

ਪਰ, ਜੇ ਸਹੀ ਤੌਰ ਤੇ ਸਮਝਿਆ ਜਾਵੇ ਤਾਂ ਸਲੋਕ ੨੯ ਵਿਚ ਸ਼ੇਖ਼ ਫਰੀਦ ਜੀ ਇਹ ਸੰਕੇਤ ਕਰਦੇ ਹਨ ਕਿ ਇਨਸਾਨ ਨੂੰ ਸਧਾਰਨ ਖਾਣਾ ਖਾਣਾ ਚਾਹੀਦਾ ਹੈ। ਸਲੋਕ ੨੮ ਵਿਚ, ਆਪ ਜੀ ਦਾ ਇਹ ਸੁਝਾਅ ਹੈ ਕਿ ਈਮਾਨਦਾਰੀ ਅਤੇ ਮੇਹਨਤ ਨਾਲ ਕਮਾਈ ਸਧਾਰਨ ਰੋਟੀ ਹੀ ਭੁੱਖ ਨੂੰ ਸੰਤੁਸ਼ਟ ਕਰਦੀ ਹੈ, ਜਿਵੇਂ ਕਿ ਭੁੱਖ ਹੀ ਇਕ ਅੱਛਾ 'ਲਾਵਣ' ਹੈ ਜਿਸ ਦੇ ਨਾਲ ਖਾਣ ਦੀ ਇੱਛਾ ਵਧਦੀ ਹੈ। ਸ਼ੇਖ਼ ਫਰੀਦ ਜੀ ਸੁਆਦ ਲਈ ਕੋਈ ਬਹੁਤ ਲਜੀਜ਼ ਜਾਂ ਵੰਨ-ਸੁਵੰਨੇ ਪਦਾਰਥ ਖਾਣ ਲਈ ਨਹੀਂ ਕਹਿੰਦੇ। ਲਾਲਚ ਅਤੇ ਈਰਖਾ ਅਧੀਨ ਲੋਗ ਬੇਈਮਾਨੀ ਸਦਕਾ ਸ਼ਾਹਾਨਾ ਖਾਣੇ ਖਾਣ ਪ੍ਰਤੀ ਉਤੇਜਿਤ ਹੁੰਦੇ ਹਨ। ਇਸ ਦੀ ਬਜਾਏ, ਇਨਸਾਨ ਨੂੰ ਸਧਾਰਨ ਖਾਣਾ ਖਾਣਾ ਚਾਹੀਦਾ ਹੈ, ਜੋ ਕਿ ਈਮਾਨਦਾਰੀ ਨਾਲ ਕਮਾਇਆ ਗਿਆ ਹੋਵੇ।

ਜਾਣੇ ਪਹਿਚਾਣੇ ਅਲੰਕਾਰਾਂ ਦੀ ਵਰਤੋਂ ਕਰਨ ਨਾਲ ਸ਼ਬਦਾਂ ਦੇ ਅਰਥ ਸਪਸ਼ਟ ਰੂਪ ਵਿਚ ਸਮਝਣ ਲਈ ਬੜਾ ਸੌਖ ਰਹਿੰਦਾ ਹੈ। ਲਕੜੀ ਦੀ ਰੋਟੀ ਤੋਂ ਭਾਵ ਉਹ ਸਧਾਰਨ ਰੋਟੀ ਹੈ ਜੋ ਸ਼ਾਇਦ ਕਈ ਦਿਨਾ ਦੀ ਪਈ ਹੋਵੇ ਅਤੇ ਖਾਣੀ ਮੁਸ਼ਕਲ ਹੋਵੇ। ਸੁੱਕਾ ਹੋਇਆ ਖਾਣਾ, ਜਿਸ ਵਿਚ ਕੋਈ ਵਾਧੂ ਅਤੇ ਮਹਿੰਗੇ ਪਦਾਰਥ ਨਾ ਹੋਣ, ਸਧਾਰਨ ਖਾਣੇ ਦੇ ਬਰਾਬਰ ਹੈ। ਇਸੇਤਰ੍ਹਾਂ ਮੱਖਣ ਨਾਲ ਚੋਪੜੀ ਰੋਟੀ ਇਕ ਬਹੁਤ ਹੀ ਜ਼ਿਆਦਾ ਲਜੀਜ਼ ਅਤੇ ਸੱਜੀ-ਸੰਵਾਰੀ ਸ਼ਾਹੀ ਖਾਣੇ ਦੇ ਬਰਾਬਰ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਰ ਜਗਹ ਗੁਰੂਆਂ ਨੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ ਜਿਸ ਨਾਲ ਸਧਾਰਨ ਪੇਂਡੂ ਲੋਕਾਂ ਦੀ ਬੋਲੀ ਬੋਲ ਕੇ ਉਹਨਾਂ ਨਾਲ ਜੁੜਿਆ ਜਾ ਸਕੇ। ਕਿਸੇ ਵੀ ਮਹੱਤਵਪੂਰਣ ਨੁਕਤੇ ਨੂੰ ਸਮਝਾਉਣ ਲਈ ਅਲੰਕਾਰ ਹਮੇਸ਼ਾ ਹੀ ਵਧੇਰੇ ਵਰਤੇ ਜਾਂਦੇ ਹਨ। ਅਲੰਕਾਰ ਜਦੋਂ ਸਹੀ ਰੂਪ ਵਿਚ ਵਰਤੇ ਜਾਂਦੇ ਹਨ ਤਾਂ ਉਹ ਸਪਸ਼ਟ ਤੌਰ ਤੇ ਅਰਥ ਸਮਝਾਉਂਦੇ ਹਨ, ਜਿਵੇਂ ਕਿ 'ਇਕ ਤਸਵੀਰ ਹਜ਼ਾਰ ਸ਼ਬਦਾਂ ਦੇ ਬਰਾਬਰ ਹੈ'।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀਆਂ ਆਪ ਜੀ ਦੀਆਂ ਰਚਨਾਵਾਂ ਨੂੰ ਸਹੀ ਤੌਰ ਤੇ ਸਮਝਣ ਲਈ ਸਾਨੂੰ ਫਰੀਦ ਜੀ ਦੇ ੧੬ ਤੋਂ ੩੬ ਤੱਕ ਦੇ ਸਲੋਕਾਂ ਨੂੰ ਇਕ ਜੁੱਟ ਵਿਚ ਪੜ੍ਹਨਾ ਚਾਹੀਦਾ ਹੈ, ਅਤੇ ਸ਼ਾਬਦਿਕ ਅਰਥਾਂ ਦੀ ਬਜਾਏ ਉਹਨਾਂ ਨੂੰ ਅਲੰਕਾਰਕ ਤੌਰ ਤੇ

ਸਮਝਣਾ ਚਾਹੀਦਾ ਹੈ। ਇਹਨਾਂ ਸਲੋਕਾਂ ਵਿਚ ਸ਼ੇਖ਼ ਫਰੀਦ ਜੀ ਇਕ ਗ੍ਰਹਸਤੀ ਦੀਆਂ ਖਾਸੀਅਤਾਂ ਬਾਰੇ ਦਸਦੇ ਹਨ ਜੋ ਸਾਧੂ-ਸੰਤ ਰੂਪ ਹੈ।

ਅਜਿਹੇ ਵਿੱਅਕਤੀ ਦੀਆ ਖਾਸੀਅਤਾਂ ਹਨ: ਸਹਿਨਸ਼ੀਲਤਾ, ਲਾਲਚ ਪੱਖੋਂ ਮੁਕਤੀ, ਪਰਮਾਤਮਾ ਵਿਚ ਵਿਸ਼ਵਾਸ, ਦੂਜਿਆਂ ਪ੍ਰਤੀ ਸੇਵਾ-ਭਾਵ, ਈਮਾਨਦਾਰ ਜੀਵਨ ਅਤੇ ਕਿਸੇ ਦਾ ਦਿਲ ਨਾ ਦੁਖਾਉਣਾ। ਅਜਿਹੇ ਵਿਅੱਕਤੀ ਬੜੀ ਨਿਮਰਤਾ ਸਹਿਤ ਹੋਰਨਾਂ ਦੇ ਸਮਾਜਿਕ ਅਤੇ ਮਾਇਕ ਹਾਲਾਤਾਂ ਨੂੰ ਸਵੀਕਾਰਦੇ ਹਨ ਅਤੇ ਹਮੇਸ਼ਾ ਹੀ ਸ਼ੁਕਰ-ਗੁਜ਼ਾਰ ਰਹਿੰਦੇ ਹਨ।

ਇਹਨਾਂ ਸਲੋਕਾਂ ਬਾਰੇ ਗਹਿਰੀ ਸਮਝ ਬਨਾਉਣ ਲਈ ਸਾਨੂੰ ਗੁਰੂਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੀਆਂ ਹਦਾਇਤਾਂ ਨੂੰ ਵੀ ਵਿਚਾਰਨਾ ਚਾਹੀਦਾ ਹੈ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਸਿਰੀਰਾਗੁ ਮਹਲਾ ੧, ਅੰਕ ੧੬

ਸਰਲ ਅਰਥ: ਹੇ ਭਾਈ! ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ, ਅਤੇ ਮਨ ਵਿਚ ਭੀ ਕਈ ਮੰਦੇ ਖ਼ਿਆਲ ਤੁਰ ਪੈਂਦੇ ਹਨ, ਉਹਨਾਂ ਪਦਾਰਥਾਂ ਨੂੰ ਖਾਣ ਨਾਲ ਖ਼ੁਆਰ ਹੋਈਦਾ ਹੈ।੧।ਰਹਾਉ।

ਉੱਪਰ ਦਿਤੇ ਸ਼ਬਦ ਵਿਚ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਰੀਰ ਲਈ ਖਾਣਾ ਜ਼ਰੂਰੀ ਹੈ। ਇਹ ਕੁਦਰਤ ਦੇ ਨਿਯਮਾਂ ਦੇ ਅਨੁਕੂਲ ਹੈ। ਕਿਸੇ ਵੀ ਐਸੇ ਖਾਣੇ ਤੋਂ ਦੂਰ ਰਹਿਣਾ ਚਾਹੀਦਾ ਹੈ ਜਿਸ ਨਾਲ ਸਰੀਰ ਨੂੰ ਨੁਕਸਾਨ ਪਹੁੰਚੇ। ਖਾਣਾ ਸਧਾਰਨ ਹੋਵੇ ਅਤੇ ਲੋੜ ਮੁਤਾਬਕ ਹੀ ਖਾਧਾ ਜਾਏ। ਸਰੀਰ ਤਕੜਾ ਅਤੇ ਤੰਦਰੁਸਤ ਹੋਣ ਦੀ ਸੂਰਤ ਵਿਚ ਹੀ ਪਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਤੰਦਰੁਸਤ ਸਰੀਰ ਵਿਚ ਹੀ ਇਕ ਤੰਦਰੁਸਤ ਮਨ ਰਹਿੰਦਾ ਹੈ।

## ਗ੍ਰਿਹਸਤੀ ਵਿਅੱਕਤੀ ਦਾ ਜੀਵਨ

ਸ਼ਾਬਦਿਕ ਅਰਥਾਂ ਵਿਚ, ਸ਼ੇਖ਼ ਫਰੀਦ ਜੀ ਦਾ ਹੇਠ ਦਿਤਾ ਸ਼ਬਦ ਕੁਝ ਗਲਤ ਪ੍ਰਭਾਵ ਦਿੰਦਾ ਹੈ ਕਿ ਉਹ ਆਪਣੇ ਸਰੀਰ ਪ੍ਰਤੀ ਕਸ਼ਟ ਦੇਣ ਦੀ ਗਲਤ ਪ੍ਰੇਰਨਾ ਕਰਦਾ ਹੈ ਕਿ ਪਰਮਾਤਮਾ ਨੂੰ ਮਿਲਣ ਲਈ ਜੰਗਲਾਂ ਵਿਚ ਜਾਣਾ ਪੈਂਦਾ ਹੈ:

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥

ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ ਸਲੋਕ ਸੇਖ ਫਰੀਦ ਕੇ, ਅੰਕ ੧੩੮੨

**ਸਰਲ ਅਰਥ:** ਹੇ ਫਰੀਦ! ਇਹ ਭੌਂਕਾ ਸਰੀਰ ਵਿਸ਼ੇ-ਵਿਕਾਰਾਂ ਵਿਚ ਪੈ ਪੈ ਕੇ ਡਾਢਾ ਮਾੜਾ ਹੋ ਗਿਆ ਹੈ, ਹੱਡੀਆਂ ਦੀ ਮੁੱਠ ਰਹਿ ਗਿਆ ਹੈ। ਫਿਰ ਭੀ, ਇਹ ਕਾਂ ਇਸ ਦੀਆਂ ਤਲੀਆਂ ਨੂੰ ਠੂੰਗੇ ਮਾਰੀ ਜਾ ਰਹੇ ਹਨ ਭਾਵ, ਦੁਨੀਆਵੀ ਪਦਾਰਥਾਂ ਦੇ ਚਸਕੇ ਤੇ ਵਿਸ਼ੇ-ਵਿਕਾਰ ਇਸ ਦੇ ਮਨ ਨੂੰ ਚੋਭਾਂ ਲਾਈ ਜਾ ਰਹੇ ਹਨ। ਵੇਖੋ, ਵਿਕਾਰਾਂ ਵਿਚ ਪਏ ਮਨੁੱਖ ਦੀ ਕਿਸਮਤ ਭੀ ਅਜੀਬ ਹੈ ਕਿ ਅਜੇ ਭੀ ਜਦੋਂ ਕਿ ਇਸ ਦਾ ਸਰੀਰ ਦੁਨੀਆ ਦੇ ਵਿਸ਼ੇ ਭੋਗ ਕੇ ਆਪਣੀ ਸੱਤਿਆ ਭੀ ਗਵਾ ਬੈਠਾ ਹੈ ਰੱਬ ਇਸ ਉਤੇ ਤ੍ਰੁੱਠਾ ਨਹੀਂ ਭਾਵ, ਇਸ ਦੀ ਝਾਕ ਮਿਟੀ ਨਹੀਂ। ੯੦।

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥੯੧॥

**ਸਰਲ ਅਰਥ:** ਕਾਵਾਂ ਨੇ ਪਿੰਜਰ ਭੀ ਫੋਲ ਮਾਰਿਆ ਹੈ, ਅਤੇ ਸਾਰਾ ਮਾਸ ਖਾ ਲਿਆ ਹੈ ਭਾਵ, ਦੁਨੀਆਵੀ ਪਦਾਰਥਾਂ ਦੇ ਚਸਕੇ ਤੇ ਵਿਸ਼ੇ-ਵਿਕਾਰ ਇਸ ਅੱਤ ਲਿੱਸੇ ਹੋਏ ਹੋਏ ਸਰੀਰ ਨੂੰ ਭੀ ਚੋਭਾਂ ਲਾਈ ਜਾ ਰਹੇ ਹਨ, ਇਸ ਭੌਂਕੇ ਸਰੀਰ ਦੀ ਸਾਰੀ ਸੱਤਿਆ ਇਹਨਾਂ ਨੇ ਖਿੱਚ ਲਈ ਹੈ। ਰੱਬ ਕਰ ਕੇ ਕੋਈ ਵਿਕਾਰ ਮੇਰੀਆਂ ਅੱਖਾਂ ਨੂੰ ਨਾਹ ਛੇੜੇ, ਇਹਨਾਂ ਵਿਚ ਤਾਂ ਪਿਆਰੇ ਪ੍ਰਭੂ ਨੂੰ ਵੇਖਣ ਦੀ ਤਾਂਘ ਟਿਕੀ ਰਹੇ।੯੧।

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥੯੨॥

**ਸਰਲ ਅਰਥ:** ਹੇ ਕਾਂ! ਮੇਰਾ ਪਿੰਜਰ ਨਾਹ ਠੂੰਗ, ਜੇ ਤੇਰੇ ਵੱਸ ਵਿਚ ਇਹ ਗੱਲ ਹੈ ਤਾਂ ਇਥੋਂ ਉੱਡ ਜਾਹ, ਜਿਸ ਸਰੀਰ ਵਿਚ ਮੇਰਾ ਖਸਮ-ਪ੍ਰਭੂ ਵੱਸ ਰਿਹਾ ਹੈ, ਇਸ ਵਿਚੋਂ ਮਾਸ ਨਾਹ ਖਾਹ, ਭਾਵ, ਹੇ ਵਿਸ਼ਿਆਂ ਦੇ ਚਸਕੇ! ਮੇਰੇ ਇਸ ਸਰੀਰ ਨੂੰ ਚੋਭਾਂ ਲਾਣੀਆਂ ਛੱਡ ਦੇਹ, ਤਰਸ ਕਰ, ਤੇ ਜਾਹ, ਖ਼ਲਾਸੀ ਕਰ। ਇਸ ਸਰੀਰ ਵਿਚ ਤਾਂ ਖਸਮ-ਪ੍ਰਭੂ ਦਾ ਪਿਆਰ ਵੱਸ ਰਿਹਾ ਹੈ, ਤੂੰ ਇਸ ਨੂੰ ਵਿਸ਼ੇ-ਭੋਗਾਂ ਵਲ ਪ੍ਰੇਰਨ ਦਾ ਜਤਨ ਨਾਹ ਕਰ।੯੨।

ਇਹਨਾਂ ਸਲੋਕਾਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ, ਇਹ ਵੀ ਦੇਖੀਏ ਕਿ ਪਰਮਾਤਮਾ ਨੂੰ ਲੱਭਣ ਬਾਰੇ ਸ਼ੇਖ਼ ਫਰੀਦ ਜੀ ਦੇ ਕੀ ਵਿਚਾਰ ਹਨ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥੧੯॥ ਸਲੋਕ ਸੇਖ ਫਰੀਦ ਕੇ ਅੰਕ ੧੩੭੮

**ਸਰਲ ਅਰਥ:** ਹੇ ਫਰੀਦ! ਹਰੇਕ ਜੰਗਲ ਨੂੰ ਗਾਹਣ ਦਾ ਕੀਹ ਲਾਭ ਹੈ? ਜੰਗਲ ਵਿਚ ਕੰਡੇ ਕਿਉਂ ਲਤਾੜਦਾ ਫਿਰਦਾ ਹੈਂ? ਰੱਬ ਤਾਂ ਤੇਰੇ ਹਿਰਦੇ ਵਿਚ ਵੱਸਦਾ ਹੈ, ਜੰਗਲ ਨੂੰ ਭਾਲਣ ਦਾ ਕੀ ਫ਼ਾਇਦਾ?।੧੯।

ਇਹ ਸਲੋਕ ਬੜੇ ਸਪਸ਼ਟ ਤੌਰ ਤੇ ਦਸਦਾ ਹੈ ਕਿ ਸ਼ੇਖ਼ ਫਰੀਦ ਜੀ ਅਨੁਸਾਰ ਪਰਮਾਤਮਾ ਹਰ ਇਨਸਾਨ ਦੇ ਦਿਲ ਵਿਚ ਵਸਦਾ ਹੈ। ਇਥੇ ਉਹ ਆਪਣੇ ਆਪ ਨੂੰ ਕਹਿੰਦੇ ਹਨ ਕਿ ਦੁਨੀਆ ਛੱਡ ਕੇ ਜੰਗਲ ਵਿਚ ਜਾ ਕੇ ਪਰਮਾਤਮਾ ਦੀ ਭਾਲ ਕਰਨਾ ਫ਼ਜ਼ੂਲ ਹੈ। ਸਲੋਕ ੪੩ ਵਿਚ ਵੀ ਉਹਨਾਂ ਨੇ ਆਪਣੇ ਪਹਿਲੇ ਗਲਤ ਖਿਆਲਾਂ ਦਾ ਵਰਨਣ ਕੀਤਾ ਹੈ ਜਦ ਉਹ ਪਰਮਾਤਮਾ ਨੂੰ ਜੰਗਲਾਂ ਵਿਚ ਲੱਭਦੇ ਫਿਰਦੇ ਸੀ।

ਇਸ ਬਾਰੇ ਵੀ ਖਿਅਲ ਕਰਨਾ ਰੌਚਿਕ ਹੋਵੇਗਾ ਕਿ ਸ਼ੇਖ਼ ਫਰੀਦ ਜੀ ਆਪਣੇ ਸਰੀਰ ਨੂੰ ਭੁੱਖ ਨਾਲ ਕਿਉਂ ਕਸ਼ਟ ਦਿੰਦੇ ਹਨ ਅਤੇ ਪੰਛੀ ਉਸਦੇ ਪਿੰਜਰ ਬਣੇ ਸਰੀਰ ਤੋਂ ਮਾਸ ਨੋਚਦੇ ਹਨ। ਅਸੀਂ ਦੇਖ ਸਕਦੇ ਹਾਂ ਕਿ ਹੇਠ ਦਿਤੀ ਰਚਨਾ ਵਿਚ ਭਗਤ ਕਬੀਰ ਜੀ ਵੀ 'ਬੁਰਾਈਆਂ' ਲਈ 'ਕਾਂ' ਸ਼ਬਦ ਨੂੰ ਅਲੰਕਾਰਕ ਰੂਪ ਵਿਚ ਵਰਤਦੇ ਹਨ ਜੋ ਕਿ ਉਹਨਾਂ ਦੇ ਦਿਲ ਨੂੰ ਨੋਚਦੇ ਹਨ:

> ਕਾਗ ਉਡਾਵਤ ਭੁਜਾ ਪਿਰਾਨੀ॥ ਕਹਿ ਕਬੀਰ ਇਹ ਕਥਾ ਸਿਰਾਨੀ॥੪॥੨॥
>
> ਸੂਹੀ ਕਬੀਰ ਜੀ, ਅੰਕ ੭੯੨
>
> ਕਬੀਰ ਆਖਦਾ ਹੈ, ਹੇ ਪਤੀ-ਪ੍ਰਭੂ! ਹੁਣ ਤਾਂ ਆ ਮਿਲ, ਤੇਰੀ ਉਡੀਕ ਵਿਚ ਕਾਂ ਉਡਾਂਦਿਆਂ ਮੇਰੀ ਬਾਂਹ ਭੀ ਥੱਕ ਗਈ ਹੈ, ਤੇ ਮੇਰੀ ਉਮਰ ਦੀ ਕਹਾਣੀ ਹੀ ਮੁੱਕਣ ਤੇ ਆ ਗਈ ਹੈ।੪।੨।

ਸਲੋਕ ੯੦-੯੨ (ਅਤੇ ਸਲੋਕ ੮੮-੮੯ ਵੀ) ਵਿਚ ਸ਼ੇਖ਼ ਫਰੀਦ ਜੀ ਮਨੁੱਖੀ ਬੁਰਾਈਆਂ ਦੇ ਸ਼ਿਕੰਜੇ ਵਿਚ ਰਹਿਣ ਬਾਰੇ ਬੋਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੌਥੇ ਨਾਨਕ ਬੁਰਾਈਆਂ ਨਾਲ ਭਰੇ ਦਿਲ ਲਈ 'ਕਾਂ' ਸ਼ਬਦ ਦੀ ਵਰਤੋਂ ਕਰਦੇ ਹਨ।

> ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥ ਗੂਜਰੀ ਮਹਲਾ ੪, ਅੰਕ ੪੯੨
>
> ਗੁਰੂ, ਸੱਚ ਦਾ ਵਕਤਾ, ਅੰਮ੍ਰਿਤ ਦਾ ਸਰੋਵਰ ਹੈ, ਆਤਮਕ ਤੌਰ ਤੇ ਆਨੰਦਮਈ ਜੀਵਨ ਦੇਣ ਵਾਲਾ ਹੈ; ਇਸ ਦੇ ਅੰਦਰ ਇਸਨਾਨ ਕਰਕੇ ਆਤਮਕ ਤੌਰ ਤੇ, ਕਾਂ ਹਮੇਸ਼ਾਂ ਵਿਕਾਰਾਂ ਵਿਚ ਰਹਣ ਵਾਲਾ ਮਨ ਹੰਸ ਬਣ ਜਾਂਦਾ ਹੈ ਪਰਮਾਤਮਾ ਦੇ ਨਾਮ ਨਾਲ ਭਰਪੂਰ ਮਨੁੱਖ।

ਤਾਂ ਫਿਰ ਜੇ ਸ਼ੇਖ਼ ਫਰੀਦ ਜੀ ਦੇ ਸਾਰੇ ਸਲੋਕਾਂ ਨੂੰ ਸਮੂਹ ਰੂਪ ਵਿਚ ਅਤੇ ਸ਼ਾਬਦਿਕ ਅਰਥਾਂ ਦੀ ਬਜਾਏ ਅਲੰਕਾਰਕ ਰੂਪ ਵਿਚ ਦੇਖਿਆ ਜਾਏ ਤਾਂ ਇਹ ਸਿਖਿਆ ਮਿਲਦੀ ਹੈ ਕਿ ਅਸੀਂ ਸਾਫ਼-ਦਿਲ ਇਨਸਾਨ ਬਣੀਏ ਤਾਕਿ ਪਰਮਾਤਮਾ ਨੂੰ ਪਾ ਸਕਿਏ।

ਗੁਰੂ ਗ੍ਰੰਥ ਸਾਹਿਬ ਵਿਚਲੀਆਂ ਫਰੀਦ ਜੀ ਦੀਆਂ ਰਚਨਾਵਾਂ ਸਾਡੀ ਇਹ ਅਗਵਾਈ ਕਰਦੀਆਂ ਹਨ ਕਿ ਅਸੀਂ ਨੇਕ ਇਨਸਾਨ ਕਿਵੇਂ ਬਣੀਏ ਤਾਕਿ ਸਾਡਾ ਜੀਵਨ ਅਨੰਦਮਈ ਬਣੇ ਅਤੇ ਇਕ ਗ੍ਰਹਸਤੀ ਹੋਦਿਆਂ ਪਰਮਾਤਮਾ ਨੂੰ ਪਾ ਸਕੀਏ। ਇਕ ਅਧਿਆਤਮਿਕ

ਅਵਸਥਾ ਦੇ ਸ਼ਰਧਾਲੂ ਲਈ ਆਤਮ-ਤ੍ਰਿਪਤੀ ਵਾਸਤੇ ਕਿਸੇਤਰ੍ਹਾਂ ਦਾ ਭੋਗ-ਵਿਲਾਸ ਵੀ ਅਨੁਕੂਲ ਨਹੀਂ; ਇਸ ਨਾਲ ਸਗੋਂ ਸਰੀਰਕ ਅਤੇ ਮਾਨਸਿਕ ਤਕਲੀਫ਼ ਹੁੰਦੀ ਹੈ।

*******************

# ੧੧. ਭਗਤ ਰਵਿਦਾਸ ਜੀ - ਚੰਗੇ ਕਰਮ ਹੀ ਮਾਹਨੇ ਰਖਦੇ ਹਨ

ਭਗਤ ਰਵਿਦਾਸ ਜੀ (੧੩੯੯-੧੫੨੦ ਈ:) ਦਾ ਜਨਮ ਭਾਰਤ ਦੇ ਉਤਰ ਪ੍ਰਦੇਸ ਵਿਚਲੇ ਬਨਾਰਸ ਜ਼ਿਲੇ ਦੇ ਨਗਰ ਸੀਰ ਗੋਵਰਧਨਪੁਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਰਘੂ ਰਾਮ ਅਤੇ ਮਾਤਾ ਦਾ ਨਾਮ ਕਲਸਾ ਦੇਵੀ ਸੀ। ਆਪ ਜੀ ਦੇ ਪਿਤਾ ਜੁੱਤਿਆਂ ਦੇ ਸੌਦਾਗਰ ਸੀ। ਭਗਤ ਰਵਿਦਾਸ ਜੀ ਜਦੋਂ ਵੱਡੇ ਹੋਏ ਤਾਂ ਉਹਨਾਂ ਨੇ ਜੁੱਤਿਆਂ ਗੰਢਣ ਦਾ ਕੰਮ ਕੀਤਾ। ਸੱਤ ਸਾਲ ਦੀ ਉਮਰ ਤੋਂ ਹੀ ਰਵਿਦਾਸ ਜੀ ਆਪਣਾ ਖਾਣਾ ਹੋਰਨਾਂ ਨਾਲ ਵੰਡ ਛਕਣ ਅਤੇ ਹਿੰਦੂ ਧਾਰਮਿਕ ਲੋਕਾਂ ਦੀ ਸੇਵਾ ਕਰਨ ਦੇ ਆਦੀ ਹੋ ਗਏ। ਆਪ ਜੀ ਨੇਂ ਸ਼ਾਦੀ ਕਰਕੇ ਗ੍ਰਿਹਸਤੀ ਜੀਵਨ ਬਸਰ ਕੀਤਾ।

ਭਗਤ ਰਵਿਦਾਸ ਜੀ ਇਕ ਮਹਾਨ ਧਾਰਮਿਕ ਪ੍ਰਚਾਰਕ, ਕਵੀ ਅਤੇ ਸਮਾਜ ਸੁਧਾਰਕ ਸਨ। ਉਹ ਇਕ ਪਰਮਾਤਮਾ ਨੂੰ ਮਨਦੇ ਸਨ ਅਤੇ ਉਹਨਾਂ ਦੇ ਵਿਚਾਰ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ (ਗੁਰਮਤ) ਨਾਲ ਮਿਲਦੀਆਂ ਹਨ। ਆਪ ਜੀ ਭਗਤ ਕਬੀਰ ਜੀ ਅਤੇ ਨਾਮਦੇਵ ਜੀ ਦੇ ਪ੍ਰਸੰਸਕ ਸਨ।

ਭਗਤ ਰਵਿਦਾਸ ਜੀ ਇਕ ਪਰਮਾਤਮਾ ਵਿਚ ਵਿਸ਼ਵਾਸ ਰਖਦੇ ਸਨ। ਉਹ ਕਿਸੇ ਤਰ੍ਹਾਂ ਦੇ ਰੀਤੀ ਰਿਵਾਜ ਜਾਂ ਬੁੱਤ ਪੂਜਾ ਦੇ ਧਾਰਣੀ ਨਹੀਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦਾ ਇਹ ਸ਼ਬਦ ਇਸ ਧਾਰਣਾ ਨੂੰ ਸਪਸ਼ਟ ਕਰਦਾ ਹੈ:

ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥ ਅਵਰੁ ਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥**

ਮੈਲਾਗਰ ਬੇਰ੍ਹੇ ਹੈ ਭੁਇਅੰਗਾ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥

ਧੂਪ ਦੀਪ ਨਈਬੇਦਹਿ ਬਾਸਾ॥ ਕੈਸੇ ਪੂਜ ਕਰਹਿ ਤੇਰੀ ਦਾਸਾ॥੩॥

**ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ ਨਿਰੰਜਨੁ ਪਾਵਉ॥੪॥**

ਪੂਜਾ ਅਰਚਾ ਆਹਿ ਨ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥

**ਸਰਲ ਅਰਥ:** ਦੁੱਧ ਤਾਂ ਥਣਾਂ ਤੋਂ ਹੀ ਵੱਛੇ ਨੇ ਜੂਠਾ ਕਰ ਦਿੱਤਾ; ਫੁੱਲ ਭੌਰੇ ਨੇ ਸੁੰਘ ਕੇ ਤੇ ਪਾਣੀ ਮੱਛੀ ਨੇ ਖ਼ਰਾਬ ਕਰ ਦਿੱਤਾ ਸੋ, ਦੁੱਧ ਫੁੱਲ ਪਾਣੀ ਇਹ ਤਿੰਨੇ ਹੀ ਜੂਠੇ ਹੋ ਜਾਣ ਕਰਕੇ ਪ੍ਰਭੂ ਅੱਗੇ ਭੇਟ ਕਰਨ ਜੋਗੇ ਨਾਹ ਰਹਿ ਗਏ।੧। **ਹੇ ਮਾਂ! ਗੋਬਿੰਦ ਪ੍ਰਭੂ ਦੀ ਪੂਜਾ ਕਰਨ ਲਈ ਮੈਂ ਕਿਥੋਂ ਕੋਈ ਚੀਜ਼ ਲੈ ਕੇ ਭੇਟ ਕਰਾਂ? ਕੋਈ ਹੋਰ ਸੁੱਚਾ ਫੁੱਲ ਆਦਿਕ ਮਿਲ ਨਹੀਂ ਸਕਦਾ। ਕੀ ਮੈਂ ਇਸ ਘਾਟ ਕਰ ਕੇ ਉਸ ਸੋਹਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਾਂਗਾ?।੧।ਰਹਾਉ।** ਚੰਦਨ ਦੇ ਬੂਟਿਆਂ ਨੂੰ ਸੱਪ ਚੰਬੜੇ ਹੋਏ ਹਨ ਤੇ ਉਹਨਾਂ ਨੇ ਚੰਦਨ ਨੂੰ ਜੂਠਾ ਕਰ ਦਿੱਤਾ ਹੈ, ਜ਼ਹਿਰ ਤੇ ਅੰਮ੍ਰਿਤ ਭੀ ਸਮੁੰਦਰ ਵਿਚ ਇਕੱਠੇ ਹੀ ਵੱਸਦੇ ਹਨ।੨। ਸੁਗੰਧੀ ਆ ਜਾਣ ਕਰ ਕੇ ਧੂਪ ਦੀਪ ਤੇ ਨੈਵੇਦ ਭੀ ਜੂਠੇ ਹੋ ਜਾਂਦੇ ਹਨ, ਫਿਰ ਹੇ ਪ੍ਰਭੂ! ਜੇ ਤੇਰੀ ਪੂਜਾ ਇਹਨਾਂ ਚੀਜ਼ਾਂ ਨਾਲ ਹੀ ਹੋ ਸਕਦੀ ਹੋਵੇ, ਤਾਂ ਇਹ ਜੂਠੀਆਂ ਚੀਜ਼ਾਂ ਤੇਰੇ ਅੱਗੇ ਰੱਖ ਕੇ ਤੇਰੇ ਭਗਤ ਕਿਸ ਤਰ੍ਹਾਂ ਤੇਰੀ ਪੂਜਾ ਕਰਨ?।੩। ਹੇ ਪ੍ਰਭੂ! ਮੈਂ ਆਪਣਾ ਤਨ ਤੇ ਮਨ ਅਰਪਣ ਕਰਦਾ ਹਾਂ, ਤੇਰੀ ਪੂਜਾ ਵਜੋਂ ਭੇਟ ਕਰਦਾ ਹਾਂ; ਇਸੇ ਭੇਟਾ ਨਾਲ ਹੀ ਸਤਿਗੁਰ ਦੀ ਮਿਹਰ ਦੀ ਬਰਕਤਿ ਨਾਲ ਤੈਨੂੰ ਮਾਇਆ-ਰਹਿਤ ਨੂੰ ਲੱਭ ਸਕਦਾ ਹਾਂ।੪। ਰਵਿਦਾਸ ਆਖਦਾ ਹੈ-ਹੇ ਪ੍ਰਭੂ! ਜੇ ਸੁੱਚੇ ਦੁੱਧ, ਫੁੱਲ, ਧੂਪ, ਚੰਦਨ ਤੇ ਨੈਵੇਦ ਆਦਿਕ ਦੀ ਭੇਟਾ ਨਾਲ ਹੀ ਤੇਰੀ ਪੂਜਾ ਹੋ ਸਕਦੀ ਤਾਂ ਕਿਤੇ ਭੀ ਇਹ ਸ਼ੈਆਂ ਸੁੱਚੀਆਂ ਨਾਹ ਮਿਲਣ ਕਰ ਕੇ ਮੈਥੋਂ ਤੇਰੀ ਪੂਜਾ ਤੇ ਤੇਰੀ ਭਗਤੀ ਹੋ ਹੀ ਨਾਹ ਸਕਦੀ, ਤਾਂ ਫਿਰ ਹੇ ਪ੍ਰਭੂ! ਮੇਰਾ ਕੀਹ ਹਾਲ ਹੁੰਦਾ?।੫।੧।

{ਨੋਟ - ਹਿੰਦੂ ਧਾਰਮਿਕ ਰੀਤੀ ਰਿਵਾਜਾਂ ਵਿਚ ਦੁੱਧ, ਫੁੱਲ, ਪਾਣੀ, ਚੰਦਨ ਦੀ ਲਕੜੀ, ਦੀਵਾ ਅਤੇ ਕੁਝ ਵਿਸ਼ੇਸ਼ ਅਨਾਜ ਦੇ ਦਾਣਿਆਂ ਨੂੰ ਪਵਿੱਤਰ ਸਮਝਦਿਆਂ ਜਾਂਦਾ ਹੈ, ਅਤੇ ਪੂਜਾ ਦੇ ਸਮੇਂ ਦੇਵਤਿਆਂ ਨੂੰ ਭੇਟਾ ਕੀਤਾ ਜਾਂਦਾ ਹੈ। ਇਸ ਸ਼ਬਦ ਵਿਚ ਭਗਤ ਰਵਿਦਾਸ ਜੀ ਇਕ ਵਿਅੰਗਿਆਤਮਕ ਤੌਰ ਤੇ ਇਹਨਾਂ ਪਦਾਰਥਾਂ ਦੀ ਪਵਿੱਤਰਤਾ ਤੇ ਟਿਪਣੀ ਕਰਦੇ ਹਨ। ਆਪ ਜੀ ਦੀ ਦਲੀਲ ਹੈ ਕਿ ਮਨ ਦੀ ਪਵਿੱਤਰਤਾ ਹੀ ਪਰਮਾਤਮਾ ਨੂੰ ਭਾਉਂਦੀ ਹੈ ਕਿਉਂਕਿ ਪਰਮਾਤਮਾ ਸਭਨਾਂ ਦੇ ਹਿਰਦਿਆਂ ਵਿਚ ਵਸਦਾ ਹੈ।}

ਇਸ ਸ਼ਬਦ ਨੂੰ ਸਹੀ ਤੌਰ ਤੇ ਸਮਝਣ ਲਈ, ਇਸਨੂੰ ਅਲੰਕਾਰਕ ਰੂਪ ਵਿਚ ਸਮਝਣਾ ਚਾਹੀਦਾ ਹੈ, ਨਾ ਕਿ ਸ਼ਬਦਾਰਥ ਦੇ ਤੌਰ ਤੇ।

**ਸ਼ਬਦ ਦਾ ਭਾਵ:** ਲੋਕ ਦੇਵੀ ਦੇਵਤਿਆਂ ਦੀਆਂ ਮੂਰਤਾਂ ਨੂੰ ਅਪਨੇ ਵੱਲੋਂ ਸੁੱਚੇ ਜਲ, ਫੁੱਲ ਤੇ ਦੁੱਧ ਆਦਿਕ ਨਾਲ ਪ੍ਰਸੰਨ ਕਰਨ ਦੇ ਜਤਨ ਕਰਦੇ ਹਨ; ਪਰ ਇਹ ਚੀਜਾਂ ਤਾਂ ਪਹਿਲਾਂ ਹੀ ਜੂਠੀਆਂ ਹੋ ਜਾਂਦੀਆਂ ਹਨ। **ਪਰਮਾਤਮਾ ਅਜਿਹੀਆਂ ਚੀਜ਼ਾਂ ਦੀ ਭੇਟਾ ਨਾਲ ਖੁਸ਼ ਨਹੀਂ ਹੁੰਦਾ। ਉਹ ਤਾਂ ਮਨ ਦੀ ਭੇਟ ਮੰਗਦਾ ਹੈ।**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਹਿਲਾਦ, ਰਾਮ, ਰਾਵਣ ਅਤੇ ਦੁਰਯੋਧਨ ਆਦਿਕ ਨਾਲ ਸਬੰਧਤ ਬਹੁਤ ਮਿਥਿਹਾਸਕ ਕਹਾਣੀਆਂ ਹਨ। ਗੁਰੂਆਂ ਅਤੇ ਕੁਝ ਭਗਤਾਂ ਦੇ ਸ਼ਬਦ ਵੀ ਸਵਰਗ/ਨਰਕ, ਹਿੰਦੂ ਦੇਵਤੇ ਅਤੇ ਹੋਰਨਾਂ ਦਾ ਕਥਨ ਕਰਦੇ ਹਨ, ਪਰ ਗੁਰੂ ਜੀ ਹਿੰਦੂਆਂ ਦੀਆਂ ਮਿਥਿਹਾਸਕ ਕਹਾਣੀਆਂ ਦਾ ਸਮਰਥਨ ਨਹੀਂ ਕਰਦੇ। ਗੁਰੂਆਂ ਦੇ ਸਮੇਂ ਸਰੋਤਾ ਬਹੁਤਾ ਕਰਕੇ ਹਿੰਦੂ ਹੀ ਹੁੰਦੇ ਸਨ ਜੋ ਕਿ ਇਹਨਾਂ ਮਿਥਿਹਾਸਕ ਕਹਾਣੀਆਂ ਬਾਰੇ

ਜਾਣਦੇ ਸਨ। ਸੋ ਗੁਰੂ ਜੀ ਵੀ ਇਹਨਾਂ ਕਹਾਣੀਆਂ ਵਿਚ ਉਹਨਾਂ ਮਿਥਿਹਾਸਕ ਕਿਰਦਾਰਾਂ ਦਾ ਜ਼ਿਕਰ ਕਰਦੇ ਸਨ ਅਤੇ ਪਰਮਾਤਮਾ ਪ੍ਰਤੀ ਇਕ ਵੱਖਰਾ ਨਜ਼ਰੀਆ ਪੇਸ਼ ਕਰਦੇ ਸਨ।

ਭਗਤ ਰਵਿਦਾਸ ਜੀ ਦਾ ਦਿਹਾਂਤ ਹੋਣ ਤੋਂ ਸੈਂਕੜੇ ਸਾਲ ਬਾਅਦ, ਭਾਈ ਗੁਰਦਾਸ ਜੀ ਨੇ ਭਗਤ ਰਵਿਦਾਸ ਜੀ ਦੀ ਹਿੰਦੂਆਂ ਵਿਚ ਪ੍ਰਚਲਤ ਸ਼ੋਭਾ ਅਤੇ ਪ੍ਰਸੰਸਾ ਦਾ ਜ਼ਿਕਰ ਕੀਤਾ ਹੈ:

> ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
> ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
> ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
> ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
> ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥੧੭॥ ਭਾਈ ਗੁਰਦਾਸ, ਵਾਰ ੧੦.੧੭
>
> ਇਕ ਵਾਰ, ਲੋਕਾਂ ਦਾ ਇਕ ਸਮੂਹ ਬਨਾਰਸ ਵਿਖੇ ਗੰਗਾ ਵਿਚ ਇਸ਼ਨਾਨ ਕਰਨ ਗਿਆ। ਰਵਿਦਾਸ ਨੇ ਇੱਕ ਕਸੀਰਾ (ਇੱਕ ਪੈਸੇ ਦਾ ਚੌਥਾਈ ਹਿੱਸਾ) ਸਮੂਹ ਦੇ ਇੱਕ ਸਦਸਯ ਨੂੰ ਦਿੱਤਾ ਅਤੇ ਉਸਨੂੰ ਗੰਗਾ ਨੂੰ ਭੇਟ ਕਰਨ ਲਈ ਕਿਹਾ। ਉਸ ਸਮੇਂ ਅਭਿਜੀਤ ਸਿਤਾਰੇ ਦਾ ਮਹਾਨ ਤਿਉਹਾਰ ਮਨਾਇਆ ਜਾ ਰਿਹਾ ਸੀ। ਸਾਰੀ ਜਨਤਾ ਨੇ ਇਹ ਸ਼ਾਨਦਾਰ ਕਿੱਸਾ ਵੇਖਿਆ। ਗੰਗਾ ਨੇ ਖੁਦ ਆਪਣਾ ਹੱਥ ਬਾਹਰ ਕੱਢ ਕੇ ਇਹ ਛੋਟੀ ਜਹੀ ਭੇਟਾ ਸਵੀਕਾਰ ਕਰਕੇ ਇਹ ਸਾਬਤ ਕਰ ਦਿੱਤਾ ਕਿ ਰਵਿਦਾਸ ਗੰਗਾ ਦੇ ਨਾਲ ਪੂਰਨ ਤੌਰ ਤੇ ਇੱਕ ਸੀ। ਭਗਤਾਂ ਲਈ ਪਰਮਾਤਮਾ ਹੀ ਉਹਨਾਂ ਦਾ ਮਾਤਾ, ਪਿਤਾ, ਪੁੱਤਰ, ਸਭ ਕੁੱਛ ਹੈ।

ਇਸ ਵਾਰ ਨੂੰ ਵੀ ਅਲੰਕਾਰਕ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ, ਨਾ ਕਿ ਸ਼ਬਦਾਰਥ ਤੌਰ ਤੇ। ਜਿਵੇਂ ਦਸਿਆ ਗਿਆ ਹੈ ਕਿ **ਭਗਤ ਰਵਿਦਾਸ ਜੀ ਇਕ ਪਰਮਾਤਮਾ ਨੂੰ ਮੰਨਦੇ ਸਨ ਅਤੇ ਰੀਤੀ ਰਿਵਾਜਾਂ ਅਨੁਸਾਰ ਬੁੱਤ ਪੂਜਾ ਸਮੇਂ ਕੁਝ ਭੇਂਟ ਕਰਨ ਦੇ ਵੀ ਵਿਰੋਧੀ ਸਨ।** ਸਮਾਂ ਬੀਤਣ ਨਾਲ, ਭਗਤਾਂ ਰਾਹੀਂ ਚਮਤਕਾਰਕ ਹੋਣ ਦੀਆਂ ਕਹਾਣੀਆਂ ਹਿੰਦੂ ਜਗਤ ਵਿਚ ਪ੍ਰਚਲਤ ਹੋ ਗਈਆਂ। ਆਪਣੀ ਵਾਰ ਵਿਚ, ਭਾਈ ਗੁਰਦਾਸ ਜੀ ਇਸ ਪ੍ਰਚਲਤ ਕਥਾ ਦਾ ਜ਼ਿਕਰ ਕਰਦੇ ਹਨ। ਭਾਈ ਜੀ ਦੇ ਕਹਿਣ ਦਾ ਮੂਲ ਮੰਤਵ ਇਹ ਹੈ ਕਿ ਭਗਤ ਰਵਿਦਾਸ ਜੀ ਪਰਮਾਤਮਾ ਦੇ ਬਹੁਤ ਨਜ਼ਦੀਕ ਸਨ।

ਇਹ ਕੇਂਦਰੀ ਸੰਦੇਸ਼ ਭਗਤ ਰਵਿਦਾਸ ਜੀ ਦੇ ਸ਼ਬਦ ਦੀ 'ਰਹਾਉ' ਤੁਕ ਤੋਂ ਅਤੇ ਭਾਈ ਗੁਰਦਾਸ ਜੀ ਦੀ ਵਾਰ ਦੀ ਆਖਰੀ ਸਤਰ ਤੋਂ ਵੀ ਸਪਸ਼ਟ ਹੈ। ਭਗਤ ਰਵਿਦਾਸ ਜੀ ਹਮੇਸ਼ਾ ਹੀ ਨਾਮ-ਸਿਮਰਨ ਵਿਚ ਮਸਤ ਰਹਿੰਦੇ ਸਨ ਅਤੇ ਪਰਮਾਤਮਾ ਦੇ ਪਿਆਰ ਨੂੰ ਮਾਤਾ, ਪਿਤਾ ਅਤੇ ਪੁੱਤਰ ਦੇ ਪਿਆਰ ਵਜੋਂ ਜਾਣਦੇ ਸਨ।

*******************

# ੧੨. ਪਰਮਾਤਮਾ ਦਾ ਪਿਆਰ ਅਤੇ ਰੀਤੀ-ਰਿਵਾਜ

ਭਗਤ ਰਵਿਦਾਸ ਜੀ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਸਰਬ-ਵਿਆਪਕ ਹੈ। ਉਹ ਪਰਮਾਤਮਾ ਨੂੰ ਆਪਣੇ ਬਹੁਤ ਨਜ਼ਦੀਕ ਸਮਝਦੇ ਸਨ ਅਤੇ ਉਸਦੇ ਸਿਮਰਨ ਵਿਚ ਹਮੇਸ਼ਾ ਜੁੜੇ ਰਹਿੰਦੇ ਸਨ। ਪਰਮਾਤਮਾ ਪ੍ਰਤੀ ਭਗਤ ਰਵਿਦਾਸ ਜੀ ਦੀ ਗਹਿਰੀ ਤਾਂਘ ਅਤੇ ਘੋਰ ਪਿਆਰ ਇਹਨਾਂ ਸ਼ਬਦਾਂ ਵਿਚ ਪ੍ਰਤੱਖ ਝਲਕਦੇ ਹਨ:

ਜਉ ਤੁਮ ਗਿਰਿਵਰ ਤਉ ਹਮ ਮੋਰਾ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥

ਜਉ ਤੁਮ ਦੀਵਰਾ ਤਉ ਹਮ ਬਾਤੀ॥ ਜਉ ਤੁਮ ਤੀਰਥ ਤਉ ਹਮ ਜਾਤੀ॥੨॥

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥**

ਰਾਗੁ ਸੋਰਿਠ ਬਾਣੀ ਭਗਤ ਰਿਵਦਾਸ ਜੀ ਕੀ, ਅੰਕ ੬੫੮

**ਸਰਲ ਅਰਥ:** ਹੇ ਮਾਧੋ! ਜੇ ਤੂੰ ਮੇਰੇ ਨਾਲੋਂ ਪਿਆਰ ਨਾਹ ਤੋੜੇਂ, ਤਾਂ ਮੈਂ ਭੀ ਨਹੀਂ ਤੋੜਾਂਗਾ; ਕਿਉਂਕਿ ਤੇਰੇ ਨਾਲੋਂ ਤੋੜ ਕੇ ਮੈਂ ਹੋਰ ਕਿਸ ਨਾਲ ਜੋੜ ਸਕਦਾ ਹਾਂ? ਹੋਰ ਕੋਈ, ਹੇ ਮਾਧੋ! ਤੇਰੇ ਵਰਗਾ ਹੈ ਹੀ ਨਹੀਂ।੧।ਰਹਾਉ। ਹੇ ਮੇਰੇ ਮਾਧੋ! ਜੇ ਤੂੰ ਸੋਹਣਾ ਜਿਹਾ ਪਹਾੜ ਬਣੇਂ, ਤਾਂ ਮੈਂ ਤੇਰਾ ਮੋਰ ਬਣਾਂਗਾ ਤੈਨੂੰ ਵੇਖ ਵੇਖ ਕੇ ਪੈਲਾਂ ਪਾਵਾਂਗਾ। ਜੇ ਤੂੰ ਚੰਦ ਬਣੇਂ ਤਾਂ ਮੈਂ ਤੇਰੀ ਚਕੋਰ ਬਣਾਂਗਾ ਤੇ ਤੈਨੂੰ ਵੇਖ ਕੇ ਖ਼ੁਸ਼ ਹੋ ਹੋ ਕੇ ਬੋਲਾਂਗੀ।੧। ਹੇ ਮਾਧੋ! ਜੇ ਤੂੰ ਸੋਹਣਾ ਦੀਵਾ ਬਣੇਂ, ਮੈਂ ਤੇਰੀ ਵੱਟੀ ਬਣ ਜਾਵਾਂ। ਜੇ ਤੂੰ ਤੀਰਥ ਬਣ ਜਾਏਂ ਤਾਂ ਮੈਂ ਤੇਰਾ ਦੀਦਾਰ ਕਰਨ ਲਈ ਜਾਤ੍ਰੂ ਬਣ ਜਾਵਾਂਗਾ।੨। **ਹੇ ਪ੍ਰਭੂ! ਮੈਂ ਤੇਰੇ ਨਾਲ ਪੱਕਾ ਪਿਆਰ ਪਾ ਲਿਆ ਹੈ। ਤੇਰੇ ਨਾਲ ਪਿਆਰ ਗੰਢ ਕੇ ਮੈਂ ਹੋਰ ਸਭਨਾਂ ਨਾਲੋਂ ਤੋੜ ਲਿਆ ਹੈ।੩।**

ਇਸ ਸ਼ਬਦ ਰਾਹੀਂ ਅਸੀਂ ਦੇਖਦੇ ਹਾਂ ਕਿ ਭਗਤ ਰਵਿਦਾਸ ਜੀ ਪਰਮਾਤਮਾ ਦੇ ਰੰਗ ਵਿਚ ਹਰ ਵੇਲੇ ਲਿਪਤ ਰਹਿੰਦੇ ਸਨ, ਅਤੇ ਇਸੇ ਨੂੰ ਪਰਮਾਤਮਾ ਪ੍ਰਤੀ ਸੱਚਾ ਪਿਆਰ ਸਮਝਦੇ ਸਨ। ਭਗਤ ਜੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਪਰਮਾਤਮਾ ਨਾਲ ਮਿਲਣ ਤੇ ਉਹ ਹੋਰ ਸਭਨਾਂ ਤੋਂ ਵੱਖਰੇ ਹੋ ਗਏ ਹਨ। ਭਗਤ ਜੀ ਦਾ ਇਸਤਰ੍ਹਾਂ ਦਾ ਪਿਆਰ ਬਿਲਕੁਲ ਨਿਰਸੁਆਰਤ ਅਤੇ ਪੂਰੀ ਤਰ੍ਹਾਂ ਸਰਵ-ਸ੍ਰੇਸ਼ਟ ਹੈ, ਜਿਵੇਂ ਕਿ ਮੋੜਵੇਂ ਰੂਪ ਵਿਚ ਕੋਈ ਆਸ਼ਾ ਨਹੀਂ ਹੈ। ਪਿਆਰ ਦਾ ਇਹੀ ਸਰਵੋਤਮ ਅਤੇ ਪਵਿੱਤਰ ਰੂਪ ਹੈ ਜਿਸ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

ਗੁਰੂ ਨਾਨਕ ਜੀ ਵੀ ਇਹਨਾਂ ਸ਼ਬਦਾਂ ਦੁਆਰਾ ਪਰਮਾਤਮਾ ਦੇ ਪਿਆਰ ਦਾ ਦਾਅਵਾ ਕਰਦੇ ਹਨ:

ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ॥ ਬਿਲਾਵਲ ਮਹਲਾ ੧, ਅੰਕ ੮੪੩

**ਸਰਲ ਅਰਥ:** ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਵਿਚ ਟਿਕ ਕੇ ਮੇਰਾ ਮਨ ਖਿੜਿਆ ਰਹਿੰਦਾ ਹੈ।

ਭਗਤ ਰਵਿਦਾਸ ਜੀ ਧਾਰਮਿਕ ਵਿਅੱਕਤੀ ਸਨ। ਪਰਮਾਤਮਾ ਪ੍ਰਤੀ ਆਪ ਜੀ ਦਾ ਪਿਆਰ ਇਕ ਚੁੰਬਕ ਦੇ ਤੌਰ ਤੇ ਹੋਰਨਾਂ ਨੂੰ ਭਗਤ ਜੀ ਦੇ ਸਾਥ ਲਈ ਖਿੱਚਦਾ ਸੀ। ਬਗਤ ਜੀ ਦਾ ਇਹ ਸੰਦੇਸ਼ ਸੀ ਕਿ 'ਪਰਮਾਤਮਾ ਨੇ ਹੀ ਇਨਸਾਨ ਨੂੰ ਪੈਦਾ ਕੀਤਾ ਹੈ, ਨਾ ਕਿ ਇਨਸਾਨ ਨੇ ਪਰਮਾਤਮਾ ਨੂੰ।' ਇਸਤੋਂ ਭਾਵ ਹੈ ਕਿ ਪਰਮਾਤਮਾ ਹੀ ਸਭਨਾਂ ਦਾ ਕਰਤਾ ਹੈ ਅਤੇ ਸਾਰੇ ਜੀਵਾਂ ਦੇ ਬਰਾਬਰ ਹੱਕ ਹਨ। ਭਗਤ ਰਵਿਦਾਸ ਜੀ ਬ੍ਰਹਮੰਡੀ ਭਾਈਚਾਰੇ ਦਾ ਸਿਧਾਂਤ ਬੜੇ ਜ਼ੋਰ ਨਾਲ ਪਰਚਾਰਿਆ ਕਰਦੇ ਸਨ।

ਹਿੰਦੂਆਂ ਵਿਚ ਪ੍ਰਚਲਤ ਸ਼ਾਮ ਵੇਲੇ ਗੰਗਾ ਆਰਤੀ ਕਰਨ ਦਾ ਰਿਵਾਜ ਆਮ ਸੀ। ਭਗਤ ਰਵਿਦਾਸ ਜੀ ਨੇ ਆਰਤੀ ਬਾਰੇ ਆਪਣੇ ਵਿਚਾਰ ਜ਼ਾਹਰ ਕੀਤੇ, ਜੋ ਕਿ ਹਿੰਦੂਆਂ ਵਿਚ ਦੇਵਤਿਆਂ ਸਾਹਵੇਂ ਦੀਵੇ ਜਗਾ ਕੇ ਰਵਾਇਤੀ ਪੂਜਾ ਕਰਨ ਦਾ ਰਿਵਾਜ ਸੀ। ਇਸ ਆਰਤੀ ਦੇ ਇਹ ਸ਼ਬਦ ਹਨ ਜੋ ਕਿ ਅਲੰਕਾਰਕ ਰੂਪ ਵਿਚ ਸਮਝੇ ਜਾਣੇ ਜ਼ਰੂਰੀ ਹਨ:

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥**

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥੧॥ ਰਹਾਉ॥**

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥

ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥

ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥

ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥

ਧਨਾਸਰੀ ਭਗਤ ਰਿਵਦਾਸ ਜੀ ਕੀ, ਅੰਕ ੬੯੪

**ਸਰਲ ਅਰਥ: ਹੇ ਪ੍ਰਭੂ! ਅੰਞਾਣ ਲੋਕ ਮੂਰਤੀਆਂ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ ਤੇਰਾ ਨਾਮ ਤੇਰੀ ਆਰਤੀ ਹੈ, ਤੇ ਤੀਰਥਾਂ ਦਾ ਇਸ਼ਨਾਨ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਹੋਰ ਸਾਰੇ ਅਡੰਬਰ ਕੂੜੇ ਹਨ।੧।ਰਹਾਉ।** ਤੇਰਾ ਨਾਮ ਮੇਰੇ ਲਈ ਪੰਡਿਤ ਵਾਲਾ ਆਸਨ ਹੈ ਜਿਸ ਉੱਤੇ ਬੈਠ ਕੇ ਉਹ ਮੂਰਤੀ ਦੀ ਪੂਜਾ ਕਰਦਾ ਹੈ, ਤੇਰਾ ਨਾਮ ਹੀ ਚੰਦਨ ਘਸਾਉਣ ਲਈ ਸਿਲ ਹੈ, ਮੂਰਤੀ ਪੂਜਣ ਵਾਲਾ ਮਨੁੱਖ ਸਿਰ ਉੱਤੇ ਕੇਸਰ ਘੋਲ ਕੇ ਮੂਰਤੀ ਉੱਤੇ ਕੇਸਰ ਛਿੜਕਦਾ ਹੈ, ਪਰ ਮੇਰੇ ਲਈ ਤੇਰਾ ਨਾਮ ਹੀ ਕੇਸਰ ਹੈ। ਹੇ ਮੁਰਾਰਿ! ਤੇਰਾ ਨਾਮ ਹੀ ਪਾਣੀ ਹੈ, ਨਾਮ ਹੀ ਚੰਦਨ ਹੈ, ਇਸ ਨਾਮ-ਚੰਦਨ ਨੂੰ ਨਾਮ-ਪਾਣੀ ਨਾਲ ਘਸਾ ਕੇ, ਤੇਰੇ ਨਾਮ ਦਾ ਸਿਮਰਨ-ਰੂਪ ਚੰਦਨ ਹੀ ਮੈਂ ਤੇਰੇ ਉੱਤੇ ਲਾਉਂਦਾ ਹਾਂ।੧। ਹੇ ਪ੍ਰਭੂ! ਤੇਰਾ ਨਾਮ ਦੀਵਾ ਹੈ, ਨਾਮ ਹੀ ਦੀਵੇ ਦੀ ਵੱਟੀ ਹੈ, ਨਾਮ ਹੀ ਤੇਲ ਹੈ, ਜੋ ਲੈ ਕੇ ਮੈਂ ਨਾਮ-ਦੀਵੇ ਵਿਚ ਪਾਇਆ ਹੈ; ਮੈਂ ਤੇਰੇ ਨਾਮ ਦੀ ਹੀ ਜੋਤਿ ਜਗਾਈ ਹੈ ਜਿਸ ਦੀ ਬਰਕਤਿ ਨਾਲ ਸਾਰੇ ਭਵਨਾਂ ਵਿਚ ਚਾਨਣ ਹੋ ਗਿਆ ਹੈ।੨। ਤੇਰਾ ਨਾਮ ਮੈਂ ਧਾਗਾ ਬਣਾਇਆ ਹੈ, ਨਾਮ ਨੂੰ ਹੀ ਮੈਂ ਫੁੱਲ ਤੇ ਫੁੱਲਾਂ ਦੀ ਮਾਲਾ ਬਣਾਇਆ ਹੈ, ਹੋਰ ਸਾਰੀ ਬਨਸਪਤੀ ਜਿਸ ਤੋਂ ਲੋਕ ਫੁੱਲ ਲੈ ਕੇ ਮੂਰਤੀਆਂ ਅੱਗੇ ਭੇਟ ਧਰਦੇ ਹਨ; ਤੇਰੇ ਨਾਮ ਦੇ ਟਾਕਰੇ ਤੇ ਜੂਠੀ ਹੈ। ਇਹ ਸਾਰੀ ਕੁਦਰਤ ਤਾਂ ਤੇਰੀ ਬਣਾਈ ਹੋਈ ਹੈ ਤੇਰੀ ਪੈਦਾ ਕੀਤੀ ਹੋਈ ਵਿਚੋਂ ਮੈਂ ਤੇਰੇ ਅੱਗੇ ਕੀਹ ਰੱਖਾਂ? ਸੋ, ਮੈਂ ਤੇਰਾ ਨਾਮ-ਰੂਪ ਚੌਰ ਹੀ ਤੇਰੇ ਉਤੇ ਝਲਾਉਂਦਾ ਹਾਂ।੩। ਸਾਰੇ ਸੰਸਾਰ ਦੀ ਨਿੱਤ ਦੀ ਕਾਰ ਤਾਂ ਇਹ ਹੈ ਕਿ ਤੇਰਾ ਨਾਮ ਭੁਲਾ ਕੇ ਅਠਾਰਾਂ ਪੁਰਾਣਾਂ ਦੀਆਂ ਕਹਾਣੀਆਂ ਵਿਚ ਪਰਚੇ ਹੋਏ ਹਨ, ਅਠਾਹਠ ਤੀਰਥਾਂ ਦੇ ਇਸ਼ਨਾਨ ਨੂੰ ਹੀ ਪੁੰਨ-ਕਰਮ ਸਮਝ ਬੈਠੇ ਹਨ, ਤੇ, ਇਸ ਤਰ੍ਹਾਂ ਚਾਰ ਖਾਣੀਆਂ ਦੀਆਂ ਜੂਨਾਂ ਵਿਚ ਭਟਕ ਰਹੇ ਹਨ। ਰਵਿਦਾਸ ਆਖਦਾ ਹੈ-ਹੇ ਪ੍ਰਭੂ! ਤੇਰਾ ਨਾਮ ਹੀ ਮੇਰੇ ਲਈ ਤੇਰੀ ਆਰਤੀ ਹੈ ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਦਾ ਹੀ ਭੋਗ ਮੈਂ ਤੈਨੂੰ ਲਾਉਂਦਾ ਹਾਂ।੪।੩।

{ਨੋਟ: ਗੁਰਬਾਣੀ ਵਿਚ ਦਸਿਆ ਹੈ ਕਿ ਸਾਰੇ ਜੀਵਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ ਉਹਨਾਂ ਦਾ ਜਨਮ ਹੁੰਦਾ ਹੈ:

ਅੰਡਜ – ਜੋ ਅੰਡੇ ਤੋਂ ਜਨਮਦੇ ਹਨ।
ਜੇਰਜ – ਜੋ ਗਰਭ ਵਿਚੋਂ ਜਨਮਦੇ ਹਨ।
ਸੇਤਜ – ਜੋ ਪਸੀਨੇ ਤੋਂ ਪੈਦਾ ਹੁੰਦੇ ਹਨ, ਅਤੇ
ਉਤਭੁਜ – ਜੋ ਧਰਤੀ ਵਿਚੋਂ ਉਪਜਦੇ ਹਨ।}

ਸ਼ਬਦ ਦਾ ਭਾਵ: **ਆਰਤੀ ਆਦਿਕ ਦੇ ਅਡੰਬਰ ਕੂੜੇ ਹਨ। ਸਿਮਰਨ ਹੀ ਜ਼ਿੰਦਗੀ ਦਾ ਸਹੀ ਰਸਤਾ ਹੈ।**

ਇਸਨੂੰ ਅਲੰਕਾਰਕ ਰੂਪ ਵਿਚ ਸਮਝਦਿਆਂ ਭਗਤ ਰਵਿਦਾਸ ਜੀ ਇਸ ਸ਼ਬਦ ਵਿਚ ਕਹਿੰਦੇ ਹਨ ਕਿ ਉਹਨਾਂ ਵਾਸਤੇ 'ਨਾਮ' ਹੀ ਸਭ ਕੁਝ ਹੈ, ਜਿਸਦਾ ਪ੍ਰਭਾਵ ਹਰ ਥਾਂ ਵਿਆਪਕ ਹੈ ਅਤੇ ਆਰਤੀ ਕਰਨ ਦੀ ਹਰ ਰੀਤੀ ਵਿਚ ਮੌਜੂਦ ਹੈ। ਹਿੰਦੂ ਤੀਰਥਾਂ ਦਾ ਭਰਮਣ ਕਰਨ, ਹਿੰਦੂ ਗ੍ਰੰਥ ਪੁਰਾਣਾਂ ਦਾ ਵਾਚਣਾ, ਅਤੇ ਜੀਵ ਉਤਪਤੀ ਦੇ ਚਾਰ ਸਾਧਨਾ ਦਾ ਵਰਨਣ ਕਰਨਾ ਵੀ ਪਰਮਾਤਮਾ ਦੇ ਸਰਬ-ਵਿਆਪਕ ਹੋਣ ਪ੍ਰਤੀ ਇਸ਼ਾਰਾ ਹੈ। ਇਹਨਾਂ

ਰੀਤੀ-ਰਿਵਾਜਾਂ ਅਤੇ ਧਾਰਮਿਕ ਵਿਸ਼ਵਾਸਾਂ ਦਾ ਸੰਕੇਤ ਕਰਣਾ ਵੀ ਪਰਮਾਤਮਾ ਦੇ ਸਰਬ-ਵਿਆਪਕ ਹੋਣ ਦਾ ਸੂਚਿਕ ਹੈ।

ਹਿੰਦੂ ਪੁਜਾਰੀਆਂ ਦਾਂ 'ਵੱਡੀ ਜਾਤੀ' ਵਿਚੋਂ ਹੋਣ ਦੇ ਅਭਿਮਾਨ ਬਾਰੇ ਵੀ ਭਗਤ ਰਵਿਦਾਸ ਜੀ ਨੇ ਖਿਆਲ ਇੰਜ ਜ਼ਾਹਰ ਕੀਤੇ ਹਨ:

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥

ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ **ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ**॥੩॥੧॥

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਅੰਕ ੧੨੯੩

**ਸਰਲ ਅਰਥ:** ਹੇ ਭਾਈ! ਤਾੜੀ ਦੇ ਰੁੱਖ ਅਪਵਿਤ੍ਰ ਮੰਨੇ ਜਾਂਦੇ ਹਨ, ਉਸੇ ਤਰ੍ਹਾਂ ਹੀ ਉਹਨਾਂ ਰੁੱਖਾਂ ਤੋਂ ਬਣੇ ਹੋਏ ਕਾਗ਼ਜ਼ਾਂ ਬਾਰੇ ਲੋਕ ਵਿਚਾਰ ਕਰਦੇ ਹਨ ਭਾਵ, ਉਹਨਾਂ ਕਾਗ਼ਜ਼ਾਂ ਨੂੰ ਭੀ ਅਪਵਿਤ੍ਰ ਸਮਝਦੇ ਹਨ, ਪਰ ਜਦੋਂ ਭਗਵਾਨ ਦੀ ਸਿਫ਼ਤਿ-ਸਾਲਾਹ ਉਹਨਾਂ ਉਤੇ ਲਿਖੀ ਜਾਂਦੀ ਹੈ ਤਾਂ ਉਹਨਾਂ ਦੀ ਪੂਜਾ ਕੀਤੀ ਜਾਂਦੀ ਹੈ।੨। ਮੇਰੀ ਜਾਤ ਦੇ ਲੋਕ ਚੰਮ ਕੁੱਟਣ ਤੇ ਵੱਢਣ ਵਾਲੇ ਬਨਾਰਸ ਦੇ ਆਲੇ-ਦੁਆਲੇ ਰਹਿੰਦੇ ਹਨ, ਤੇ ਨਿੱਤ ਮੋਏ ਪਸ਼ੂ ਢੋਂਦੇ ਹਨ; ਪਰ ਹੇ ਪ੍ਰਭੂ! ਉਸੇ ਕੁਲ ਵਿਚ ਜੰਮਿਆ ਹੋਇਆ ਤੇਰਾ ਸੇਵਕ ਰਵਿਦਾਸ ਤੇਰੇ ਨਾਮ ਦੀ ਸ਼ਰਨ ਆਇਆ ਹੈ, ਉਸ ਨੂੰ ਹੁਣ ਵੱਡੇ ਵੱਡੇ ਬ੍ਰਾਹਮਣ ਨਮਸਕਾਰ ਕਰਦੇ ਹਨ।੩।੧।

**ਸ਼ਬਦ ਦਾ ਭਾਵ: ਸਿਮਰਨ ਨੀਵਿਆਂ ਨੂੰ ਉੱਚਾ ਕਰ ਦੇਂਦਾ ਹੈ।**

ਆਪਣੀ ਸੁਹਬਤ ਦੇ ਬਾਵਜੂਦ, ਭਗਤ ਰਵਿਦਾਸ ਜੀ ਸਮਝਦੇ ਸਨ ਕਿ ਅਭਿਮਾਨ (ਗਰੂਰ) ਦਾ ਨਾ ਹੋਣਾ ਹੀ ਵੱਡੀ ਅਧਿਆਤਮਿਕ ਪ੍ਰਾਪਤੀ ਹੈ। ਭਗਤ ਜੀ ਆਪਣੇ ਜੀਵਨ ਵਿਚ ਪ੍ਰਾਪਤ ਹੋਏ ਮਾਣ-ਸਤਿਕਾਰ ਅਤੇ ਹਾਸਲ ਹੋਈਆਂ ਸਾਰੀਆਂ ਪ੍ਰਾਪਤੀਆਂ ਦਾ ਮਾਣ ਪਰਮਾਤਮਾ ਨੂੰ ਹੀ ਦਿੰਦੇ ਹਨ। ਇਕ ਹੋਰ ਥਾਂ ਤੇ ਉਹ ਇੰਜ ਵੀ ਕਹਿੰਦੇ ਹਨ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥**

ਰਾਗੁ ਮਾਰੂ ਬਾਣੀ ਰਵਿਦਾਸ, ਅੰਕ ੧੧੦੬

**ਸਰਲ ਅਰਥ:** ਹੇ ਸੋਹਣੇ ਪ੍ਰਭੂ! ਤੈਥੋਂ ਬਿਨਾ ਅਜਿਹੀ ਕਰਨੀ ਹੋਰ ਕੌਣ ਕਰ ਸਕਦਾ ਹੈ? **ਹੇ ਭਾਈ! ਮੇਰਾ ਪ੍ਰਭੂ ਗ਼ਰੀਬਾਂ ਨੂੰ ਮਾਣ ਦੇਣ ਵਾਲਾ ਹੈ, ਗ਼ਰੀਬ ਦੇ ਸਿਰ ਉੱਤੇ ਭੀ ਛੱਤਰ ਝੁਲਾ ਦੇਂਦਾ ਹੈ ਭਾਵ, ਗ਼ਰੀਬ ਨੂੰ ਭੀ ਰਾਜਾ ਬਣਾ ਦੇਂਦਾ ਹੈ।੧।ਰਹਾਉ।**

ਇਥੇ ਵੀ ਭਗਤ ਰਵਿਦਾਸ ਜੀ ਇਕ ਪਰਮਾਤਮਾ ਦੀ ਪੂਜਾ ਵਿਚਲੇ ਵਿਸ਼ਵਾਸ ਨੂੰ ਹੀ ਦ੍ਰਿੜਾਉਂਦੇ ਹਨ ਅਤੇ ਕਿਸੇਤਰ੍ਹਾਂ ਦੀ ਵੀ ਬੁੱਤ ਪੂਜਾ ਜਾਂ ਰੀਤੀ-ਰਿਵਾਜਾਂ ਦੀ ਪਾਲਣਾ ਕਰਨ ਤੋਂ ਰੋਕਦੇ ਹਨ।

********************

# ੧੩. ਭਗਤ ਜੈਦੇਵ ਜੀ

ਭਗਤ ਜੈਦੇਵ ਜੀ (੧੧੭੦-੧੨੪੫ ਈ:) ਸੂਰੀ ਨਗਰ ਤੋਂ ਕੋਈ ਵੀਹ ਮੀਲ ਦੂਰੀ ਤੇ ਕੰਦੂਲੀ ਸਥਾਨ ਤੇ ਪੈਦਾ ਹੋਏ। ਇਹ ਜਗਹ ਵਰਤਮਾਨ ਭਾਰਤ ਦੇ ਪੱਛਮੀ ਬੰਗਾਲ ਵਿਚ ਜ਼ਿਲਾ ਬੀਰਭੂਮ ਵਿਚ ਹੈ। ਆਪ ਜੀ ਦੇ ਪਿਤਾ ਕਨੌਜ ਸ਼ਹਰ ਦਾ ਇਕ ਬ੍ਰਾਹਮਣ ਭੋਇਦੇਵ ਸੀ, ਅਤੇ ਮਾਤਾ ਦਾ ਨਾਮ ਬਮਦੇਵੀ ਸੀ। ਜੈਦੇਵ ਜੀ ਇਕ ਪ੍ਰਸਿੱਧ ਸੰਸਕ੍ਰਿਤ ਕਵੀ ਸਨ। ਉਹ ਉਹਨਾਂ ਪੰਜ ਨਾਮਵਰ ਕਵੀਆਂ ਵਿਚੋਂ, ਜਿਹਨਾਂ ਨੂੰ ਬੰਗਾਲ ਦੇ ਰਾਜਾ ਲਕਛਮਣ ਸੇਨ ਨੇ ਨਿਯੁਕਤ ਕੀਤਾ ਸੀ, ਸਭ ਤੋਂ ਵਧੇਰੇ ਮਸ਼ਹੂਰ ਅਤੇ ਜਾਣੇ-ਪਹਿਚਾਣੇ ਕਵੀ ਸਨ। ਆਪ ਜੀ ਦਾ ਕਾਰਜ-ਕਾਲ ੧੧੭੦ ਈ: ਦਾ ਹੈ। ਇਹਨਾਂ ਪੰਜ ਕਵੀਆਂ ਨੂੰ ਰਾਜਾ ਲਕਛਮਣ ਸੇਨ ਦੇ ਦਰਬਾਰ ਦੇ 'ਪੰਜ ਹੀਰਿਆਂ' ਵਜੋਂ ਜਾਣਿਆ ਜਾਂਦਾ ਸੀ। ਰਾਜਾ ਦੇ ਹਿਰਦੇ ਵਿਚ ਇਹਨਾਂ ਪ੍ਰਤੀ ਇਤਨਾ ਮਾਣ ਸਤਿਕਾਰ ਸੀ ਕਿ ਰਾਜਾ ਨੇ ਇਕ ਵਿਸ਼ੇਸ਼ ਸਮਾਰਕ ਤਿਆਰ ਕਰਵਾਇਆ ਤਾਕਿ ਉਹਨਾਂ ਦੇ ਨਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਿਚ ਸਦਾਕਾਲ ਯਾਦ ਰਖਿਆ ਜਾ ਸਕੇ।

ਭਗਤ ਜੈਦੇਵ ਜੀ ਦਾ ਵਿਸ਼ਵਾਸ ਸੀ ਕਿ ਪਰਮਾਤਮਾ ਸਰਵ-ਗਿਆਤਾ ਹੈ ਅਤੇ ਕੁਝ ਵੀ ਕਰ ਸਕਣ ਦੇ ਸਮਰੱਥ ਹੈ। ਬੰਦਾ ਭਾਵੇਂ ਕਿਤਨਾ ਵੀ ਮਹਾਨ ਅਤੇ ਪ੍ਰਸਿੱਧ ਹੋਵੇ, ਉਹ ਪਰਮਾਤਮਾ ਸਾਹਵੇਂ ਕੁਝ ਵੀ ਨਹੀਂ। ਅਸਲ ਵਿਚ, ਮਨੁੱਖੀ ਜੀਵ ਜੋ ਕੁਝ ਵੀ ਹੈ, ਉਹ ਪਰਮਾਤਮਾ ਦੀ ਮੇਹਰ ਸਦਕਾ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਦੋ ਸ਼ਬਦ ਹਨ। ਆਪ ਜੀ ਦੀ ਪਹਿਲੀ ਰਚਨਾ ਵਿਚ ਆਪ ਜੀ ਦਾ ਸੰਕੇਤ ਹੈ ਕਿ ਹਰ ਕਿਸੇ ਨੂੰ ਇਕ ਪਰਮਾਤਮਾ ਦੀ ਭਗਤੀ ਹੀ ਕਰਨੀ ਚਾਹੀਦੀ ਹੈ, ਜੋ ਸਰਵ-ਸ੍ਰੇਸ਼ਟ ਅੰਮ੍ਰਿਤ ਦਾ ਪੁੰਜ ਹੈ। ਇਸਤਰ੍ਹਾਂ ਕਰਨ ਨਾਲ ਵਿਅੱਕਤੀ ਜਨਮ-ਮਰਣ ਦੇ ਚੱਕਰ ਤੋਂ ਅਤੇ ਬੁਢੇਪੇ ਦੇ ਦੁੱਖਾਂ ਅਤੇ ਮੌਤ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ:

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥੧॥

**ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥**

**ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ੧॥ ਰਹਾਉ॥**

ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥

ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ॥੨॥

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ॥

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥੩॥

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥੪॥

ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥

ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ॥੫॥੧॥ ਗੂਜਰੀ ਸ੍ਰੀ ਜੈਦੇਵ, ਅੰਕ ੫੨੬

**ਸਰਲ ਅਰਥ: ਹੇ ਭਾਈ! ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰ, ਜੋ ਅੰਮ੍ਰਿਤ-ਭਰਪੂਰ ਹੈ, ਜੋ ਅਸਲੀਅਤ-ਰੂਪ ਹੈ, ਅਤੇ ਜਿਸ ਦੇ ਸਿਮਰਨ ਨਾਲ ਜਨਮ ਮਰਨ, ਬੁਢੇਪਾ, ਚਿੰਤਾ, ਫ਼ਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ।੧।ਰਹਾਉ।** ਉਹ ਪਰਮਾਤਮਾ ਸਭ ਤੋਂ ਉੱਚੀ ਹਸਤੀ ਹੈ, ਸਭ ਦਾ ਮੂਲ ਹੈ, ਸਭ ਵਿਚ ਵਿਆਪਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਸ ਵਿਚ ਥਿਰਤਾ ਆਦਿਕ ਸਾਰੇ ਗੁਣ ਮੌਜੂਦ ਹਨ; ਉਹ ਪ੍ਰਭੂ ਬਹੁਤ ਹੀ ਅਸਚਰਜ ਹੈ, ਮਾਇਆ ਤੋਂ ਪਰੇ ਹੈ, ਉਸ ਦਾ ਮੁਕੰਮਲ ਸਰੂਪ ਸੋਚ-ਮੰਡਲ ਵਿਚ ਨਹੀਂ ਆ ਸਕਦਾ, ਅਤੇ ਉਹ ਹਰ ਥਾਂ ਅੱਪੜਿਆ ਹੋਇਆ ਹੈ।੧। ਹੇ ਭਾਈ! ਜੇ ਤੂੰ ਜਮ ਆਦਿਕ ਨੂੰ ਜਿੱਤਣਾ ਚਾਹੁੰਦਾ ਹੈਂ, ਜੇ ਤੂੰ ਸੋਭਾ ਤੇ ਸੁਖ ਚਾਹੁੰਦਾ ਹੈਂ ਤਾਂ ਲੋਭ ਆਦਿਕ ਵਿਕਾਰ ਛੱਡ ਦੇਹ, ਪਰਾਏ ਘਰ ਵਲ ਤੱਕਣਾ ਛੱਡ ਦੇ, ਉਹ ਆਚਰਨ ਤਜ ਦੇਹ ਜੋ ਮਰਯਾਦਾ ਦੇ ਉਲਟ ਹੈ ਸਾਰੇ ਮੰਦੇ ਕੰਮ ਛੱਡ ਦੇਹ, ਹੁਰਮਤਿ ਤਿਆਗ ਦੇਹ, ਅਤੇ ਉਸ ਪ੍ਰਭੂ ਦੀ ਸਰਨ ਪਉ ਜੋ ਸਭ ਨੂੰ ਨਾਸ ਕਰਨ ਦੇ ਸਮਰੱਥ ਹੈ, ਜੋ ਹੁਣ ਪਿਛਲੇ ਸਮੇ ਤੇ ਅਗਾਂਹ ਲਈ ਸਦਾ ਹੀ ਪੂਰਨ ਤੌਰ ਤੇ ਨਾਸ-ਰਹਿਤ ਹੈ ਜੋ ਸਭ ਤੋਂ ਉੱਚੀ ਹਸਤੀ ਹੈ, ਤੇ ਜੋ ਸਦਾ ਖਿੜਿਆ ਰਹਿੰਦਾ ਹੈ।੨, ੩। ਪਰਮਾਤਮਾ ਦੇ ਪਿਆਰੇ ਭਗਤ ਮਨ ਬਚਨ ਅਤੇ ਕਰਮ ਤੋਂ ਪਵਿਤ੍ਰ ਹੁੰਦੇ ਹਨ। ਭਾਵ, ਭਗਤਾਂ ਦਾ ਮਨ ਪਵਿਤ੍ਰ, ਬੋਲ ਪਵਿਤ੍ਰ ਅਤੇ ਕੰਮ ਵੀ ਪਵਿਤ੍ਰ ਹੁੰਦੇ ਹਨ; ਉਹਨਾਂ ਨੂੰ ਜੋਗ ਨਾਲ ਕੀਹ ਵਾਸਤਾ? ਉਹਨਾਂ ਨੂੰ ਜੱਗ ਨਾਲ ਕੀਹ ਪ੍ਰਯੋਜਨ? ਉਹਨਾਂ ਨੂੰ ਦਾਨ ਅਤੇ ਤਪ ਨਾਲ ਕੀਹ? ਭਾਵ, ਭਗਤ ਜਾਣਦੇ ਹਨ ਕਿ ਜੋਗ-ਸਾਧਨ, ਜੱਗ, ਦਾਨ ਅਤੇ ਤਪ ਕਰਨ ਤੋਂ ਕੋਈ ਆਤਮਕ ਲਾਭ ਨਹੀਂ ਹੋ ਸਕਦਾ, ਪ੍ਰਭੂ ਦੀ ਭਗਤੀ ਹੀ ਅਸਲੀ ਕਰਣੀ ਹੈ।੪। ਹੇ ਭਾਈ! ਗੋਬਿੰਦ ਪ੍ਰਭੂ ਦਾ ਭਜਨ ਕਰ, ਗੋਬਿੰਦ ਨੂੰ ਜਪ, ਉਹੀ ਸਾਰੀਆਂ ਸਿੱਧੀਆਂ ਦਾ

ਖ਼ਜ਼ਾਨਾ ਹੈ। ਜੈਦੇਵ ਭੀ ਹੋਰ ਆਸਰੇ ਸਾਰੇ ਛੱਡ ਕੇ ਉਸੇ ਦੀ ਸਰਨ ਆਇਆ ਹੈ, ਉਹ ਹੁਣ ਭੀ, ਪਿਛਲੇ ਸਮੇ ਭੀ ਅਗਾਂਹ ਨੂੰ ਭੀ ਹਰ ਵੇਲੇ ਹਰ ਥਾਂ ਮੌਜੂਦ ਹੈ।੫।੧।

ਇਹ ਦੇਖਣਾ ਵੀ ਰੌਚਿਕ ਹੋਵੇਗਾ ਕਿ ਉਸੇ ਰਾਗ ਵਿਚ ਗੁਰੂ ਨਾਨਕ ਜੀ ਦਾ ਵੀ ਸ਼ਬਦ ਹੈ ਜੋ ਉਸੇ ਲੈਅ ਅਤੇ ਅਰਥਾਂ ਵਿਚ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੫੦੫ ਪੰਨੇ ਤੇ ਇਵੇਂ ਹੈ:

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥
ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ॥੧॥
**ਜਪਿ ਮਨ ਨਾਮੁ ਹਰਿ ਸਰਣੀ॥**
**ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ॥੧॥ਰਹਾਉ॥** ਗੂਜਰੀ ਮਹਲਾ ੧, ਅੰਕ ੫੦੫

**ਸਰਲ ਅਰਥ: ਹੇ ਮਨ! ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਓਟ ਫੜ। ਪਰਮਾਤਮਾ ਦੇ ਨਾਮ ਨੂੰ ਜੀਵਨ ਦਾ ਮਨੋਰਥ ਬਣਾ। ਇਹ ਨਾਮ ਸੰਸਾਰ-ਸਮੁੰਦਰ ਤੋਂ ਪਾਰ ਲੰਘਾਣ ਲਈ ਜਹਾਜ਼ ਹੈ।੧।ਰਹਾਉ।** ਜੇਹੜੇ ਮਨੁੱਖ ਪਰਮਾਤਮਾ ਦੀ ਭਗਤੀ ਕਰਦੇ ਹਨ, ਸਦਾ-ਥਿਰ ਪ੍ਰਭੂ ਨੂੰ ਪ੍ਰੇਮ ਨਾਲ ਆਰਾਧਦੇ ਹਨ, ਉਹਨਾਂ ਦੇ ਅੰਦਰ ਪ੍ਰਭੂ-ਪ੍ਰੇਮ ਦੀ ਤੀਬਰ ਖਿੱਚ ਬਣੀ ਰਹਿੰਦੀ ਹੈ, ਉਹ ਪ੍ਰਭੂ ਦੇ ਦਰ ਤੇ ਹੀ ਹਾੜੇ-ਤਰਲੇ ਕਰਦੇ ਹਨ ਬੇਨਤੀਆਂ ਕਰਦੇ ਹਨ, ਉਹਨਾਂ ਦੇ ਚਿੱਤ ਪ੍ਰਭੂ ਦੇ ਪ੍ਰੇਮ ਪਿਆਰ ਵਿਚ ਮਗਨ ਰਹਿੰਦੇ ਹਨ ਤੇ ਉਹ ਆਤਮਕ ਆਨੰਦ ਮਾਣਦੇ ਹਨ।੧।

ਗੁਰੂ ਨਾਨਕ ਜੀ ਦੇ ਸੰਪੂਰਨ ਸ਼ਬਦ ਵਿਚ ਭਗਤ ਜੈਦੇਵ ਜੀ ਦੇ ਸ਼ਬਦ ਨਾਲ ਮਿਲਦੀਆਂ ਹੋਰ ਵੀ ਸਮਾਨਤਾਵਾਂ ਹਨ। ਇਹ ਕੋਈ ਇਸਤਰ੍ਹਾਂ ਹੀ ਇਤਫ਼ਾਕ ਦੀ ਗੱਲ ਨਹੀਂ। ਸਮਾਨਤਾਵਾਂ ਨਿਸਚੈ ਹੀ ਇਹ ਪ੍ਰਮਾਣ ਦਿੰਦੀਆਂ ਹਨ ਕਿ ਗੁਰੂ ਨਾਨਕ ਜੀ ਨੇ ਆਪਣੀ ਪਹਿਲੀ ਉਦਾਸੀ (ਧਰਮ ਪਰਚਾਰਕ ਯਾਤਰਾ) ਦੌਰਾਨ ਭਗਤ ਜੈਦੇਵ ਜੀ ਦੀ ਇਹ ਰਚਨਾ ਇਕੱਤਰ ਕੀਤੀ ਜਦ ਕਿ ਉਹ ਭਾਰਤ ਵਿਚਲੇ ਹੋਰ ਵੀ ਹਿੰਦੂ ਤੀਰਥਾਂ ਦੀ ਯਾਤਰਾ ਕਰ ਰਹੇ ਸਨ। ਕਈ ਲੋਕ ਗਲਤੀ ਵਜੋਂ ਇਹ ਕਹਿੰਦੇ ਹਨ ਕਿ ਗੁਰੂ ਅਰਜਨ ਜੀ ਨੇ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ। ਪਰ ਇਹਨਾਂ ਦੋ ਰਚਨਾਵਾਂ ਵਿਚਲੀਆਂ ਬਾਖੂਬੀ ਸਮਾਨਤਾਵਾਂ – ਸ਼ਬਦਾਂ ਦੀ ਸਮਾਨਤਾ, ਅਤੇ ਰਾਗ ਅਤੇ ਘਰੁ ਦੀ ਸਮਾਨਤਾ – ਹੋਣ ਨਾਲ ਕੋਈ ਵੀ ਸ਼ੰਕਾ ਨਹੀਂ ਰਹਿੰਦਾ ਕਿ ਗੁਰੂ ਨਾਨਕ ਜੀ ਨੇ ਭਗਤ ਜੈਦੇਵ ਜੀ ਦੀਆਂ ਇਹ ਰਚਨਾਵਾਂ ਆਪ ਇਕੱਤਰ ਕੀਤੀਆਂ ਅਤੇ ਆਪਣੇ ਉਤਰਾਧਿਕਾਰੀ ਨੂੰ ਆਪ ਹੀ ਦਿੱਤੀਆਂ।

{ਨੋਟ: ਇਸ ਨਿਰਣੈ ਦੀ ਹੋਰ ਪ੍ਰੋੜਤਾ ਲਈ ਪ੍ਰੋਫ਼ੈੱਸਰ ਸਾਹਿਬ ਸਿੰਘ ਜੀ ਦੀ ਰਚਨਾ 'ਆਦਿ ਬੀੜ ਬਾਰੇ' ਦੇਖੋ, ਜਿਸਦਾ ਪ੍ਰਕਾਸ਼ਕ ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ੧੯੯੬ ਹੈ।}

ਦੂਜੀ ਰਚਨਾ ਵਿਚ, ਭਗਤ ਜੈਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਦੀ ਸਿਫ਼ਤ-ਪ੍ਰਸੰਸਾ ਕਰਨ ਨਾਲ, ਜੋ ਕਿ ਆਦਿ ਕਾਲ ਤੋਂ ਹੋਂਦ ਵਿਚ ਹੈ, ਭਗਤ ਜੀ ਨੂੰ ਪਰਮਾਤਮਾ ਦੀ ਨੇੜਤਾ ਦਾ ਅਹਿਸਾਸ ਹੋਇਆ ਹੈ:

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ॥

ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ॥੧॥

ਮਨ ਆਦਿ ਗੁਣ ਆਦਿ ਵਖਾਣਿਆ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ॥੧॥ ਰਹਾਉ॥

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ॥

ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣ ਪਾਇਆ॥੨॥੧॥

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ, ਅੰਕ ੧੧੦੬

**ਸਰਲ ਅਰਥ: ਹੇ ਮਨ! ਜਗਤ ਦੇ ਮੂਲ-ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤਿਆਂ ਤੇਰਾ ਵਿਤਕਰੇ ਵਾਲਾ ਸੁਭਾਉ ਪੱਧਰਾ ਹੋ ਗਿਆ ਹੈ।੧।ਰਹਾਉ।** ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਹੀ ਖੱਬੀ ਸੁਰ ਵਿਚ ਪ੍ਰਾਣ ਚੜ੍ਹ ਭੀ ਗਏ ਹਨ, ਸੁਖਮਨਾ ਵਿਚ ਅਟਕਾਏ ਭੀ ਗਏ ਹਨ, ਤੇ ਸੱਜੀ ਸੁਰ ਰਸਤੇ ਸੋਲਾਂ ਵਾਰੀ 'ਓਂ' ਆਖ ਕੇ ਉਤਰ ਭੀ ਆਏ ਹਨ ਭਾਵ, ਪ੍ਰਾਣਾਯਾਮ ਦਾ ਸਾਰਾ ਉੱਦਮ ਸਿਫ਼ਤਿ-ਸਾਲਾਹ ਵਿਚ ਹੀ ਆ ਗਿਆ ਹੈ, ਸਿਫ਼ਤਿ-ਸਾਲਾਹ ਦੇ ਟਾਕਰੇ ਤੇ ਪ੍ਰਾਣ ਚਾੜ੍ਹਨ, ਟਿਕਾਣ ਅਤੇ ਉਤਾਰਨ ਵਾਲੇ ਸਾਧਨ ਪ੍ਰਾਣਾਯਾਮ ਦੀ ਲੋੜ ਹੀ ਨਹੀਂ ਰਹਿ ਗਈ। ਇਸ ਸਿਫ਼ਤਿ-ਸਾਲਾਹ ਦਾ ਸਦਕਾ ਵਿਕਾਰਾਂ ਵਿਚ ਪੈਣ ਕਰਕੇ ਕਮਜ਼ੋਰ ਹੋਏ ਮਨ ਦਾ 'ਦੁਬਿਧਾ ਦ੍ਰਿਸਟਿ' ਵਾਲਾ ਬਲ ਟੁੱਟ ਗਿਆ ਹੈ, ਅਮੋੜ ਮਨ ਦਾ ਚੰਚਲ ਸੁਭਾਉ ਰੁਕ ਗਿਆ ਹੈ, ਇਹ ਅਲ੍ਹੜ ਮਨ ਹੁਣ ਸੋਹਣੀ ਘਾੜਤ ਵਾਲਾ ਹੋ ਗਿਆ ਹੈ, ਇਥੇ ਅੱਪੜ ਕੇ ਇਸ ਨੇ ਨਾਮ-ਅੰਮ੍ਰਿਤ ਪੀ ਲਿਆ ਹੈ।੧। ਜੈਦੇਉ ਆਖਦਾ ਹੈ- ਜੇ ਆਰਾਧਣ-ਜੋਗ ਪ੍ਰਭੂ ਦੀ ਆਰਾਧਨਾ ਕਰੀਏ, ਜੇ ਸਰਧਾ-ਜੋਗ ਪ੍ਰਭੂ ਵਿਚ ਸਿਦਕ ਧਾਰੀਏ, ਤਾਂ ਉਸ ਨਾਲ ਇਕ-ਰੂਪ ਹੋ ਜਾਈਦਾ ਹੈ, ਜਿਵੇਂ ਪਾਣੀ ਨਾਲ ਪਾਣੀ। ਜੇਦੈਵ-ਪ੍ਰਭੂ ਦਾ ਸਿਮਰਨ ਕੀਤਿਆਂ ਉਹ ਵਾਸ਼ਨਾਂ-ਰਹਿਤ ਬੇ-ਪਰਵਾਹ ਪ੍ਰਭੂ ਮਿਲ ਪੈਂਦਾ ਹੈ।੨।੧।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸ਼ਬਦ ਗੁਰੂ ਨਾਨਕ ਜੀ ਦਾ ਹੈ ਜਿਸਦੀ ਲੈਅ ਅਤੇ ਅਰਥ ਸਮਰੂਪ ਹੈ ਅਤੇ ਉਸੇ ਰਾਗ ਵਿਚ ਹੈ। ਇਹ ਸ਼ਬਦ ਇਵੇਂ ਹੈ:

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ॥੧॥

ਮੂੜੇ ਕਾਇਚੇ ਭਰਮਿ ਭੁਲਾ॥

ਨਹ ਚੀਨਿਆ ਪਰਮਾਨੰਦੁ ਬੈਰਾਗੀ॥੧॥ ਰਹਾਉ॥ ਮਾਰੂ ਮਹਲਾ ੧, ਅੰਕ ੯੯੧

**ਸਰਲ ਅਰਥ:** ਹੇ ਜੋਗੀ! ਤੂੰ ਜਗਤ ਦੀ ਮਾਇਆ ਵਲੋਂ ਵੈਰਾਗਵਾਨ ਹੋ ਕੇ ਉੱਚੇ ਤੋਂ ਉੱਚੇ ਆਤਮਕ ਆਨੰਦ ਦੇ ਮਾਲਕ ਪਰਮਾਤਮਾ ਨੂੰ ਅਜੇ ਤਕ ਪਛਾਣ ਨਹੀਂ ਸਕਿਆ, ਹੇ ਮੂਰਖ! ਤੂੰ ਪ੍ਰਾਣਾਯਾਮ ਦੇ ਭੁਲੇਖੇ ਵਿਚ ਪੈ ਕੇ ਕਿਉਂ ਜੀਵਨ ਦੇ ਅਸਲੀ ਤੋਂ ਲਾਂਭੇ ਜਾ ਰਿਹਾ ਹੈਂ?।੧।ਰਹਾਉ। ਹੇ ਜੋਗੀ! ਤੂੰ ਤਾਮਸੀ ਸੁਭਾਵ ਨੂੰ ਦੂਰ ਕਰ ਇਹ ਹੈ ਸੱਜੀ ਨਾਸ ਦੇ ਰਸਤੇ ਪ੍ਰਾਣ ਉਤਾਰਨੇ, ਸ਼ਾਂਤੀ ਸੁਭਾਵ ਨੂੰ ਆਪਣੇ ਅੰਦਰ ਤਕੜਾ ਕਰ ਇਹ ਹੈ ਖੱਬੀ ਨਾਸ ਦੇ ਰਸਤੇ ਪ੍ਰਾਣ ਚੜ੍ਹਾਣੇ। ਸੁਆਸ ਸੁਆਸ ਨਾਮ ਜਪਣ ਵਾਲਾ ਜ਼ਿੰਦਗੀ ਦਾ ਸੁਚੱਜਾ ਢੰਗ ਬਣਾ ਇਹ ਹੈ ਪ੍ਰਾਣਾਂ ਨੂੰ ਸੁਖਮਨਾ ਨਾੜੀ ਵਿਚ ਟਿਕਾਣਾ। ਬੱਸ! ਹੇ ਜੋਗੀ! ਪਰਮਾਤਮਾ ਦੇ ਚਰਨਾਂ ਵਿਚ ਜੁੜਨ ਦਾ ਕੋਈ ਅਜੇਹਾ ਮੇਲ ਮਿਲਾਓ। ਇਸ ਤਰੀਕੇ ਨਾਲ ਮੱਛੀ ਵਰਗਾ ਚੰਚਲ ਮਨ ਵੱਸ ਵਿਚ ਰੱਖ ਸਕੀਦਾ ਹੈ, ਮਨ ਵਿਕਾਰਾਂ ਵਲ ਨਹੀਂ ਦੌੜਦਾ, ਨਾਹ ਹੀ ਸਰੀਰ ਵਿਕਾਰਾਂ ਵਿਚ ਪੈ ਕੇ ਖ਼ੁਆਰ ਹੁੰਦਾ ਹੈ।੧।

**ਸ਼ਬਦ ਦਾ ਭਾਵ:** ਹੇ ਮਨ! ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਓਟ ਫੜ। ਪਰਮਾਤਮਾ ਦੇ ਨਾਮ ਨੂੰ ਜੀਵਨ ਦਾ ਮਨੋਰਥ ਬਣਾ। ਇਹ ਨਾਮ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਜਹਾਜ ਹੈ।

ਭਗਤ ਜੈਦੇਵ ਜੀ ਇਕ ਗਿਆਨਵਾਨ ਕਵੀ ਸਨ। ਉਹਨਾਂ ਦਾ ਬਹੁਤ ਮਾਣ-ਸਤਿਕਾਰ ਸੀ। ਪਰਮਾਤਮਾ ਦੀ ਭਗਤੀ ਪ੍ਰਤੀ ਉਹਨਾਂ ਦੀ ਪੂਰਨ ਸ਼ਰਧਾ ਅਤੇ ਲਗਨ ਸੀ। ਸਮਾਂ ਬੀਤਣ ਨਾਲ, ਬਹੁਤ ਸਾਰੀਆਂ ਕਥਾਵਾਂ ਆਪ ਜੀ ਦੀ ਮਹਾਨਤਾ ਨਾਲ ਜੁੜ ਗਈਆਂ। ਕਈ ਕਥਾਵਾਂ ਤਾਂ ਭਗਤ ਜੈਦੇਵ ਜੀ ਨੂੰ ਚਮਤਰਾਰਾਂ ਦੇ ਧਾਰਣੀ ਸਰਵ-ਉੱਚ ਮਾਨਵ ਦਸਦੀਆਂ ਹਨ। ਹੇਠ ਦਿਤੇ ਸ਼ਬਦਾਂ ਵਿਚ ਭਾਈ ਗੁਰਦਾਸ ਜੀ ਨੇ ਇਕ ਕਥਾ ਵਿਚ ਧਿਆਨ ਖਿਚਿਆ ਹੈ:

ਅਖਰੁ ਇਕੁ ਨ ਆਵੜੈ ਪੁਸਤਕੁ ਬੰਨ੍ਹਿ ਸੰਧਿਆ ਕਰਿ ਆਵੈ।

ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।

ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।

ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।

ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ। ਭਾਈ ਗੁਰਦਾਸ , ਵਾਰ ੧੦.੧੦

**ਸਰਲ ਅਰਥ:** ਉਹ (ਜੈਦੇਵ) ਨੂੰ ਸ਼ਬਦ ਨਹੀਂ ਸੁਝੇ ਅਤੇ ਇਸ ਲਈ ਆਪਣੀ ਕਿਤਾਬ ਬੰਦ ਕਰਕੇ ਸ਼ਾਮ ਨੂੰ ਬਾਹਰ ਚਲੇ ਗਏ। ਪਰਮਾਤਮਾ - ਸਾਰੇ ਗੁਣਾਂ ਦਾ ਭੰਡਾਰ - ਖੁਦ ਆ ਕੇ ਸਾਰੀ ਰਚਨਾ ਲਿੱਖ ਗਏ। ਜੈਦੇਵ ਜੀ ਉਹ ਰਚਨਾ ਦੇਖ ਕੇ ਅਤੇ ਪੜ੍ਹ ਕੇ ਬਹੁਤ ਖੁਸ਼ ਹੋ ਗਏ। ਉਹ

ਬੀਆਬਾਨ ਜਗਹ ਤੇ ਚਲੇ ਗਏ ਅਤੇ ਜੰਗਲ ਵਿੱਚ ਇਕ ਸ਼ਾਨਦਾਰ ਪੇੜ ਦੇਖਿਆ। ਉਹਨਾਂ ਨੇ ਹਰ ਇੱਕ ਪੱਤੇ ਤੇ ਗੋਵਿੰਦ (ਪਰਮਾਤਮਾ) ਦੇ ਲਿਖੇ ਗੀਤ ਦੇਖੇ।

ਜਿਵੇਂ ਹੋਰ ਭਗਤਾਂ ਦੇ ਸਬੰਧ ਵਿਚ ਹੈ, ਜਿਹਨਾਂ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ, ਇਸ ਕਥਾ ਨੂੰ ਵੀ ਅਲੰਕਾਰਕ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ, ਨਾ ਕਿ ਸ਼ਾਬਦਿਕ ਰੂਪ ਵਿਚ। ਇਹ ਰਚਨਾਵਾਂ ਭਾਵੇਂ ਭਗਤ ਜੈਦੇਵ ਜੀ ਨੇ ਲਿਖੀਆਂ, ਪਰ ਉਹਨਾਂ ਦੇ ਪੈਰੋਕਾਰਾਂ ਨੇ ਇਹਨਾਂ ਨੂੰ ਇਤਨਾ ਅਰਥ-ਭਰਪੂਰ ਦੇਖਿਆ ਕਿ ਉਹ ਇਹ ਸਮਝਣ ਲੱਗ ਪਏ ਕਿ, ਹੋ ਸਕਦੈ, ਇਹ ਸ਼ਬਦ ਭਾਵੇਂ ਗੋਵਿੰਦ (ਪਰਮਾਤਮਾ) ਨੇ ਆਪ ਲਿਖੇ ਹੋਣ। ਇਸਤਰ੍ਹਾਂ ਕਰਨ ਨਾਲ ਉਹ ਜੈਦੇਵ ਜੀ ਦੇ ਸ਼ਬਦਾਂ ਨੂੰ ਗਲਤੀ ਨਾਲ) ਪਰਮਾਤਮਾ ਦਾ ਇਲਾਹੀ ਕਥਨ ਜਾਣਦੇ ਸਨ।

ਭਗਤ ਜੈਦੇਵ ਜੀ ਨੇ ਪਰਮਾਤਮਾ ਦੇ ਪਿਆਰ ਵਿਚ ਉਸਦੇ ਸੰਦੇਸ ਦਾ ਪਰਚਾਰ ਕਰਨ ਹਿਤ ਸਾਰੇ ਭਾਰਤ ਦਾ ਭਰਮਣ ਕੀਤਾ। ਆਪ ਜੀ ਨੇ ਲੰਬੀ ਉਮਰ ਬਿਤਾਈ ਅਤੇ ਆਪਣੇ ਜਨਮ ਸਥਾਨ ਵਾਲੇ ਨਗਰ ਵਿਚ ਹੀ ੧੨੪੫ ਈ: ਨੂੰ ਖੁਸ਼ੀਆਂ ਭਰਪੂਰ ਵਾਤਾਵਰਣ ਵਿਚ ਪਰਲੋਕ ਸਿਧਾਰ ਗਏ।

*******************

# ੧੪. ਭਗਤ ਸਧਨਾ ਜੀ

ਭਗਤ ਸਧਨਾ ਜੀ (੧੧੮੦-ਅਣਜਾਣ ਈ:) ਸਿੰਧ ਸੂਬੇ ਦੇ ਹੈਦਰਾਬਾਦ ਜ਼ਿਲਾ ਵਿਚ ਸਹਿਵਾਨ ਪਿੰਡ (ਹੁਣ ਪਾਕਿਸਤਾਨ) ਵਿਚ ਪੈਦਾ ਹੋਏ। ਆਪ ਜੀ ਦਾ ਜਨਮ ਕਸਾਈਆਂ ਦੇ ਪਰਵਾਰ ਵਿਚ ਹੋਣ ਕਰਕੇ ਆਪ ਜੀ ਨੇ ਬਕਰੇ ਕਟਕੇ ਮਾਸ ਵੇਚਣ ਦਾ ਪਰਵਾਰਕ ਧੰਦਾ ਅਪਣਾਇਆ। ਉਸ ਵੇਲੇ ਦੁਕਾਨ ਦੇ ਨੇੜੇ ਹੀ ਛਾਂ ਵਾਲੇ ਬਹੁਤ ਪੇੜ ਸਨ ਅਤੇ ਪਾਣੀ ਦਾ ਖੂਹ ਸੀ, ਉਥੇ ਬਹੁਤ ਸਾਰੇ ਲੋਕਾਂ ਦਾ ਆਉਣ ਜਾਣ ਸੀ। ਹਿੰਦੂ ਸਾਧੂ ਉਥੋਂ ਦੀ ਲੰਘਦੇ ਦਰਖ਼ਤਾਂ ਦੀ ਛਾਂ ਹੇਠ ਆਰਾਮ ਕਰਨ ਲਈ ਰੁਕਦੇ। ਭਗਤ ਜੀ ਅਧਿਆਤਮਿਕ ਵਿਸ਼ਿਆਂ ਵਿਚ ਬਹੁਤ ਦਿਲਚਸਪੀ ਲੈਂਦੇ ਸਨ ਅਤੇ ਉਹ ਇਹਨਾਂ ਸਾਧੂਆਂ ਨਾਲ ਅਕਸਰ ਗੱਲ ਬਾਤ ਕਰਨ ਲਗ ਪੈਂਦੇ।

ਭਗਤ ਸਧਨਾ ਜੀ ਬਾਰੇ ਕਈ ਲੋਕ ਕਥਾਵਾਂ ਹਨ; ਜਿਵੇਂ ਕਿ ਵਿਸ਼ਣੂ ਅਵਤਾਰ ਦੇਵਤਾ ਵਾਲੇ ਪੱਥਰ ਦੀ ਪੂਜਾ ਕਰਨਾ, ਅਤੇ ਭਗਤ ਸਧਨਾ ਨੂੰ ਇਕ ਸ਼ਹਿਜ਼ਾਦੀ ਦਾ ਸ਼ਾਦੀ ਲਈ ਮੋਹਿਤ ਕਰਨਾ। ਪਰ ਪ੍ਰਸਿੱਧ ਵਿਦਵਾਨ ਪ੍ਰੋਫ਼ੈੱਸਰ ਸਾਹਿਬ ਸਿੰਘ ਜੀ ਇਹਨਾਂ ਕਥਾਵਾਂ ਦਾ ਵਿਸਥਾਰ ਵਿਚ ਵਿਸ਼ਲੇਸ਼ਣ ਕਰਕੇ ਇਸ ਸਪਸ਼ਟ ਨਿਰਣੈ ਤੇ ਪਹੁੰਚੇ ਹਨ ਕਿ ਭਗਤ ਸਧਨਾ ਜੀ ਦੇ ਜੀਵਨ ਨਾਲ ਸਬੰਧਤ ਇਹ ਸਾਰੀਆਂ ਕਹਾਣੀਆ ਨਿਰਾਰਥਕ ਹਨ। (ਵੇਰਵੇ ਲਈ ਦੇਖੋ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 'ਭਗਤ ਬਾਣੀ ਸਟੀਕ – ਪਹਿਲਾ ਭਾਗ'।)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸਧਨਾ ਜੀ ਦੀ ਇਕ ਹੀ ਰਚਨਾ ਹੈ, ਜੋ ਰਾਗ ਬਿਲਾਵਲ ਵਿਚ ਪੰਨਾ ੮੫੮ ਤੇ ਹੈ। ਇਹ ਸ਼ਬਦ ਇਵੇਂ ਹੈ:

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥੧॥

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥੧॥ ਰਹਾਉ॥

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥੩॥
ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥੪॥੧॥ ਬਾਣੀ ਸਧਨੇ ਕੀ, ਅੰਕ ੮੫੮

ਸਰਲ ਅਰਥ: ਹੇ ਜਗਤ ਦੇ ਗੁਰੂ ਪ੍ਰਭੂ! ਜੇ ਮੇਰੇ ਪਿਛਲੇ ਕੀਤੇ ਕਰਮਾਂ ਦਾ ਫਲ ਨਾਸ ਨਾਹ ਹੋਇਆ ਭਾਵ, ਜੇ ਮੈਂ ਪਿਛਲੇ ਕੀਤੇ ਮੰਦ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੁਣ ਭੀ ਮੰਦੇ ਕਰਮ ਕਰੀ ਹੀ ਗਿਆ ਤਾਂ ਤੇਰੀ ਸ਼ਰਨ ਆਉਣ ਦਾ ਕੀਹ ਗੁਣ ਹੋਵੇਗਾ? ਸ਼ੇਰ ਦੀ ਸ਼ਰਨ ਪੈਣ ਦਾ ਕੀਹ ਲਾਭ, ਜੇ ਫਿਰ ਭੀ ਗਿੱਦੜ ਖਾ ਜਾਏ?।੧।ਰਹਾਉ। ਹੇ ਪ੍ਰਭੂ! ਤੂੰ ਉਸ ਕਾਮੀ ਤੇ ਖ਼ੁਦਗ਼ਰਜ਼ ਬੰਦੇ ਦੀ ਭੀ ਲਾਜ ਰੱਖੀ ਭਾਵ, ਤੂੰ ਉਸ ਨੂੰ ਕਾਮ ਵਾਸ਼ਨਾ ਦੇ ਵਿਕਾਰ ਵਿਚ ਡਿੱਗਣ ਤੋਂ ਬਚਾਇਆ ਸੀ ਜਿਸ ਨੇ ਇਕ ਰਾਜੇ ਦੀ ਲੜਕੀ ਦੀ ਖ਼ਾਤਰ ਧਰਮੀ ਦਾ ਭੇਖ ਧਾਰਿਆ ਸੀ।੧। ਪਪੀਹਾ ਜਲ ਦੀ ਇਕ ਬੂੰਦ ਵਾਸਤੇ ਦੁਖੀ ਹੁੰਦਾ ਹੈ ਤੇ ਕੂਕਦਾ ਹੈ; ਪਰ ਉਡੀਕ ਵਿਚ ਹੀ ਜੇ ਉਸ ਦੀ ਜਿੰਦ ਚਲੀ ਜਾਏ ਤਾਂ ਫਿਰ ਉਸ ਨੂੰ ਪਾਣੀ ਦਾ ਸਮੁੰਦਰ ਭੀ ਮਿਲੇ ਤਾਂ ਉਸ ਦੇ ਕਿਸੇ ਕੰਮ ਨਹੀਂ ਆ ਸਕਦਾ; ਤਿਵੇਂ, ਹੇ ਪ੍ਰਭੂ! ਜੇ ਤੇਰੇ ਨਾਮ-ਅੰਮ੍ਰਿਤ ਦੀ ਬੂੰਦ ਖੁਣੋਂ ਮੇਰੀ ਜਿੰਦ ਵਿਕਾਰਾਂ ਵਿਚ ਮਰ ਹੀ ਗਈ, ਤਾਂ ਫਿਰ ਤੇਰੀ ਮਿਹਰ ਦਾ ਸਮੁੰਦਰ ਮੇਰਾ ਕੀਹ ਸਵਾਰੇਗਾ?।੨। ਤੇਰੀ ਮਿਹਰ ਨੂੰ ਉਡੀਕ ਉਡੀਕ ਕੇ ਮੇਰੀ ਜਿੰਦ ਥੱਕੀ ਹੋਈ ਹੈ, ਵਿਕਾਰਾਂ ਵਿਚ ਡੋਲ ਰਹੀ ਹੈ, ਇਸ ਨੂੰ ਕਿਸ ਤਰ੍ਹਾਂ ਵਿਕਾਰਾਂ ਵਲੋਂ ਰੋਕਾਂ? ਹੇ ਪ੍ਰਭੂ! ਜੇ ਮੈਂ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਹੀ ਗਿਆ, ਤੇ ਪਿਛੋਂ ਤੇਰੀ ਬੇੜੀ ਮਿਲੀ, ਤਾਂ, ਦੱਸ, ਉਸ ਬੇੜੀ ਵਿਚ ਮੈਂ ਕਿਸ ਨੂੰ ਚੜ੍ਹਾਵਾਂਗਾ?।੩। ਹੇ ਪ੍ਰਭੂ! ਮੇਰੀ ਕੋਈ ਪਾਂਇਆਂ ਨਹੀਂ, ਮੇਰਾ ਹੋਰ ਕੋਈ ਆਸਰਾ ਨਹੀਂ; ਇਹ ਮਨੁੱਖਾ ਜਨਮ ਹੀ ਮੇਰੀ ਲਾਜ ਰੱਖਣ ਦਾ ਸਮਾ ਹੈ, ਮੈਂ ਸਧਨਾ ਤੇਰਾ ਦਾਸ ਹਾਂ, ਮੇਰੀ ਲਾਜ ਰੱਖ ਤੇ ਵਿਕਾਰਾਂ ਦੇ ਸਮੁੰਦਰ ਵਿਚ ਡੁੱਬਣ ਤੋਂ ਮੈਨੂੰ ਬਚਾ ਲੈ।੪।੧।

{ਨੋਟ: ਇਥੇ ਇਹ ਹਵਾਲਾ ਇਕ ਪੁਰਾਤਨ ਹਵਸੀ ਕਹਾਣੀ ਦਾ ਹੈ ਜਿਥੇ ਕਿ ਇਕ ਵਿਅੱਕਤੀ ਇਕ ਧਾਰਮਿਕ ਭੇਸ ਵਿਚ ਇਕ ਸ਼ਹਿਜ਼ਾਦੀ ਦਾ ਹੱਥ ਮੰਗਦਾ ਹੈ। ਭਗਤ ਸਧਨਾ ਜੀ ਆਪਣੀ ਰਚਨਾ ਦੇ ਪਹਿਲੇ ਭਾਗ ਵਿਚ ਇਸ ਬਾਰੇ ਦਸਦੇ ਹਨ ਕਿ ਪਰਮਾਤਮਾ ਕਿਵੇਂ ਇਨਸਾਨਾਂ ਦਾ ਬਚਾਅ ਕਰਦਾ ਹੈ। ਮੁੱਖ ਨੁਕਤਾ 'ਰਹਾਉ' ਤੁਕ ਵਿਚ ਹੈ ਜਦ ਭਗਤ ਜੀ ਪਰਮਾਤਮਾ ਪਾਸੋਂ ਇਸ ਜੀਵਨ ਵਿਚ ਬੁਰਾਈਆ ਤੋਂ ਬਚ ਸਕਣ ਦੀ ਮੰਗ ਕਰਦੇ ਹਨ।}

ਸ਼ਬਦ ਦਾ ਭਾਵ: ਹੇ ਪ੍ਰਭੂ! ਮੇਰੀ ਕੋਈ ਪਾਂਇਆਂ ਨਹੀਂ, ਮੇਰਾ ਹੋਰ ਕੋਈ ਆਸਰਾ ਨਹੀਂ; ਇਹ ਮਨੁੱਖਾ ਜਨਮ ਹੀ ਮੇਰੀ ਲਾਜ ਰੱਖਣ ਦਾ ਸਮਾ ਹੈ, ਮੇਰੀ ਲਾਜ ਰੱਖ ਤੇ ਵਿਕਾਰਾਂ ਦੇ ਸਮੁੰਦਰ ਵਿਚ ਡੁੱਬਣ ਤੋਂ ਮੈਨੂੰ ਬਚਾ ਲੈ।

ਭਗਤ ਸਧਨਾ ਜੀ ਨੇ ਪਰਮਾਤਮਾ ਦੇ ਪਿਆਰ ਦਾ ਪਰਚਾਰ ਕਰਨ ਹਿਤ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਯਾਤਰਾ ਕੀਤੀ। ਇਹਨਾਂ ਯਾਤਰਾਵਾਂ ਦੌਰਾਨ ਭਗਤ ਸਧਨਾ ਜੀ ਨੇ ਸ਼ਾਇਦ ਭਗਤ ਨਾਮਦੇਵ ਜੀ ਦਾ ਸਾਥ ਕੀਤਾ ਹੋਵੇ। ਪਰਚਾਰ ਕਰਨ ਦੌਰਾਨ ਹੀ ਭਗਤ ਸਧਨਾ ਜੀ ਨੇ ਆਪਣੇ ਜੀਵਨ ਦੇ ਆਖਰੀ ਦਿਨ ਸਰਹੰਦ (ਪੰਜਾਬ, ਭਾਰਤ) ਵਿਚ ਬਿਤਾਏ ਅਤੇ ਉਥੇ ਹੀ ਆਪ ਜੀ ਦਾ ਦਿਹਾਂਤ ਹੋ ਗਿਆ।

*******************

# ੧੫. ਭਗਤ ਤ੍ਰਿਲੋਚਨ ਜੀ

ਭਗਤ ਤ੍ਰਿਲੋਚਨ ਜੀ (੧੨੬੭-ਅਣਜਾਣ ਈ:) ਭਾਰਤ ਦੇ ਮਹਾਰਾਸ਼ਟਰ ਪ੍ਰਦੇਸ਼ ਦੇ ਸ਼ੋਲਾਪੁਰ ਜ਼ਿਲਾ ਦੇ ਬਾਰਸੀ ਪਿੰਡ ਵਿਚ ਪੈਦਾ ਹੋਏ। ਆਪ ਜੀ ਇਕ ਵੈਸ਼ਯ ਜਾਤੀ ਨਾਲ ਸਬੰਧ ਰਖਦੇ ਸਨ। ਆਪ ਜੀ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ, ਅਤੇ ਉਹਨਾਂ ਦੇ ਘਰ ਇਕ ਦੂਜੇ ਤੋਂ ਬਹੁਤ ਦੂਰ ਨਹੀਂ ਸਨ। ਆਪ ਜੀ ਨੇ ਭਗਤ ਨਾਮਦੇਵ ਜੀ ਦੀ ਪ੍ਰਤਿਭਾ ਬਾਰੇ ਸੁਣਿਆ ਅਤੇ ਉਹਨਾਂ ਨੂੰ ਮਿਲਣ ਗਏ। ਭਗਤ ਨਾਮਦੇਵ ਜੀ ਨੂੰ ਮਿਲਣ ਲਈ ਤ੍ਰਿਲੋਚਨ ਜੀ ਨਾਰਸੀ ਬਾਮਨੀ ਦੀ ਤਰਫ਼ ਗਏ। ਉਹਨਾਂ ਵਿਚ ਹੋਈ ਗੱਲ ਬਾਤ ਨੂੰ ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਦਰਸਾਇਆ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ:

> ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
> ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥੨੧੨॥ ਸਲੋਕ ਭਗਤ ਕਬੀਰ ਜੀਉ ਕੇ, ਅੰਕ ੧੩੭੫
>
> **ਸਰਲ ਅਰਥ:** ਤ੍ਰਿਲੋਚਨ ਆਖਦਾ ਹੈ-ਹੇ ਮਿੱਤ੍ਰ ਨਾਮਦੇਵ! ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈਂ। ਇਹ ਅੰਬਰੇ ਕਿਉਂ ਠੇਕ ਰਿਹਾ ਹੈਂ? ਪਰਮਾਤਮਾ ਦੇ ਚਰਨਾਂ ਨਾਲ ਕਿਉਂ ਚਿੱਤ ਨਹੀਂ ਜੋੜਦਾ?

ਭਗਤ ਤ੍ਰਿਲੋਚਨ ਜੀ ਜਦ ਭਗਤ ਨਾਮਦੇਵ ਜੀ ਨੂੰ ਕਪੜੇ ਦੀ ਰੰਗਾਈ ਕਰਦਿਆਂ ਅਤੇ ਪੈਸੇ ਬਣਾਉਂਦਿਆਂ ਦੇਖਿਆ ਤਾਂ ਹੈਰਾਨ ਹੋਏ। ਤ੍ਰਿਲੋਚਨ ਨੇ ਇਹ ਪ੍ਰਸ਼ਨ ਕੀਤਾ ਕਿ ਉਹ ਨਿਗੂਣੇ ਕੰਮਾਂ ਵਿਚ ਕਿਉਂ ਲੱਗੇ ਹੋਏ ਸਨ। ਭਗਤ ਨਾਮਦੇਵ ਜੀ ਨੇ ਇੰਜ ਜੁਆਬ ਦਿਤਾ:

> ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
> ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥ ਅੰਕ ੧੩੭੫

**ਸਰਲ ਅਰਥ:** ਨਾਮਦੇਵ ਅੱਗੋਂ ਉੱਤਰ ਦੇਂਦਾ ਹੈ-ਹੇ ਤ੍ਰਿਲੋਚਨ! ਮੂੰਹ ਨਾਲ ਪਰਮਾਤਮਾ ਦਾ ਨਾਮ ਲੈ; ਹੱਥ ਪੈਰ ਵਰਤ ਕੇ ਸਾਰਾ ਕੰਮ-ਕਾਜ ਕਰ, ਅਤੇ ਆਪਣਾ ਚਿਤ ਮਾਇਆ-ਰਹਿਤ ਪਰਮਾਤਮਾ ਨਾਲ ਜੋੜ।੨੧੩।

ਆਪਣੇ ਜੁਆਬ ਵਿਚ ਭਗਤ ਨਾਮਦੇਵ ਜੀ ਨੇ ਰੋਜ਼ਾਨਾ ਜੀਵਨ ਵਿਚੋਂ ਹੋਰ ਵਿਸਤਾਰ ਕੀਤਾ, ਜਿਵੇਂ ਕਿ:

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥
**ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ ਰਹਾਉ॥**

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥੨॥

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥੩॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥੪॥੧॥

ਬਾਣੀ ਨਾਮਦੇਉ ਜੀਉ ਕੀ, ਅੰਕ ੯੭੨

**ਸਰਲ ਅਰਥ: ਹੇ ਤ੍ਰਿਲੋਚਨ! ਜਿਵੇਂ ਸੁਨਿਆਰੇ ਦਾ ਮਨ ਹੋਰਨਾਂ ਨਾਲ ਗੱਲਾਂ-ਬਾਤਾਂ ਕਰਦਿਆਂ ਭੀ, ਕੁਠਾਲੀ ਵਿਚ ਪਾਏ ਹੋਏ ਸੋਨੇ ਵਿਚ ਜੁੜਿਆ ਰਹਿੰਦਾ ਹੈ, ਤਿਵੇਂ ਮੇਰਾ ਮਨ ਪਰਮਾਤਮਾ ਦੇ ਨਾਮ ਵਿਚ ਵਿੱਝਾ ਹੋਇਆ ਹੈ।੧।ਰਹਾਉ।** ਹੇ ਤ੍ਰਿਲੋਚਨ! ਵੇਖ, ਮੁੰਡਾ ਕਾਗ਼ਜ਼ ਲਿਆਉਂਦਾ ਹੈ, ਉਸ ਦੀ ਗੁੱਡੀ ਕੱਟਦਾ ਹੈ ਤੇ ਗੁੱਡੀ ਨੂੰ ਅਸਮਾਨ ਵਿਚ ਉਡਾਉਂਦਾ ਹੈ, ਸਾਥੀਆਂ ਨਾਲ ਗੱਪਾਂ ਭੀ ਮਾਰੀ ਜਾਂਦਾ ਹੈ, ਪਰ ਉਸ ਦਾ ਮਨ ਗੁੱਡੀ ਦੀ ਡੋਰ ਵਿਚ ਟਿਕਿਆ ਰਹਿੰਦਾ ਹੈ।੧। ਹੇ ਤ੍ਰਿਲੋਚਨ! ਜੁਆਨ ਕੁੜੀਆਂ ਸ਼ਹਿਰ ਵਿਚੋਂ ਬਾਹਰ ਜਾਂਦੀਆਂ ਹਨ ਆਪੋ ਆਪਣਾ ਘੜਾ ਚੁੱਕ ਲੈਂਦੀਆਂ ਹਨ, ਪਾਣੀ ਨਾਲ ਭਰਦੀਆਂ ਹਨ, ਆਪੋ ਵਿਚ ਹੱਸਦੀਆਂ ਹਨ, ਹਾਸੇ ਦੀਆਂ ਗੱਲਾਂ ਤੇ ਹੋਰ ਕਈ ਵਿਚਾਰਾਂ ਕਰਦੀਆਂ ਹਨ, ਪਰ ਆਪਣਾ ਚਿੱਤ ਆਪੋ ਆਪਣੇ ਘੜੇ ਵਿਚ ਰੱਖਦੀਆਂ ਹਨ।੨। ਹੇ ਤ੍ਰਿਲੋਚਨ! ਇੱਕ ਘਰ ਹੈ ਜਿਸ ਦੇ ਦਸ ਬੂਹੇ ਹਨ, ਇਸ ਘਰੋਂ ਮਨੁੱਖ ਗਊਆਂ ਚਾਰਨ ਲਈ ਛੱਡਦਾ ਹੈ; ਇਹ ਗਾਈਆਂ ਪੰਜਾਂ ਕੋਹਾਂ ਤੇ ਜਾ ਚੁਗਦੀਆਂ ਹਨ, ਪਰ ਆਪਣਾ ਚਿੱਤ ਆਪਣੇ ਵੱਛੇ ਵਿਚ ਰੱਖਦੀਆਂ ਹਨ ਤਿਵੇਂ ਹੀ ਦਸ-ਇੰਦ੍ਰਿਆਂ-ਵਾਲੇ ਇਸ ਸਰੀਰ ਵਿਚੋਂ ਮੇਰੇ ਗਿਆਨ-ਇੰਦ੍ਰੇ ਸਰੀਰ ਦੇ ਨਿਰਬਾਹ ਲਈ ਕੰਮ-ਕਾਰ ਕਰਦੇ ਹਨ, ਪਰ ਮੇਰੀ ਸੁਰਤ ਆਪਣੇ ਪ੍ਰਭੂ-ਚਰਨਾਂ ਵਿਚ ਹੀ ਹੈ।੩। ਹੇ ਤ੍ਰਿਲੋਚਨ! ਸੁਣ, ਨਾਮਦੇਵ ਇਕ ਹੋਰ ਦ੍ਰਿਸ਼ਟਾਂਤ ਆਖਦਾ ਹੈ- ਮਾਂ ਆਪਣੇ ਬਾਲ ਨੂੰ ਪੰਘੂੜੇ ਵਿਚ ਪਾਂਦੀ ਹੈ, ਅੰਦਰ ਬਾਹਰ ਘਰ ਦੇ ਕੰਮਾਂ ਵਿਚ ਰੁੱਝੀ ਰਹਿੰਦੀ ਹੈ, ਪਰ ਆਪਣੀ ਸੁਰਤ ਆਪਣੇ ਬੱਚੇ ਵਿਚ ਰੱਖਦੀ ਹੈ।੪।੧।

ਸ਼ਬਦ ਦਾ ਭਾਵ: ਕੰਮ-ਕਾਰ ਕਰਦਿਆਂ ਵੀ ਸੁਰਤ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਰਹਨੀ ਚਾਹੀਦੀ ਹੈ।

ਰੋਜ਼ਾਨਾ ਜੀਵਨ ਵਿਚੋਂ ਇਸਤਰ੍ਹਾਂ ਦਿਤੇ ਜੁਆਬ ਨੇ ਤ੍ਰਿਲੋਚਨ ਜੀ ਨੂੰ ਬਹੁਤ ਪ੍ਰਭਾਵਿਤ ਕੀਤਾ। ਉਹਨਾਂ ਨੇ ਇਸ ਨਸੀਹਤ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਇਸਦਾ ਰੋਜ਼ਾਨਾ ਅਭਿਆਸ ਕਰਨ ਲੱਗੇ। ਭਗਤ ਨਾਮਦੇਵ ਜੀ ਪਾਸੋਂ ਹੋ ਕੇ ਆਉਣ ਤੋਂ ਬਾਅਦ, ਤ੍ਰਿਲੋਚਨ ਜੀ ਆਪਣੇ ਪਿੰਡ ਵਾਪਿਸ ਆਏ ਅਤੇ ਧਾਰਮਿਕ ਲੋਕਾਂ ਦੀ ਸੇਵਾ ਕਰਦੇ ਜੋ ਉਸ ਰਾਹੇ ਆਉਂਦੇ ਸਨ। ਆਹਿਸਤਾ ਆਹਿਸਤਾ, ਉਹਨਾਂ ਦੀ ਰੋਜ਼ਾਨਾ ਭਗਤੀ ਅਤੇ ਸੇਵਾ ਨੇ ਤ੍ਰਿਲੋਚਨ ਜੀ ਨੂੰ ਬਦਲ ਦਿਤਾ। ਦੁਨਿਆਵੀ ਪਦਾਰਥਾਂ ਦੀ ਲਾਲਸਾ ਉਹਨਾਂ ਦੇ ਮਨ ਵਿਚੋਂ ਅਲੋਪ ਹੋ ਗਈ ਅਤੇ ਉਹ ਮੌਤ ਵਲੋਂ ਨਿਰਭੈ ਹੋ ਗਏ। ਉਸਤੋਂ ਬਾਅਦ, ਭਗਤ ਤ੍ਰਿਲੋਚਨ ਜੀ ਹਮੇਸ਼ਾ ਹੀ ਧਾਰਮਿਕ ਲੋਕਾਂ ਦੇ ਸਾਥ ਦੀ ਤਾਂਘ ਵਿਚ ਰਹਿੰਦੇ। ਉਹ ਇਹ ਵਿਸ਼ਵਾਸ ਕਰਦਿਆਂ ਸੇਵਾ ਕਰਦੇ ਕਿ ਇਸ ਸੰਗਤ ਦਾ ਪ੍ਰਭਾਵ ਉਹਨਾਂ ਦੀ ਸੋਚ ਅਤੇ ਵਿਵਹਾਰ ਤੇ ਹੋਵੇ। ਤ੍ਰਿਲੋਚਨ ਆਪਣੇ ਵਰਗੇ ਲੋਕਾਂ ਦਾ ਸਾਥ ਢੂੰਡਦੇ ਜੋ ਪਰਮਾਤਮਾ ਦਾ ਸਹਾਰਾ ਅਤੇ ਉਸਦੀ ਦਇਆ ਦੇ ਇੱਛੁਕ ਹੋਣ। ਉਹ ਇਸਤਰ੍ਹਾਂ ਗਾਇਆ ਕਰਦੇ ਸਨ:

ਕੋਈ ਕੋਈ ਸਾਜਣੁ ਆਇ ਕਹੈ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥

**ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ॥੧॥ ਰਹਾਉ॥** ਸਿਰੀਰਾਗੁ ਤ੍ਰਿਲੋਚਨ ਕਾ ਅੰਕ ੯੨

**ਸਰਲ ਅਰਥ: ਕੋਈ ਵਿਰਲਾ ਜਨ ਜਗਤ ਵਿਚ ਆ ਕੇ ਇਉਂ ਬੇਨਤੀ ਕਰਦਾ ਹੈ - ਹੇ ਪ੍ਰਭੂ! ਮੈਨੂੰ ਮਿਲ, ਗਲਵੱਕੜੀ ਪਾ ਕੇ ਮਿਲ। ਹੇ ਮੇਰੇ ਰਾਮ ਪ੍ਰਭੂ! ਮੈਨੂੰ ਮਿਲ, ਮੈਨੂੰ ਮਾਇਆ ਦੇ ਮੋਹ ਤੋਂ ਛਡਾ ਲੈ, ਜਮਦੂਤ ਜਲਦੀ-ਜਲਦੀ ਆ ਰਹੇ ਹਨ, ਉਹਨਾਂ ਦੇ ਸਾਮ੍ਹਣੇ ਮੈਥੋਂ ਪਲ ਮਾਤ੍ਰ ਭੀ ਅਟਕਿਆ ਨਹੀਂ ਜਾ ਸਕੇਗਾ।**

ਹੇਠ ਦਿਤੇ ਸ਼ਬਦ ਵਿਚ, ਭਗਤ ਤ੍ਰਿਲੋਚਨ ਜੀ ਰੀਤੀ ਰਿਵਾਜਾ ਦੀ ਵਿਅਰਥ ਵਰਤੋਂ ਦਾ ਸਪਸ਼ਟ ਤੌਰ ਤੇ ਵਰਨਣ ਕਰਦੇ ਹਨ। ਸਥਾਈ ਆਨੰਦ ਹਾਸਲ ਕਰਨ ਲਈ ਪਰਮਾਤਮਾ ਦੇ ਨਾਮ ਦੀ ਭਗਤੀ ਕਰਨੀ ਚਾਹੀਦੀ ਹੈ:

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਾ ਕਾਹੇ ਭਇਆ ਸੰਨਿਆਸੀ॥੧॥
**ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਿਆ ਪਰਮਾਨੰਦਾ॥੧॥ ਰਹਾਉ॥**
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥
ਲਖ ਚਉਰਾਸੀਹ ਜਿਨ੍ਿ ਉਪਾਈ ਸੋ ਸਿਮਰਹੁ ਨਿਰਬਾਣੀ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ੀ

ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥੪॥੧॥

ਗੁਜਰੀ ਸ੍ਰੀ ਤ੍ਰਿਲੋਚਨ ਜੀਉ, ਅੰਕ ੫੨੫

**ਸਰਲ ਅਰਥ:** ਜੇ ਕਿਸੇ ਮਨੁੱਖ ਨੇ ਅੰਦਰਲਾ ਮਲੀਨ ਮਨ ਸਾਫ਼ ਨਹੀਂ ਕੀਤਾ, ਪਰ ਬਾਹਰ ਸਰੀਰ ਉਤੇ ਸਾਧੂਆਂ ਵਾਲਾ ਬਾਣਾ ਪਾਇਆ ਹੋਇਆ ਹੈ, ਜੇ ਉਸ ਨੇ ਆਪਣੇ ਹਿਰਦੇ-ਰੂਪ ਕਉਲ ਨੂੰ ਨਹੀਂ ਪਰਖਿਆ, ਜੇ ਉਸ ਨੇ ਆਪਣੇ ਅੰਦਰ ਪਰਮਾਤਮਾ ਨਹੀਂ ਵੇਖਿਆ, ਤਾਂ ਸੰਨਿਆਸ ਧਾਰਨ ਕਰਨ ਦਾ ਕੋਈ ਲਾਭ ਨਹੀਂ।੧। **ਹੇ ਜੈ ਚੰਦ! ਸਾਰੀ ਲੋਕਾਈ ਇਸੇ ਭੁਲੇਖੇ ਵਿਚ ਭੁੱਲੀ ਪਈ ਹੈ ਕਿ ਨਿਰਾ ਫ਼ਕੀਰੀ ਭੇਖ ਧਾਰਿਆਂ ਪਰਮਾਤਮਾ ਮਿਲ ਪੈਂਦਾ ਹੈ, ਪਰ ਇਹ ਗ਼ਲਤ ਹੈ, ਇਸ ਤਰ੍ਹਾਂ ਪਰਮਾਨੰਦ ਪ੍ਰਭੂ ਦੀ ਸੋਝੀ ਕਦੇ ਭੀ ਨਹੀਂ ਪੈਂਦੀ।੧।ਰਹਾਉ।** ਜਿਸ ਮਨੁੱਖ ਨੇ ਘਰ ਘਰ ਤੋਂ ਮੰਗ ਕੇ ਟੁੱਕਰ ਖਾ ਲਿਆ, ਆਪਣੇ ਸਰੀਰ ਨੂੰ ਚੰਗਾ ਪਾਲ ਲਿਆ, ਗੋਦੜੀ ਪਹਿਨ ਲਈ, ਮੁੰਦ੍ਰਾਂ ਭੀ ਪਾ ਲਈਆਂ, ਪਰ ਸਭ ਕੁਝ ਮਾਇਆ ਦੀ ਖ਼ਾਤਰ ਹੀ ਕੀਤਾ, ਮਸਾਣਾਂ ਦੀ ਧਰਤੀ ਦੀ ਸੁਆਹ ਭੀ ਪਿੰਡੇ ਮਲ ਲਈ, ਪਰ ਜੇ ਉਹ ਗੁਰੂ ਦੇ ਰਾਹ ਤੇ ਨਹੀਂ ਤੁਰਿਆ ਤਾਂ ਇਸ ਤਰ੍ਹਾਂ ਤੱਤ ਦੀ ਪ੍ਰਾਪਤੀ ਨਹੀਂ ਹੁੰਦੀ।੨। ਹੇ ਭਾਈ! ਕਿਉਂ ਗਿਣੇ ਮਿਥੇ ਜਪ ਕਰਦੇ ਹੋ? ਕਿਉਂ ਤਪ ਸਾਧਦੇ ਹੋ? ਕਾਹਦੇ ਲਈ ਪਾਣੀ ਰਿੜਕਦੇ ਹੋ? ਹਠ ਨਾਲ ਕੀਤੇ ਹੋਏ ਇਹ ਸਾਧਨ ਤਾਂ ਪਾਣੀ ਰਿੜਕਣ ਸਮਾਨ ਹਨ; ਉਸ ਵਾਸ਼ਨਾ-ਰਹਿਤ ਪ੍ਰਭੂ ਨੂੰ ਹਰ ਵੇਲੇ ਯਾਦ ਕਰੋ, ਜਿਸ ਨੇ ਚੌਰਾਸੀ ਲੱਖ ਜੋਨਿ ਵਾਲੀ ਸ੍ਰਿਸ਼ਟੀ ਪੈਦਾ ਕੀਤੀ ਹੈ।੩। ਹੇ ਕਾਪੜੀਏ! ਹੱਥ ਵਿਚ ਖੱਪਰ ਫੜਨ ਦਾ ਕੋਈ ਲਾਭ ਨਹੀਂ। ਅਠਾਹਠ ਤੀਰਥਾਂ ਤੇ ਭਟਕਣ ਦਾ ਭੀ ਕੋਈ ਲਾਭ ਨਹੀਂ। ਤ੍ਰਿਲੋਚਨ ਆਖਦਾ ਹੈ-ਹੇ ਬੰਦੇ! ਸੁਣ; ਜੇ ਭਰੀਆਂ ਵਿਚ ਅੰਨ ਦੇ ਦਾਣੇ ਨਹੀਂ, ਤਾਂ ਗਾਹ ਪਾਣ ਦਾ ਕੋਈ ਲਾਭ ਨਹੀਂ।੪।੧।

ਇਸ ਸ਼ਬਦ ਵਿਚ, ਭਗਤ ਤ੍ਰਿਲੋਚਨ ਜੀ ਆਪਣੀ ਆਤਮਾ ਨੂੰ ਸੰਬੋਧਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਪਰਮਾਤਮਾ ਨੂੰ ਕਦੇ ਵੀ ਦੋਸ਼ੀ ਨਹੀਂ ਠਹਿਰਾਉਣਾ ਚਾਹੀਦਾ ਕਿਉਂਕਿ ਦੁੱਖ ਅਤੇ ਸੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਹੁੰਦਾ ਹੈ।

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥**

**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥ ਰਹਾਉ॥**

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥

ਕੁਲ ਜਨ ਮਧੇ ਮਿਲ੍ਯ੍ਯੋ ਸਾਰਗ ਪਾਨ ਰੇ॥

ਕਰਮ ਕਰਿ ਕਲੰਕੁ ਮਫੀਟਸਿ ਰੀ॥੧॥

ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ॥

ਕਰਮ ਕਰਿ ਅਰੁਣ ਪਿੰਗੁਲਾ ਰੀ॥੨॥

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥

ਕਰਮ ਕਰਿ ਕਪਾਲੁ ਮਫੀਟਸਿ ਰੀ॥੩॥

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥

ਕਰਮ ਕਰਿ ਖਾਰੁ ਮਫੀਟਸਿ ਰੀ॥੪॥

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥

ਕਰਮ ਕਰਿ ਕਛਉਟੀ ਮਫੀਟਸਿ ਰੀ॥੫॥

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥

ਬਦਤਿ ਤ੍ਰਿਲੋਚਨ ਰਾਮ ਜੀ॥੬॥੧॥ ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ, ਅੰਕ ੬੯੫

**ਸਰਲ ਅਰਥ: ਹੇ ਭੁੱਲੜ ਮੂਰਖ ਜਿੰਦੇ! ਤੂੰ ਪਰਮਾਤਮਾ ਨੂੰ ਕਿਉਂ ਦੋਸ ਦੇਂਦੀ ਹੈਂ? ਪਾਪ ਪੁੰਨ ਤੇਰਾ ਆਪਣਾ ਕੀਤਾ ਹੋਇਆ ਕੰਮ ਹੈ ਜਿਸ ਦੇ ਕਾਰਨ ਦੁੱਖ ਸੁਖ ਸਹਾਰਨਾ ਪੈਂਦਾ ਹੈ।੧।ਰਹਾਉ।** ਹੇ ਮੇਰੀ ਜਿੰਦੇ! ਆਪਣੇ ਕੀਤੇ ਕਰਮਾਂ ਦੇ ਕਾਰਨ ਚੰਦ੍ਰਮਾ ਦਾ ਦਾਗ਼ ਨਾਹ ਹਟ ਸਕਿਆ; ਭਾਵੇਂ ਉਹ ਸ਼ਿਵ ਜੀ ਦੇ ਮੱਥੇ ਉੱਤੇ ਵੱਸਦਾ ਹੈ, ਨਿੱਤ ਗੰਗਾ ਵਿਚ ਇਸ਼ਨਾਨ ਕਰਦਾ ਹੈ, ਤੇ ਉਸੇ ਦੀ ਕੁਲ ਵਿਚ ਵਿਸ਼ਨੂ ਜੀ ਨੇ ਕ੍ਰਿਸ਼ਨ-ਰੂਪ ਧਾਰ ਕੇ ਜਨਮ ਲਿਆ।੧। ਹੇ ਘਰ-ਗੇਹਣਿ! ਆਪਣੇ ਕਰਮਾਂ ਕਰਕੇ ਅਰੁਣ ਪਿੰਗਲਾ ਹੀ ਰਿਹਾ, ਭਾਵੇਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸੂਰਜ ਉਸ ਦਾ ਸੁਆਮੀ ਹੈ, ਉਸ ਸੂਰਜ ਦਾ ਉਹ ਰਥਵਾਹੀ ਹੈ, ਤੇ, ਪੰਛੀਆਂ ਦਾ ਰਾਜਾ ਗਰੁੜ ਉਸ ਦਾ ਰਿਸ਼ਤੇਦਾਰ ਹੈ।੨। ਬ੍ਰਹਮ-ਹੱਤਿਆ ਦੇ ਕੀਤੇ ਕਰਮ ਅਨੁਸਾਰ ਸ਼ਿਵ ਜੀ ਦੇ ਹੱਥ ਨਾਲੋਂ ਖੋਪਰੀ ਨਾਹ ਲਹਿ ਸਕੀ, ਭਾਵੇਂ ਸ਼ਿਵ ਜੀ ਸਾਰੇ ਜਗਤ ਦਾ ਨਾਥ ਸਮਝਿਆ ਜਾਂਦਾ ਹੈ, ਹੋਰ ਜੀਵਾਂ ਦੇ ਅਨੇਕਾਂ ਪਾਪਾਂ ਦਾ ਨਾਸ ਕਰਨ ਵਾਲਾ ਹੈ, ਪਰ ਉਹ ਹਰੇਕ ਤੀਰਥ ਉੱਤੇ ਭਟਕਦਾ ਫਿਰਿਆ, ਤਾਂ ਭੀ ਉਸ ਖੋਪਰੀ ਤੋਂ ਖ਼ਲਾਸੀ ਨਹੀਂ ਸੀ ਹੁੰਦੀ।੩। ਹੇ ਮੇਰੀ ਜਿੰਦੇ! ਆਪਣੇ ਕੀਤੇ ਮੰਦ-ਕਰਮ ਅਨੁਸਾਰ ਸਮੁੰਦਰ ਦਾ ਖਾਰਾ-ਪਨ ਨਹੀਂ ਹਟ ਸਕਿਆ, ਭਾਵੇਂ ਉਹ ਸਾਰੀਆਂ ਨਦੀਆਂ ਦਾ ਨਾਥ ਹੈ ਤੇ ਉਸ ਵਿਚੋਂ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ-ਰੁੱਖ, ਸੱਤ-ਮੂੰਹਾ ਘੋੜਾ, ਧਨੰਤਰੀ ਵੈਦ ਆਦਿਕ ਚੌਦਾਂ ਰਤਨ ਨਿਕਲੇ ਸਨ।੪। ਹੇ ਘਰ-ਗੇਹਣਿ! ਆਪਣੇ ਕੀਤੇ ਕਰਮਾਂ ਦੇ ਅਧੀਨ ਹਨੂਮਾਨ ਦੇ ਭਾਗਾਂ ਵਿਚੋਂ ਉਸ ਦੀ ਨਿੱਕੀ ਜਹੀ ਕੱਛ ਨਾਹ ਹਟ ਸਕੀ, ਭਾਵੇਂ ਉਸ ਨੇ ਸ੍ਰੀ ਰਾਮ ਚੰਦ੍ਰ ਜੀ ਦੀ ਖ਼ਾਤਰ ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ਼ ਉਜਾੜ ਦਿੱਤਾ, ਸੱਲ ਦੂਰ ਕਰਨ ਵਾਲੀ ਬੂਟੀ ਲਿਆ ਕੇ ਰਾਮ ਚੰਦ੍ਰ ਜੀ ਨੂੰ ਪ੍ਰਸੰਨ ਹੀ ਕੀਤਾ।੫। ਹੇ ਮੇਰੀ ਜਿੰਦੇ! ਪਿਛਲਾ ਕੀਤਾ ਕੋਈ ਕਰਮ ਅਵਤਾਰ-ਪੂਜਾ, ਤੀਰਥ-ਇਸ਼ਨਾਨ ਆਦਿਕ ਦੀ ਰਾਹੀਂ ਮਿਟਦਾ ਨਹੀਂ; ਤਾਹੀਏਂ ਮੈਂ ਤਾਂ ਪਰਮਾਤਮਾ ਦਾ ਨਾਮ ਹੀ ਸਿਮਰਦਾ ਹਾਂ। ਤ੍ਰਿਲੋਚਨ ਆਖਦਾ ਹੈ ਕਿ ਮੈਂ ਤਾਂ 'ਰਾਮ ਰਾਮ' ਹੀ ਜਪਦਾ ਹਾਂ ਭਾਵ, ਪਰਮਾਤਮਾ ਦੀ ਓਟ ਹੀ ਲੈਂਦਾ ਹਾਂ ਤੇ ਆਪਣੇ ਕਿਸੇ ਕੀਤੇ ਕਰਮ ਕਰ ਕੇ ਆਏ ਦੁੱਖ ਤੋਂ ਪ੍ਰਭੂ ਨੂੰ ਦੋਸ ਨਹੀਂ ਦੇਂਦਾ।੬।੧।

**ਸ਼ਬਦ ਦਾ ਭਾਵ: ਪਰਮਾਤਮਾ ਨੂੰ ਦੋਸ ਦੇਣਾ ਗਲਤ ਹੈ। ਮਨੁੱਖ ਅਪਨੇ ਕੀਤੇ ਕਰਮਾਂ ਕਰਕੇ ਹੀ ਦੁੱਖ-ਸੁੱਖ ਪਾਉਂਦਾ ਹੈ।**

ਉੱਪਰ ਦਿਤੇ ਸ਼ਬਦ ਵਿਚ, ਹਿੰਦੂ ਮਿਥਿਹਾਸ ਦਾ ਗਹਿਰਾ ਜ਼ਿਕਰ ਹੈ। ਭਗਤ ਤ੍ਰਿਲੋਚਨ ਜੀ ਹਿੰਦੂ ਦੇਵਤਿਆਂ ਦਾ ਜਿਵੇਂ ਕਿ ਸ਼ਿਵ, ਬ੍ਰਹਮਾ ਅਤੇ ਵਿਸ਼ਣੂ ਅਤੇ ਮਿਥਿਹਾਸਕ

ਹਸਤੀਆਂ ਦਾ ਜਿਵੇਂ ਕਿ ਅਰੁਣ, ਧਨਵੰਤਰ, ਕ੍ਰਿਸ਼ਨ, ਹਨੂਮਾਨ, ਰਾਮ ਅਤੇ ਲਛਮਣ ਦਾ ਜ਼ਿਕਰ ਕਰਦੇ ਹਨ, ਜੋ ਹਿੰਦੂ ਗ੍ਰੰਥਾਂ ਅਤੇ ਲੋਕ-ਗੀਤਾਂ ਵਿਚ ਪ੍ਰਚਲਤ ਸਨ। ਆਪਣਾ ਨੁਕਤਾ ਸਪਸ਼ਟ ਕਰਨ ਲਈ ਉਹ ਵਿਸ਼ੇਸ਼ ਹਿੰਦੂ ਸਰੋਤਿਆਂ ਨੂੰ, ਜਿਹੜੇ ਕਿ ਮਿਥਿਹਾਸਕ ਕਹਾਣੀਆਂ ਤੋਂ ਜਾਣੂ ਸਨ, ਇਹ ਕਹਿੰਦੇ ਸਨ। ਫਿਰ ਵੀ, ਭਗਤ ਜੀ ਦਾ ਕੇਂਦਰੀ ਸੰਦੇਸ਼ ਇਹ ਹੈ ਕਿ ਇਸ ਸ਼ਬਦ ਵਿਚ ਦਰਸਾਏ ਹਿੰਦੂਆਂ ਦੇ ਰੀਤੀ ਰਿਵਾਜਾਂ ਦੇ ਧਾਰਮਿਕ ਅਭਿਆਸ ਦਾ ਕੋਈ ਫ਼ਾਇਦਾ ਨਹੀਂ ਹੈ। ਸਿਰਫ਼ਚੰਗੇ ਕੰਮ ਅਤੇ ਪਰਮਾਤਮਾ ਦੀ ਭਗਤੀ ਕੀਤਿਆਂ ਹੀ ਅਧਿਆਤਮਿਕਤਾ ਵਿਚ ਪ੍ਰਗਤੀ ਹੋ ਸਕਦੀ ਹੈ।

******************

# ੧੬. ਭਗਤ ਬੇਣੀ ਜੀ

ਭਗਤ ਬੇਣੀ ਜੀ ਦੇ ਜੀਵਨ (ਮੱਧ ੧੫ਵੀਂ-ਮੱਧ ੧੬ਵੀਂ ਸਦੀ) ਬਾਰੇ ਬਹੁਤ ਸੀਮਤ ਜਾਣਕਾਰੀ ਮਿਲਦੀ ਹੈ। ਭਗਤ ਬੇਣੀ ਜੀ ਨੂੰ ਗੁਰੂ ਨਾਨਕ ਜੀ ਦਾ ਸਮਕਾਲੀ ਜਾਣਿਆ ਜਾਂਦਾ ਹੈ। ਕਈਆਂ ਦਾ ਵਿਸ਼ਵਾਸ ਹੈ ਕਿ ਆਪ ਜੀ ਦਾ ਜਨਮ ਬਿਹਾਰ ਪ੍ਰਦੇਸ਼ ਦੇ ਆਸਾਣੀ ਪਿੰਡ ਵਿਚ ਹੋਇਆ। ਆਪ ਜੀ ਦੇ ਜੀਵਨ ਨਾਲ ਸਬੰਧਤ ਇਕ ਜੋੜ-ਮੇਲਾ ਹਰ ਸਾਲ ਪਿੰਡ ਆਸਣੀ ਵਿਚ ਕੀਤਾ ਜਾਂਦਾ ਹੈ। ਜਨਮ ਦੇ ਤੌਰ ਤੇ ਭਗਤ ਬੇਣੀ ਜੀ ਬ੍ਰਾਹਮਣ ਜਾਤੀ ਨਾਲ ਸਬੰਧ ਰਖਦੇ ਸਨ। ਉਹ ਇਕ ਪ੍ਰਭਾਵਸ਼ਾਲੀ ਵਿਦਵਾਨ ਬਣੇ। 'ਕਲ' ਕਵੀ ਭਗਤ ਬੇਣੀ ਜੀ ਵਲੋਂ ਪਰਮਾਤਮਾ ਦੀ ਕੀਤੀ ਸਿਫ਼ਤ-ਸਲਾਹ ਅਤੇ ਉਹਨਾਂ ਦੇ ਭਗਤੀ-ਭਾਵ ਵਾਲੇ ਸੁਭਾਉ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਇਸ ਸ਼ਬਦ ਰਾਹੀਂ ਕਰਦੇ ਹਨ:

> ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ॥
> ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥ ਸਵਈਏ ਮਹਲੇ ਪਿਹਲੇ ਕੇ ੧, ਅੰਕ ੧੩੯੦
>
> **ਸਰਲ ਅਰਥ:** ਜੋ ਗੁਰੂ ਨਾਨਕ ਅਡੋਲਤਾ ਵਿਚ ਟਿਕ ਕੇ ਪਰਮਾਤਮਾ ਦੇ ਮਿਲਾਪ ਦੇ ਸੁਆਦ ਨੂੰ ਮਾਣਦਾ ਹੈ, ਜੋ ਗੁਰੂ ਨਾਨਕ ਗੁਰੂ ਦੇ ਗਿਆਨ ਦੀ ਬਰਕਤਿ ਨਾਲ ਅਕਾਲ ਪੁਰਖ ਵਿਚ ਸੁਰਤੀ ਜੋੜ ਕੇ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਜਾਣਦਾ, ਉਸ ਦੇ ਗੁਣਾਂ ਨੂੰ ਬੇਣੀ ਭਗਤ ਗਾ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬੇਣੀ ਜੀ ਦੇ ਤਿੰਨ ਸ਼ਬਦ ਆਉਂਦੇ ਹਨ: ਸ੍ਰੀ ਰਾਗ (ਅੰਕ ੯੩); ਰਾਗ ਰਾਮਕਲੀ (ਅੰਕ ੯੭੪), ਅਤੇ ਰਾਗ ਪ੍ਰਭਾਤੀ (ਅੰਕ ੧੩੫੧) ਵਿਚ। ਇਹਨਾਂ ਰਚਨਾਵਾ ਵਿਚ ਆਪ ਜੀ ਨੇ ਬੜੀ ਗਹਿਰੀ ਅਤੇ ਭੇਦਭਰੀ ਸੁਰ ਵਿਚ ਹਿੰਦੂ ਰੀਤੀ ਰਿਵਾਜਾਂ ਦੇ ਅਭਿਆਸ ਪ੍ਰਤੀ ਵਿਰੋਧਤਾ ਜ਼ਾਹਰ ਕੀਤੀ ਹੈ। ਆਪ ਜੀ ਦੀ ਸਿਖਿਆ

ਹੈ ਕਿ ਇਹਨਾਂ ਰੀਤੀ-ਰਿਵਾਜਾਂ ਦੀ ਬਜਾਏ ਪਰਮਾਤਮਾ ਨੂੰ ਹਰ ਦਮ ਯਾਦ ਕਰਨਾ ਚਾਹੀਦਾ ਹੈ ਜੋ ਸਰਬ-ਸਮਰੱਥ ਦਇਆਲੂ ਦਾਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ ੯੩ ਤੇ ਆਪ ਜੀ ਦਾ ਸ਼ਬਦ ਇਵੇਂ ਹੈ:

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥੧॥
**ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ॥**
**ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ॥੧॥ ਰਹਾਉ॥**
ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥੨॥
ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥੩॥
ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ॥
ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ॥
ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ॥
ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ॥੪॥
ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥
ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ॥੫॥

**ਸਰਲ ਅਰਥ:** ਹੇ ਮਨੁੱਖ! ਜਦੋਂ ਤੂੰ ਮਾਂ ਦੇ ਪੇਟ ਵਿਚ ਸੈਂ, ਤਦੋਂ ਤੇਰੀ ਸੁਰਤਿ ਉੱਚੇ ਪ੍ਰਭੂ ਦੇ ਧਿਆਨ ਵਿਚ ਜੁੜੀ ਰਹਿੰਦੀ ਸੀ; ਤੈਨੂੰ ਤਦੋਂ ਸਰੀਰ ਦੀ ਹੋਂਦ ਦਾ ਅਹੰਕਾਰ ਨਹੀਂ ਸੀ, ਦਿਨੇ ਰਾਤ ਇਕ ਪ੍ਰਭੂ ਨੂੰ ਸਿਮਰਦਾ ਸੈਂ, ਤੇਰੇ ਅੰਦਰ ਅਗਿਆਨ ਦੀ ਅਣਹੋਂਦ ਸੀ। ਹੇ ਮਨੁੱਖ! ਉਹ ਦਿਨ ਹੁਣ ਚੇਤੇ ਕਰ ਤਦੋਂ ਤੈਨੂੰ ਬੜੇ ਕਲੇਸ਼ ਤੇ ਤਕਲਫ਼ਾਂ ਸਨ; ਪਰ ਹੁਣ ਤੂੰ ਆਪਣੇ ਮਨ ਨੂੰ ਦੁਨੀਆ ਦੇ ਜੰਜਾਲਾਂ ਵਿਚ ਬਹੁਤ ਫਸਾ ਰੱਖਿਆ ਹੈ। ਮਾਂ ਦਾ ਪੇਟ ਛੱਡ ਕੇ ਜਦੋਂ ਦਾ ਤੂੰ ਜਗਤ ਵਿਚ ਆਇਆ ਹੈਂ, ਤਦੋਂ ਤੋਂ ਤੂੰ ਆਪਣੇ ਨਿਰੰਕਾਰ ਨੂੰ ਭੁਲਾ ਦਿੱਤਾ ਹੈ।੧। **ਹੇ ਮੂਰਖ! ਤੂੰ ਕਿਹੜੀ ਮੱਤੇ, ਕਿਹੜੇ ਭੁਲੇਖੇ ਵਿਚ ਲੱਗਾ ਹੋਇਆ ਹੈਂ? ਸਮਾ ਹੱਥੋਂ ਗਵਾ ਕੇ ਫੇਰ ਹੱਥ ਮਲੇਂਗਾ, ਪ੍ਰਭੂ ਨੂੰ ਸਿਮਰ, ਨਹੀਂ ਤਾਂ ਜਮਪੁਰੀ ਵਿਚ ਧੱਕਿਆ ਜਾਏਂਗਾ, ਤੂੰ ਫਿਰਦਾ ਹੈਂ ਜਿਵੇਂ ਕੋਈ ਅਮੋੜ ਬੰਦਾ ਫਿਰਦਾ ਹੈ।੧।ਰਹਾਉ।** ਪਹਿਲਾਂ ਤੂੰ ਬਾਲਪੁਣੇ ਦੀਆਂ ਖੇਡਾਂ ਦੇ ਧਿਆਨ ਤੇ ਸੁਆਦ ਵਿਚ ਲੱਗਾ ਰਿਹਾ, ਤੇ ਸਦਾ ਇਹਨਾਂ ਦੇ ਹੀ ਮੋਹ ਵਿਚ ਫਸਿਆ ਰਿਹਾ; ਹੁਣ ਜਦੋਂ ਤੂੰ ਮਾਇਆ-ਰੂਪ ਵਿਹੁ ਨੂੰ ਰਸਦਾਇਕ ਤੇ ਪਵਿੱਤਰ ਅੰਮ੍ਰਿਤ ਸਮਝ ਕੇ ਚੱਖਿਆ, ਤਦੋਂ ਤੈਨੂੰ ਪੰਜੇ ਕਾਮਾਦਿਕ ਖੁਲ੍ਹੇ ਤੌਰ ਤੇ ਸਤਾ ਰਹੇ ਹਨ। ਜਪ ਤਪ ਸੰਜਮ ਤੇ ਪੁੰਨ ਕਰਮ ਕਰਨ ਵਾਲੀ ਬੁੱਧ ਤੂੰ ਛੱਡ ਬੈਠਾ ਹੈਂ, ਪ੍ਰਭੂ ਦੇ ਨਾਮ ਨੂੰ ਨਹੀਂ ਸਿਮਰਦਾ। ਤੇਰੇ ਅੰਦਰ ਕਾਮ ਜ਼ੋਰਾਂ ਵਿਚ ਹੈ, ਭੈੜੇ ਪਾਸੇ ਤੇਰੀ ਬੁੱਧੀ ਲੱਗੀ ਹੋਈ ਹੈ, ਕਾਮਾਤੁਰ ਹੋ ਕੇ ਤੂੰ ਇਸਤਰੀ ਨੂੰ ਲਿਆ ਗਲ ਲਾਇਆ ਹੈ।੨। ਤੇਰੇ ਅੰਦਰ ਜੁਆਨੀ ਦਾ ਜੋਸ਼ ਹੈ, ਪਰਾਈਆ ਜ਼ਨਾਨੀਆਂ ਦੇ ਮੂੰਹ ਤੱਕਦਾ ਹੈਂ, ਵੇਲਾ ਕੁਵੇਲਾ ਭੀ ਤੂੰ ਨਹੀਂ ਸਮਝਦਾ। ਹੇ ਕਾਮ ਵਿਚ ਮਸਤ ਹੋਏ ਹੋਏ! ਹੇ ਪ੍ਰਬਲ ਮਾਇਆ ਵਿਚ ਭੁੱਲੇ ਹੋਏ! ਤੈਨੂੰ ਇਹ ਸਮਝ ਨਹੀਂ ਕਿ ਪਾਪ ਕੀਹ ਹੈ ਤੇ ਪੁੰਨ ਕੀਹ ਹੈ। ਪੁੱਤਰਾਂ ਨੂੰ ਧਨ ਪਦਾਰਥਾਂ ਨੂੰ ਵੇਖ ਕੇ ਤੇਰਾ ਮਨ ਅਹੰਕਾਰੀ ਹੋ ਰਿਹਾ ਹੈ; ਪ੍ਰਭੂ ਨੂੰ ਤੂੰ ਹਿਰਦੇ ਵਿਚੋਂ ਵਿਸਾਰ ਬੈਠਾ ਹੈਂ। ਹੋਰਨਾਂ ਸੰਬੰਧੀਆਂ ਦੇ ਮੋਇਆਂ ਤੇਰਾ ਮਨ ਜਾਚ ਕਰਦਾ ਹੈ ਕਿ ਕਿਤਨੀ ਕੁ ਮਾਇਆ ਮਿਲੇਗੀ; ਇਸ ਤਰ੍ਹਾਂ ਤੂੰ ਆਪਣਾ ਉੱਤਮ ਤੇ ਸ੍ਰੇਸ਼ਟ ਮਨੁੱਖਾ ਜਨਮ ਅਜਾਈਂ ਗਵਾ ਲਿਆ।੩। ਤੇਰੇ ਕੇਸ ਚਿੱਟੇ ਕੌਲ ਫੁੱਲ ਤੋਂ ਭੀ ਵਧੀਕ ਚਿੱਟੇ ਹੋ ਗਏ ਹਨ, ਤੇਰੀ ਆਵਾਜ਼ ਡਾਢੀ ਮੱਧਮ ਹੋ ਗਈ ਹੈ, ਮਾਨੋ ਸਤਵੇਂ ਪਾਤਾਲ ਤੋਂ ਆਉਂਦੀ ਹੈ। ਤੇਰੀਆਂ ਅੱਖਾਂ ਸਿੰਮ ਰਹੀਆਂ ਹਨ, ਤੇਰੀ ਚਤੁਰਾਈ ਵਾਲੀ ਬੁੱਧ ਕਮਜ਼ੋਰ ਹੋ ਚੁੱਕੀ ਹੈ ਤਾਂ ਭੀ ਕਾਮ ਦੀ ਮਧਾਣੀ ਤੇਰੇ ਅੰਦਰ ਪੈ ਰਹੀ ਹੈ ਭਾਵ, ਅਜੇ ਭੀ ਕਾਮ ਦੀਆਂ ਵਾਸ਼ਨਾਂ ਜ਼ੋਰਾਂ ਵਿਚ ਹਨ। ਇਹਨਾਂ ਹੀ ਵਾਸ਼ਨਾਂ ਦੇ ਕਾਰਨ ਤੇਰੀ ਬੁੱਧ ਵਿਚ ਵਿਸ਼ਿਆਂ ਦੀ ਝੜੀ ਲੱਗੀ ਹੋਈ ਹੈ, ਤੇਰਾ ਸਰੀਰ ਰੂਪ ਕੌਲ ਫੁੱਲ ਕੁਮਲਾ ਗਿਆ ਹੈ। ਜਗਤ ਵਿਚ ਆ ਕੇ ਤੂੰ ਪਰਮਾਤਮਾ ਦਾ ਭਜਨ ਛੱਡ ਬੈਠਾ ਹੈਂ; ਸਮਾ ਵਿਹਾ ਜਾਣ ਤੇ ਪਿੱਛੋਂ ਹੱਥ ਮਲੇਂਗਾ।੪। ਨਿੱਕੇ ਨਿੱਕੇ ਬਾਲ ਪੁੱਤਰ ਪੋਤਰੇ ਵੇਖ ਕੇ ਮਨੁੱਖ ਦੇ ਮਨ ਵਿਚ ਉਹਨਾਂ ਲਈ ਮੋਹ ਪੈਦਾ ਹੁੰਦਾ ਹੈ, ਅਹੰਕਾਰ ਕਰਦਾ ਹੈ, ਪਰ ਇਸ ਨੂੰ ਇਹ ਸਮਝ ਨਹੀਂ ਆਉਂਦੀ ਕਿ ਸਭ ਕੁਝ ਛੱਡ ਜਾਣਾ ਹੈ। ਅੱਖਾਂ ਤੋਂ ਦਿੱਸਣੋਂ ਰਹਿ ਜਾਂਦਾ ਹੈ ਫਿਰ ਭੀ ਮਨੁੱਖ ਹੋਰ ਜੀਊਣ ਲਈ ਲਾਲਚ ਕਰਦਾ ਹੈ। ਆਖ਼ਰ ਸਰੀਰ ਦਾ ਬਲ ਮੁੱਕ ਜਾਂਦਾ ਹੈ, ਤੇ ਜਦੋਂ ਜੀਵ ਪੰਛੀ ਸਰੀਰ ਵਿਚੋਂ ਉੱਡ ਜਾਂਦਾ ਹੈ ਤਦੋਂ ਮੁਰਦਾ ਦੇਹ ਘਰ ਵਿਚ, ਵਿਹੜੇ ਵਿਚ, ਪਈ ਹੋਈ ਚੰਗੀ ਨਹੀਂ ਲੱਗਦੀ। ਬੇਣੀ ਆਖਦਾ ਹੈ- ਹੇ ਸੰਤ ਜਨੋ! ਜੇ ਮਨੁੱਖ ਦਾ ਸਾਰੀ ਜ਼ਿੰਦਗੀ ਵਿਚ ਇਹੀ ਹਾਲ ਰਿਹਾ, ਭਾਵ ਜੀਊਂਦਿਆਂ ਕਿਸੇ ਵੇਲੇ ਭੀ ਵਿਕਾਰਾਂ ਤੇ ਮੋਹ ਤੋਂ ਮੁਕਤ ਨਾਹ ਹੋਇਆ, ਜੇ ਜੀਵਨ-ਮੁਕਤ ਨਾਹ ਹੋਇਆ, ਤਾਂ ਇਹ ਸੱਚ ਜਾਣੋ ਕਿ ਮਰਨ ਤੋਂ ਪਿੱਛੋਂ ਮੁਕਤੀ ਕਿਸੇ ਨੂੰ ਨਹੀਂ ਮਿਲਦੀ।੫।

ਸ਼ਬਦ ਦਾ ਭਾਵ: ਜਗਤ ਦੀ ਮਾਇਆ ਵਿਚ ਫਸ ਕੇ ਜੀਵ ਪ੍ਰਭੂ ਦੀ ਯਾਦ ਭੁਲਾ ਦੇਂਦਾ ਹੈ; ਸਾਰੀ ਉਮਰ ਵਿਕਾਰਾਂ ਵਿਚ ਹੀ ਗੁਜ਼ਾਰਦਾ ਹੈ। ਬੁਢੇਪੇ ਵਿਚ ਸਾਰੇ ਅੰਕ ਕਮਜ਼ੋਰ ਹੋ ਜਾਣ ਤੇ ਭੀ ਹੋਰ ਹੋਰ ਜੀਉਣ ਦੀ ਆਸ ਕਰੀ ਜਾਂਦਾ ਹੈ, ਪਰ ਪ੍ਰਭੂ ਦੀ ਯਾਦ ਵਲ ਫਿਰ ਵੀ ਨਹੀਂ ਜਾਂਦਾ। ਇਸ ਤਰ੍ਹਾਂ ਮਨੁੱਖਾ ਜਨਮ ਅਜਾਈਂ ਗਵਾਂਦਾ ਹੈ।

ਭਗਤ ਬੇਣੀ ਜੀ ਕਿਉਂਕਿ ਹਿੰਦੂ ਬ੍ਰਾਹਮਣ ਪਰਵਾਰ ਵਿਚ ਜਨਮੇ ਸਨ, ਉਹ ਬ੍ਰਾਹਮਣਾਂ ਦੇ ਰੀਤੀ ਰਿਵਾਜ ਅਤੇ ਧਾਰਮਿਕ ਵਿਸ਼ਵਾਸਾਂ ਤੋਂ ਭਲੀਭਾਂਤ ਜਾਣੂ ਸਨ। ਭਗਤ ਬੇਣੀ ਜੀ ਦਾ ਵਿਸ਼ਵਾਸ ਸੀ ਕਿ ਇਹਨਾਂ ਰੀਤੀ ਰਿਵਾਜਾਂ ਦੇ ਅਭਿਆਸ ਦਾ ਅਧਿਆਤਮਿਕ ਲਾਭ ਕੋਈ ਨਹੀਂ। ਪਰਮਾਤਮਾ ਦੇ ਨਾਮ ਦੀ ਭਗਤੀ ਕਰਨ ਨਾਲ ਹੀ ਅਧਿਆਤਮਿਕ ਆਨੰਦ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਇਹ ਸ਼ਬਦ ਇਸ ਵਿਸ਼ਵਾਸ ਦੀ ਪ੍ਰੋੜਤਾ ਕਰਦਾ ਹੈ:

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥੧॥

**ਸੰਤਹੁ ਤਹਾ ਨਿਰੰਜਨ ਰਾਮੁ ਹੈ॥ ਗੁਰ ਗਮਿ ਚੀਨੈ ਬਿਰਲਾ ਕੋਇ॥**

**ਤਹਾਂ ਨਿਰੰਜਨੁ ਰਮਈਆ ਹੋਇ॥੧॥ ਰਹਾਉ॥**

ਦੇਵ ਸਥਾਨੈ ਕਿਆ ਨੀਸਾਣੀ॥ ਤਹ ਬਾਜੇ ਸਬਦ ਅਨਾਹਦ ਬਾਣੀ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ॥ ਸਾਖੀ ਜਾਗੀ ਗੁਰਮੁਖਿ ਜਾਣੀ॥੨॥

ਉਪਜੈ ਗਿਆਨੁ ਦੁਰਮਤਿ ਛੀਜੈ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ॥

ਏਸੁ ਕਲਾ ਜੋ ਜਾਣੈ ਭੇਉ॥ ਭੇਟੈ ਤਾਸੁ ਪਰਮ ਗੁਰਦੇਉ॥੩॥ **ਰਾਮਕਲੀ ਬੇਣੀ ਜੀਉ**, ਅੰਕ ੯੭੪

**ਸਰਲ ਅਰਥ: ਹੇ ਸੰਤ ਜਨੋ! ਮਾਇਆ-ਰਹਿਤ ਰਾਮ ਉਸ ਅਵਸਥਾ ਵਿਚ ਮਨੁੱਖ ਦੇ ਮਨ ਵਿਚ ਵੱਸਦਾ ਹੈ, ਨਿਰੰਜਨ ਸੋਹਣਾ ਰਾਮ ਪਰਗਟ ਹੁੰਦਾ ਹੈ, ਜਿਸ ਅਵਸਥਾ ਨਾਲ ਸਾਂਝ ਕੋਈ ਵਿਰਲਾ ਮਨੁੱਖ ਪਰਮਾਤਮਾ ਦੀ ਸਰਨ ਪੈ ਕੇ ਬਣਾਂਦਾ ਹੈ।੧।ਰਹਾਉ।** ਜੋ ਮਨੁੱਖ ਗੁਰੂ ਦੀ ਕਿਰਪਾ ਨਾਲ ਉਸ ਮੇਲ-ਅਵਸਥਾ ਵਿਚ ਅੱਪੜਿਆ ਹੈ, ਉਸ ਦੇ ਵਾਸਤੇ ਇੜਾ, ਪਿੰਗੁਲਾ ਤੇ ਸੁਖਮਨਾ ਤਿੰਨੇ ਹੀ ਇੱਕੋ ਥਾਂ ਵੱਸਦੀਆਂ ਹਨ, ਤ੍ਰਿਬੇਣੀ ਸੰਗਮ ਪ੍ਰ੍ਯਾਗ ਤੀਰਥ ਭੀ ਉਸ ਮਨੁੱਖ ਲਈ ਉੱਥੇ ਵੱਸਦਾ ਹੈ। ਭਾਵ, ਉਸ ਮਨੁੱਖ ਨੂੰ ਇੜਾ ਪਿੰਗਲਾ ਸੁਖਮਨਾ ਦੇ ਅਭਿਆਸ ਦੀ ਲੋੜ ਨਹੀਂ ਰਹਿ ਜਾਂਦੀ; ਉਸ ਨੂੰ ਤ੍ਰਿਬੇਣੀ ਤੇ ਪ੍ਰਯਾਗ ਦੇ ਇਸ਼ਨਾਨ ਦੀ ਲੋੜ ਨਹੀਂ ਰਹਿੰਦੀ। ਉਸ ਮਨੁੱਖ ਦਾ ਮਨ ਪ੍ਰਭੂ ਦੇ ਮਿਲਾਪ-ਰੂਪ ਤ੍ਰਿਬੇਣੀ ਵਿਚ ਇਸ਼ਨਾਨ ਕਰਦਾ ਹੈ।੧। ਜੇ ਕੋਈ ਪੁੱਛੇ ਕਿ ਜਿਸ ਅਵਸਥਾ ਵਿਚ ਪ੍ਰਭੂ ਮਨ ਦੇ ਅੰਦਰ ਆ ਟਿਕਦਾ ਹੈ, ਉਸ ਦੀਆਂ ਨਿਸ਼ਾਨੀਆਂ ਕੀਹ ਹਨ ਤਾਂ ਉੱਤਰ ਇਹ ਹੈ ਕਿ ਉਸ ਅਵਸਥਾ ਵਿਚ ਪਰਮਾਤਮਾ ਦਾ ਸ਼ਬਦ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ

ਬਾਣੀ ਮਨੁੱਖ ਦੇ ਹਿਰਦੇ ਵਿਚ ਹੁਲਾਰਾ ਪੈਦਾ ਕਰਦੇ ਹਨ; ਜਗਤ ਦੇ ਹਨੇਰੇ ਨੂੰ ਦੂਰ ਕਰਨ ਲਈ ਚੰਦ ਤੇ ਸੂਰਜ ਉਤਨੇ ਸਮਰੱਥ ਨਹੀਂ ਜਿਤਨਾ ਉਹ ਹੁਲਾਰਾ ਮਨ ਦੇ ਹਨੇਰੇ ਨੂੰ ਦੂਰ ਕਰਨ ਲਈ ਹੁੰਦਾ ਹੈ, ਪਉਣ ਪਾਣੀ ਆਦਿਕ ਤੱਤ ਜਗਤ ਨੂੰ ਉਤਨਾ ਸੁਖ ਨਹੀਂ ਦੇ ਸਕਦੇ, ਜਿਤਨਾ ਸੁਖ ਇਹ ਹੁਲਾਰਾ ਮਨੁੱਖ ਦੇ ਮਨ ਨੂੰ ਦੇਂਦਾ ਹੈ; ਮਨੁੱਖ ਦੀ ਸੁਰਤਿ ਗੁਰੂ ਦੀ ਸਿੱਖਿਆ ਨਾਲ ਜਾਗ ਪੈਂਦੀ ਹੈ, ਗੁਰੂ ਦੀ ਰਾਹੀਂ ਸੂਝ ਪੈ ਜਾਂਦੀ ਹੈ।੨। ਪ੍ਰਭੂ-ਮਿਲਾਪ ਵਾਲੀ ਅਵਸਥਾ ਵਿਚ ਮਨੁੱਖ ਦੀ ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਹੋ ਜਾਂਦੀ ਹੈ। ਮੰਦੀ ਮੱਤ ਨਾਸ ਹੋ ਜਾਂਦੀ ਹੈ; ਉੱਚੀ ਉਡਾਰੀ ਵਿਚ ਅੱਪੜਿਆ ਹੋਇਆ ਮਨ ਨਾਮ-ਅੰਮ੍ਰਿਤ ਦੇ ਰਸ ਨਾਲ ਰਸ ਜਾਂਦਾ ਹੈ; ਜੋ ਮਨੁੱਖ ਇਸ ਅਵਸਥਾ ਵਿਚ ਅੱਪੜ ਸਕਣ ਵਾਲੇ ਹੁਨਰ ਦਾ ਭੇਦ ਜਾਣ ਲੈਂਦਾ ਹੈ, ਉਸ ਨੂੰ ਅਕਾਲ ਪੁਰਖ ਮਿਲ ਪੈਂਦਾ ਹੈ।੩।

ਭਗਤ ਬੇਣੀ ਜੀ ਦਾ ਵਿਸ਼ਵਾਸ ਸੀ ਕਿ ਅਧਿਆਤਮਿਕ ਸੁਤੰਤਰਤਾ ਇਨਸਾਨ ਨੂੰ ਜੀਵਨ ਕਾਲ ਵਿਚ ਹੀ ਹਾਸਲ ਹੋ ਸਕਦੀ ਹੈ, ਨਾ ਕਿ ਮਰਨ ਤੋਂ ਬਾਅਦ। ਆਪ ਜੀ ਨੇ ਇਸ ਸ਼ਬਦ ਵਿਚ ਹਿੰਦੂਆਂ ਦੇ 'ਕਹਿਣ ਨੂੰ ਪਵਿਤਰ-ਪੁਨੀਤ' ਰਿਵਾਜਾਂ ਬਾਰੇ ਇੰਜ ਕਿਹਾ ਹੈ:

ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥

ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥੧॥

ਕਲਿ ਭਗਵਤ ਬੰਦ ਚਿਰਾਂਮੰ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ॥੧॥ ਰਹਾਉ॥

ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥

ਰਿਦੈ ਛੁਰੀ ਸੰਧਿਆਨੀ॥ਪਰ ਦਰਬੁ ਹਿਰਨ ਕੀ ਬਾਨੀ॥੨॥ ਪ੍ਰਭਾਤੀ ਬੇਣੀ ਜੀ, ਅੰਕ ੧੩੫੧

**ਸਰਲ ਅਰਥ: ਹੇ ਵਿਸ਼ਈ ਮਨੁੱਖ! ਤੂੰ ਉਂਵ ਤਾਂ ਕਲਜੁਗੀ ਸੁਭਾਵ ਵਿਚ ਪ੍ਰਵਿਰਤ ਹੈਂ, ਪਰ ਮੂਰਤੀ ਨੂੰ ਚਿਰ ਤੱਕ ਨਮਸਕਾਰ ਕਰਦਾ ਹੈਂ, ਤੇਰੀ ਨਜ਼ਰ ਟੇਢੀ ਹੈ ਤੇਰੀ ਨਿਗਾਹ ਵਿਚ ਖੋਟ ਹੈ, ਦਿਨ ਰਾਤ ਤੂੰ ਮਾਇਆ ਦੇ ਧੰਧਿਆਂ ਵਿਚ ਰੱਤਾ ਹੋਇਆ ਹੈਂ ਤੇਰੀਆਂ ਇਹ ਮੂਰਤੀ ਨੂੰ ਬੰਦਨਾਂ ਕਿਸ ਅਰਥ?।੧।ਰਹਾਉ।** ਹੇ ਲੰਪਟ! ਤੂੰ ਸਰੀਰ ਉੱਤੇ ਚੰਦਨ ਦਾ ਲੇਪ ਕਰਦਾ ਹੈਂ ਮੱਥੇ ਉੱਤੇ ਤੁਲਸੀ ਦੇ ਪੱਤਰ ਲਾਂਦਾ ਹੈਂ; ਪਰ ਤੇਰੇ ਹਿਰਦੇ ਵਿਚ ਇਉਂ ਕੁਝ ਹੋ ਰਿਹਾ ਹੈ ਜਿਵੇਂ ਤੇਰੇ ਹੱਥਾਂ ਵਿਚ ਕੈਂਚੀ ਫੜੀ ਹੋਈ ਹੈ; ਤੇਰੀ ਨਿਗਾਹ ਠੱਗਾਂ ਵਾਲੀ ਬਗਲੇ ਵਾਂਗ ਤੂੰ ਸਮਾਧੀ ਲਾਈ ਹੋਈ ਹੈ, ਵੇਖਣ ਨੂੰ ਤੂੰ ਵੈਸ਼ਨੋ ਜਾਪਦਾ ਹੈਂ ਜਿਵੇਂ ਤੇਰੇ ਮੂੰਹ ਵਿਚੋਂ ਸੁਆਸ ਭੀ ਨਿਕਲ ਗਏ ਹਨ ਭਾਵ, ਵੇਖਣ ਨੂੰ ਤੂੰ ਬੜਾ ਹੀ ਦਇਆਵਾਨ ਜਾਪਦਾ ਹੈਂ।੧। ਹੇ ਵਿਸ਼ਈ ਮਨੁੱਖ! ਤੂੰ ਹਰ ਰੋਜ਼ ਆਪਣੇ ਸਰੀਰ ਨੂੰ ਇਸ਼ਨਾਨ ਕਰਾਂਦਾ ਹੈਂ, ਦੋ ਧੋਤੀਆਂ ਰੱਖਦਾ ਹੈਂ, ਹੋਰ ਕਰਮ ਕਾਂਡ ਭੀ ਕਰਦਾ ਹੈਂ, ਦੂਧਾਧਾਰੀ ਬਣਿਆ ਹੋਇਆ ਹੈਂ; ਪਰ ਆਪਣੇ ਹਿਰਦੇ ਵਿਚ ਤੂੰ ਛੁਰੀ ਕੱਸ ਕੇ ਰੱਖੀ ਹੋਈ ਹੈ, ਤੈਨੂੰ ਪਰਾਇਆ ਧਨ ਠੱਗਣ ਦੀ ਆਦਤ ਪਈ ਹੋਈ ਹੈ।੨।

ਭਗਤ ਬੇਣੀ ਜੀ ਦੇ ਦਿਹਾਂਤ ਤੋਂ ਕੁਝ ਸਾਲ ਬਾਅਦ ਹੀ, ਆਪ ਜੀ ਵਲੋਂ ਕੀਤੇ 'ਚਮਤਰਾਰਾਂ' ਬਾਰੇ ਬਹੁਤ ਸਾਰੀਆਂ 'ਬਨਾਵਟੀ' ਕਹਾਣੀਆਂ ਪ੍ਰਚਲਤ ਹੋ ਗਈਆਂ। ਇਹਨਾਂ ਕਹਾਣੀਆਂ ਵਿਚ, ਆਪ ਜੀ ਦੇ ਚੇਲੇਆਂ ਨੇ ਕਈ ਅਲੌਕਿਕ ਦੈਵੀ ਅਤੇ ਚਮਤਰਾਕੀ ਸ਼ਕਤੀਆਂ ਨੂੰ ਆਪ ਜੀ ਦੇ ਨਾਮ ਨਾਲ ਜੋੜ ਦਿਤਾ। ਉਹਨਾਂ ਦੀ ਭਾਵਨਾ ਸ਼ਾਇਦ ਇਹ ਦਿਖਾਉਣਾ ਹੋਵੇ ਕਿ ਆਪ ਜੀ ਜੀਵਨ ਪੱਧਰ ਤੋਂ ਬਹੁਤ ਉਚੇਰੇ ਸਨ। ਅਜਿਹੀ ਇਕ ਕਹਾਣੀ ਭਾਈ ਗੁਰਦਾਸ ਜੀ ਇੰਜ ਬਿਆਨਦੇ ਹਨ:

ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।

ਪੈਜ ਸਵਾਰੈ ਭਗਤ ਦੀ ਰਾਜਾ ਹੁਇ ਕੈ ਘਰਿ ਚਲਿ ਆਵੈ।

ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ।

ਓਥਹੁੰ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।

ਭਗਤ ਜਨਾਂ ਜੈਕਾਰੁ ਕਰਾਵੈ ॥੧੪॥ ਭਾਈ ਗੁਰਦਾਸ, ਵਾਰ ੧੦.੧੪

**ਸਰਲ ਅਰਥ:** ਇੱਕ ਦਿਨ ਮਨ ਨਾਲ ਭਗਤੀ ਕਰਦਿਆਂ ਅਤੇ ਪਰਮਾਤਮਾ ਤੇ ਧਿਆਨ ਕੇਂਦ੍ਰਿਤ ਕਰਦਿਆਂ, ਇੱਕ ਅਜੀਬ ਚਮਤਕਾਰ ਹੋਇਆ। ਭਗਤ ਦੀ ਵਡਿਆਈ ਨੂੰ ਬਚਾਉਣ ਲਈ, ਇੱਕ ਰਾਜੇ ਦੇ ਰੂਪ ਵਿੱਚ ਪਰਮਾਤਮਾ ਆਪ ਉਸਦੇ ਘਰ ਗਿਆ। ਉਸਨੇ ਬੇਣੀ ਦੀ ਪਤਨੀ ਨੂੰ ਭਰੋਸਾ ਦਿਵਾਕੇ ਖਰਚੇ ਲਈ ਸਾਰੀਆਂ ਚੀਜਾਂ ਅਤੇ ਕੁੱਝ ਪੈਸੇ ਦਿੱਤੇ। ਉਥੋਂ ਉਹ ਆਪਨੇ ਭਗਤ ਬੇਣੀ ਕੋਲ ਗਿਆ ਅਤੇ ਉਸਨੂੰ ਪਿਆਰ ਨਾਲ ਪਲੋਸਿਆ। ਇਸ ਤਰ੍ਹਾਂ ਉਹ ਅਪਨੇ ਭਗਤਾਂ ਦੀ ਪ੍ਰਸ਼ੰਸਾ ਕਰਵਾਂਦਾ ਹੈ।

ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਰਚਨਾਵਾਂ ਦਾ ਸਬੰਧ ਹੈ, ਇਸ ਵਾਰਤਾ ਨੂੰ ਵੀ ਅਲੰਕਾਰਕ ਰੂਪ ਵਿਚ ਹੀ ਸਮਝਿਆ ਜਾਣਾ ਚਾਹੀਦਾ ਹੈ, ਨਾ ਕਿ ਸ਼ਾਬਦਿਕ ਅਰਥਾਂ ਵਿਚ। ਭਗਤ ਬੇਣੀ ਇਕ ਪੜੇ-ਲਿਖੇ ਵਿਦਵਾਨ ਸੀ ਅਤੇ ਬੜਾ ਨਿਮਰ ਸੁਭਾਉ ਵਾਲੇ ਸਨ। ਪਰ, ਪਰਮਾਤਮਾ ਕਿਸੇ 'ਰਾਜੇ ਦੇ ਰੂਪ' ਵਿਚ ਸੱਚ ਮੁਚ ਉਸਦੇ ਘਰ ਨਹੀਂ ਆਇਆ। ਫਿਰ ਵੀ, ਅਲੰਕਾਰਕ ਰੂਪ ਵਿਚ ਬੋਲਦਿਆਂ, ਭਗਤ ਬੇਣੀ ਜੀ ਨੇ ਭਗਤੀ ਰਾਹੀਂ ਹੀ ਪਰਮਾਤਮਾ ਦੀ ਪ੍ਰਾਪਤੀ ਕੀਤੀ। ਵਾਰ ਦੀ ਆਖਰੀ ਪੰਕਤੀ ਵਿਚ, ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੋ ਵੀ ਪਰਮਾਤਮਾ ਦੀ ਰਜ਼ਾ ਅਨੁਸਾਰ ਉਸਦੇ ਭਗਤ ਬਣ ਕੇ ਜੀਵਨ ਜੀਂਵਦੇ ਹਨ, ਉਹ ਹੋਰਨਾਂ ਵਲੋਂ ਪ੍ਰਸੰਸਾ ਅਤੇ ਆਦਰ-ਮਾਣ ਪ੍ਰਾਪਤ ਕਰਦੇ ਹਨ। ਭਾਈ ਗੁਰਦਾਸ ਜੀ ਭਗਤ ਬੇਣੀ ਜੀ ਨਾਲ ਸਬੰਧਤ ਇਕ ਪ੍ਰਚਲਤ ਵਾਰਤਾ ਦੇ ਦ੍ਰਿਸ਼ਟਾਂਤ ਰਾਹੀਂ ਉਦਾਹਰਣ ਦਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬੇਣੀ ਜੀ ਦੇ ਸਾਰੇ ਸ਼ਬਦਾਂ ਦਾ ਸਾਰ-ਅੰਸ਼ ਸੰਦੇਸ਼ ਇਹੀ ਹੈ। ਉਹ ਹਿੰਦੂਆ ਦੇ ਰੀਤੀ ਰਿਵਾਜ ਅਤੇ ਹੋਰ 'ਹਠ ਯੋਗ' ਦੇ ਕਠੋਰ ਵਿਵਹਾਰ ਨੂੰ ਪੂਰੇ ਜ਼ੋਰ ਨਾਲ ਧ੍ਰਿਕਾਰਦੇ ਹਨ। ਆਮ ਸਧਾਰਨ ਇਨਸਾਨ ਨੂੰ ਉਹ ਸੱਚੇ ਸੁੱਚੇ ਧਰਮ ਦੇ ਨਿਯਮਾਂ ਦੀ ਪਾਲਣਾ ਕਰਨ ਬਾਰੇ ਅਤੇ ਪਰਮਾਤਮਾ ਦਾ ਨਾਮ ਜਪਦਿਆਂ ਉਸਦੇ ਨਾਮ ਦੀ ਭਗਤੀ ਕਰਨ ਬਾਰੇ ਕਹਿੰਦੇ ਹਨ।

*******************

# ੧੭. ਭਗਤ ਰਾਮਾਨੰਦ ਜੀ

ਭਗਤ ਰਾਮਾਨੰਦ ਜੀ (੧੪੦੦-੧੪੭੦ ਈ:) ਦਾ ਜਨਮ ਪ੍ਰਯਾਗਰਾਜ ਸ਼ਹਿਰ ਵਿਚ ਹੋਇਆ । ਆਪ ਜੀ ਦੀ ਮਾਤਾ  ਸੁਸ਼ੀਲਾ ਸੀ ਅਤੇ ਪਿਤਾ ਪੁਨਿਯਾ ਸਦਨ ਸ਼ਰਮਾ ਸੀ। ਦੋਨੋ ਹੀ ਗੌੜ ਬ੍ਰਾਹਮਣ ਸਨ। ਉਹ ਆਪਣੇ ਸਮੇਂ ਦੇ ਮਸ਼ਹੂਰ ਧਾਰਮਿਕ ਸਿਖਿਅਕ ਸਨ ਅਤੇ ਉਹਨਾਂ ਦੇ ਬਰਾਬਰ ਤੌਰ ਤੇ ਪ੍ਰਸਿੱਧ ਚੇਲੇ ਸਨ: ਕਬੀਰ, ਰਵਿਦਾਸ, ਸੈਣ, ਧੰਨਾ, ਅਤੇ ਪੀਪਾ।

ਭਗਤ ਰਾਮਾਨੰਦ ਜੀ ਜਾਤ-ਪਾਤ ਦੇ ਵਖਰੇਵਿਆਂ ਤੋਂ ਉੱਪਰ ਉੱਠੇ ਅਤੇ 'ਸਭਨਾਂ ਦੀ ਬਰਾਬਰਤਾ' ਵਾਲੀ ਆਪਣੀ ਵਿਚਾਰਧਾਰਾ ਦੀ ਸਿਖਿਆ 'ਨੀਵੀਂ ਜਾਤੀ' ਸਮੇਤ ਸਾਰਿਆਂ ਨੂੰ ਦਿਤੀ। ਰਾਮਾਨੰਦ ਜੀ ਦਾ ਵਿਸ਼ਵਾਸ ਸੀ ਕਿ ਅਧਿਆਤਮਿਕ ਪ੍ਰਾਪਤੀ ਲਈ ਇਨਸਾਨ ਨੂੰ 'ਆਪਣੀ ਜਾਤ ਦੀ ਵਿਲੱਖਣਤਾ' ਅਤੇ ਸਮਾਜਿਕ ਸਤਰ ਨੂੰ ਭੁੱਲ ਜਾਣਾ ਚਾਹੀਦਾ ਹੈ। ਆਪ ਜੀ ਦਾ ਵਿਸਵਾਸ ਸੀ ਕਿ ਪਰਮਾਤਮਾ ਦੀ ਭਗਤੀ ਕਰਨਾ ਹਰ ਕਿਸੇ ਦਾ ਉਵੇਂ ਹੀ ਬਰਾਬਰ ਹੱਕ ਹੈ ਜਿਵੇਂ ਕਿ ਹਵਾ, ਪਾਣੀ ਅਤੇ ਜ਼ਮੀਨ ਤੇ ਹਰ ਕਿਸੇ ਦਾ ਬਰਾਬਰ ਹੱਕ ਹੈ। ਗਰੀਬ ਅਤੇ 'ਨੀਵੀਂ ਜਾਤੀ' ਦੇ ਲੋਕਾਂ ਨੂੰ ਸਿਖਿਆ ਦੇਣ ਰਾਹੀਂ ਆਪ ਜੀ ਨੇ ਪ੍ਰਚਲਤ ਧਾਰਮਿਕ ਅਤੇ ਸਮਾਜਿਕ ਰਿਵਾਜਾਂ ਤੋਂ ਬਿਲਕੁਲ ਅਲਗ ਰਸਤਾ ਅਪਣਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਾਮਾਨੰਦ ਜੀ ਦਾ ਇਕ ਹੀ ਸ਼ਬਦ ਹੈ ਜੋ ੧੧੯੫ ਅੰਕ ਤੇ ਹੈ। ਉਹ ਇਵੇਂ ਹੈ:

ਕਤ ਜਾਈਐ ਰੇ ਘਰ ਲਾਗੋ ਰੰਗ॥

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ ਰਹਾਉ॥
ਏਕ ਦਿਵਸ ਮਨ ਭਈ ਉਮੰਗ॥ ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥
ਜਹਾ ਜਾਈਐ ਤਹ ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥
ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥੧॥

ਰਾਮਾਨੰਦ ਜੀ, ਅੰਕ ੧੧੯੫

**ਸਰਲ ਅਰਥ: ਹੇ ਭਾਈ! ਹੋਰ ਕਿਥੇ ਜਾਈਏ? ਹੁਣ ਹਿਰਦੇ-ਘਰ ਵਿਚ ਹੀ ਮੌਜ ਬਣ ਗਈ ਹੈ; ਮੇਰਾ ਮਨ ਹੁਣ ਡੋਲਦਾ ਨਹੀਂ, ਥਿਰ ਹੋ ਗਿਆ ਹੈ।੧।ਰਹਾਉ।** ਇੱਕ ਦਿਨ ਮੇਰੇ ਮਨ ਵਿਚ ਭੀ ਤਾਂਘ ਪੈਦਾ ਹੋਈ ਸੀ, ਮੈਂ ਚੰਦਨ ਘਸਾ ਕੇ ਅਤਰ ਤੇ ਹੋਰ ਕਈ ਸੁਗੰਧੀਆਂ ਲੈ ਲਈਆਂ, ਤੇ ਮੈਂ ਮੰਦਰ ਵਿਚ ਪੂਜਾ ਕਰਨ ਲਈ ਤੁਰ ਪਈ। ਪਰ ਹੁਣ ਤਾਂ ਮੈਨੂੰ ਉਹ ਪਰਮਾਤਮਾ ਜਿਸ ਨੂੰ ਮੈਂ ਮੰਦਰ ਵਿਚ ਰਹਿੰਦਾ ਸਮਝਦੀ ਸਾਂ ਮੇਰੇ ਗੁਰੂ ਨੇ ਮੇਰੇ ਮਨ ਵਿਚ ਵੱਸਦਾ ਹੀ ਵਿਖਾ ਦਿੱਤਾ ਹੈ।੧। ਤੀਰਥਾਂ ਉਤੇ ਜਾਈਏ ਚਾਹੇ ਮੰਦਰਾਂ ਵਿਚ ਜਾਈਏ ਜਿਥੇ ਭੀ ਜਾਈਏ ਉਥੇ ਪਾਣੀ ਹੈ ਜਾਂ ਪੱਥਰ ਹਨ। ਹੇ ਪ੍ਰਭੂ! ਤੂੰ ਹਰ ਥਾਂ ਇੱਕੋ ਜਿਹਾ ਭਰਪੂਰ ਹੈਂ, ਵੇਦ ਪੁਰਾਨ ਆਦਿਕ ਧਰਮ-ਪੁਸਤਕਾਂ ਭੀ ਖੋਜ ਕੇ ਵੇਖ ਲਈਆਂ ਹਨ। ਸੋ ਤੀਰਥਾਂ ਤੇ ਮੰਦਰਾਂ ਵਿਚ ਤਦੋਂ ਹੀ ਜਾਣ ਦੀ ਲੋੜ ਪਏ ਜੇ ਪਰਮਾਤਮਾ ਇਥੇ ਮੇਰੇ ਮਨ ਵਿਚ ਨਾਹ ਵੱਸਦਾ ਹੋਵੇ।੨। ਹੇ ਸਤਿਗੁਰੂ! ਮੈਂ ਤੈਥੋਂ ਸਦਕੇ ਹਾਂ, ਜਿਸ ਨੇ ਮੇਰੇ ਸਾਰੇ ਔਖੇ ਭੁਲੇਖੇ ਦੂਰ ਕਰ ਦਿੱਤੇ ਹਨ। ਰਾਮਾਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ ਤੇ, ਗੁਰੂ ਦੀ ਰਾਹੀਂ ਮਿਲਦਾ ਹੈ, ਕਿਉਂਕਿ ਗੁਰੂ ਦਾ ਸ਼ਬਦ ਕ੍ਰੋੜਾਂ ਕੀਤੇ ਮੰਦੇ ਕਰਮਾਂ ਦਾ ਨਾਸ ਕਰ ਦੇਂਦਾ ਹੈ।੩।੧।

ਭਗਤ ਰਾਮਾਨੰਦ ਜੀ ਦਾ ਜਨਮ, ਜਿਵੇਂ ਇਸ ਸ਼ਬਦ ਵਿਚ ਦਸਿਆ ਗਿਆ ਹੈ, ਭਾਵੇਂ ਬ੍ਰਾਹਮਣ ਪਰਵਾਰ ਵਿਚ ਹੋਇਆ, ਪਰ ਉਹ ਮੰਦਰਾਂ ਵਿਚ ਚਲਦੇ ਹਿੰਦੂ 'ਉੱਚ ਜਾਤੀ' ਦੇ ਰਸਮ-ਰਿਵਾਜਾਂ ਦਾ ਖੰਡਨ ਕਰਦੇ ਹਨ। ਆਪ ਕਹਿੰਦੇ ਹਨ ਕਿ 'ਪਵਿੱਤਰ' ਸਥਾਨਾਂ ਤੇ ਇਸ਼ਨਾਨ ਕਰਨ ਨਾਲ ਅਤੇ ਬੁੱਤ ਪੂਜਾ ਕਰਨ ਨਾਲ ਉਚੇਰੇ ਪੱਧਰ ਦੀ ਮਾਨਸਿਕ ਅਵਸਥਾ ਹਾਸਲ ਨਹੀਂ ਕੀਤੀ ਜਾ ਸਕਦੀ। ਸੱਚੇ ਸਿਖਿਅਕ ਦੇ ਦੱਸੇ ਰਸਤੇ ਤੇ ਚਲਦਿਆਂ ਸਾਰੇ ਸ਼ੰਕੇ ਮਿਟ ਜਾਂਦੇ ਹਨ ਅਤੇ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਸਰਬ-ਵਿਆਪਕ ਪਰਮਾਤਮਾ ਹਰੇਕ ਹਿਰਦੇ ਵਿਚ ਵਸਦਾ ਹੈ। ਸੱਚੇ ਗੁਰੂ ਦੇ ਸ਼ਬਦ ਨਾਲ ਹੀ ਬੀਤੇ ਸਮੇਂ ਵਿਚ ਕੀਤੇ ਬੁਰੇ ਕਰਮਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਭਗਤ ਕਬੀਰ ਜੀ ਵਲੋਂ ਭਗਤ ਰਾਮਾਨੰਦ ਜੀ ਨੂੰ ਆਪਣਾ ਧਾਰਮਿਕ ਗੁਰੂ ਮੰਨਣ ਦੇ ਵਾਕਿਆ ਨੂੰ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਇੰਜ ਦਸਦੇ ਹਨ:

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।
ਰਾਮ ਕਬੀਰੈ ਭੇਦੁ ਨ ਭਾਈ ॥੧੫॥ ਭਾਈ ਗੁਰਦਾਸ, ਵਾਰ ੧੦.੧੫

**ਸਰਲ ਅਰਥ:** ਦੁਨਿਆਂ ਤੋਂ ਉਦਾਸੀਨ, ਬ੍ਰਾਹਮਣ ਰਾਮਾਨੰਦ ਬਨਾਰਸ ਵਿèਚ ਰਹਿੰਦੇ ਸਨ। ਉਹ ਸਵੇਰੇ ਜਲਦੀ ਉਠ ਕੇ ਗੰਗਾ ਇਸ਼ਨਾਨ ਲਈ ਜਾਂਦੇ ਸਨ। ਇੱਕ ਦਿਨ ਰਾਮਾਨੰਦ ਜੀ ਦੇ ਆਉਣ ਤੋਂ ਪਹਿਲਾਂ ਹੀ ਕਬੀਰ ਜੀ ਰਾਮਾਨੰਦ ਦੇ ਰਸਤੇ ਵਿੱਚ ਲੇਟ ਗਏ। ਰਾਮਾਨੰਦ ਦਾ ਪੈਰ ਲਗਣ ਨਾਲ ਕਬੀਰ ਜੀ ਜਾਗ ਪਏ। ਰਾਮਾਨੰਦ ਨੇ ਕਬੀਰ ਜੀ ਨੂੰ 'ਰਾਮ' ਨਾਮ ਜਪਨ ਦਾ ਸੱਚਾ ਉਪਦੇਸ਼ ਦਿੱਤਾ। ਜਿਵੇਂ ਪਾਰਸ ਦੇ ਛੋਹਣ ਨਾਲ ਲੋਹਾ ਸੋਨਾ ਬਣ ਜਾਂਦਾ ਹੈ, ਅਤੇ ਨਿੰਮ ਦੇ ਪੇੜ ਵਿੱਚੋਂ ਚੰਦਨ ਦੀ ਖੁਸ਼ਬੋ ਆਣ ਲਗ ਪੈਂਦੀ ਹੈ, ਅਸਚਰਜ ਗੁਰੂ ਜਾਨਵਰਾਂ ਅਤੇ ਭੂਤਾਂ ਨੂੰ ਰੂਹਾਨੀਂ ਜੀਵਾਂ ਵਿੱਚ ਬਦਲ ਦੇਂਦੇ ਹਨ। ਅਸਚਰਜ ਗੁਰੂ ਨੂੰ ਮਿਲ ਕੇ ਭਗਤ ਜਨ ਅਦਭੁਤ ਪਰਮਾਤਮਾ ਵਿੱਚ ਲੀਨ ਹੋ ਜਾਂਦੇ ਹਨ। ਤਦ ਬਗਤਾਂ ਦੇ ਮਨ ਵਿੱਚੋਂ 'ਨਾਮ' ਦਾ ਝਰਨਾ ਨਿਕਲਦਾ ਹੈ ਅਤੇ ਉਹ ਇਕ ਗੁਰਮੁਖ ਬਣ ਜਾਂਦੇ ਹਨ। ਇਸ ਤਰ੍ਹਾਂ ਕਬੀਰ ਜੀ ਅਤੇ ਰਾਮ ਪ੍ਰਭੂ ਇਕੋ ਜਿਹੇ ਬਣ ਗਏ, ਕੋਈ ਵੀ ਉਹਨਾਂ ਨੂੰ ਵੱਖੋ-ਵੱਖ ਨਹੀਂ ਕਹ ਸਕਦਾ।

ਇਸ ਸ਼ਬਦ ਨੂੰ ਜਦ ਅਲੰਕਾਰਕ ਰੂਪ ਵਿਚ ਸਮਝਿਆ ਜਾਏ ਤਾਂ ਭਾਈ ਗੁਰਦਾਸ ਜੀ ਦੀ ਵਾਰ ਸਪਸ਼ਟ ਸਮਝ ਆਉਂਦੀ ਹੈ। ਭਾਈ ਜੀ ਭਾਵੇਂ ਹਿੰਦੂ ਰਸਮਾਂ ਰਿਵਾਜਾਂ ਦੀ, ਜਿਹਨਾਂ ਨਾਲ ਉਸ ਵੇਲੇ ਦੇ ਲੋਕ ਜਾਣੂ ਸਨ, ਉਦਾਹਰਣ ਦਿੰਦੇ ਹਨ, ਪਰ ਆਪ ਜੀ ਦੀ ਵਾਰ ਦਾ ਸਾਰ-ਅੰਸ਼ ਉਹੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹੈ। ਇਹ ਇਹੀ ਹੈ ਕਿ ਪਰਮਾਤਮਾ ਦੇ ਪਿਆਰ ਅਤੇ ਭਗਤੀ ਨਾਲ ਹੀ ਇਨਸਾਨ ਪਰਮਾਤਮਾ ਦੇ ਨੇੜੇ ਜਾ ਸਕਦਾ ਹੈ ਅਤੇ ਉਸਦੀ ਕਿਰਪਾ ਦੁਆਰਾ ਹੀ ਅਸੀਂ 'ਗੁਰਮੁਖ' ਬਣ ਸਕਦੇ ਹਾਂ।

ਭਗਤ ਰਾਮਾਨੰਦ ਜੀ ਸੰਸਕ੍ਰਿਤ ਦੇ ਉਲਟ ਹਿੰਦੀ ਵਿਚ ਆਪਣੀਆਂ ਰਚਨਾਵਾ ਲਈ, ਅਤੇ ਧਾਰਮਿਕ ਵਿਚਾਰ ਜ਼ਾਹਰ ਕਰ ਸਕਣ ਦੇ ਯੋਗ, ਜਾਣੇ ਜਾਂਦੇ ਸਨ। ਇਸਤਰ੍ਹਾਂ ਇਹ

ਗਿਆਨ ਆਮ ਲੋਕਾਂ ਤੱਕ ਪਹੁੰਚ ਸਕਿਆ। ਹਿੰਦੀ ਅਤੇ ਸੰਸਕ੍ਰਿਤ ਵਿਚ ਬਹੁਤ ਸਾਰੀਆਂ ਕਿਤਾਬਾਂ ਆਪ ਜੀ ਨਾਲ ਸਬੰਧਤ ਦਸੀਆਂ ਜਾਦੀਆਂ ਹਨ।

********************

# ੧੮. ਭਗਤ ਸੈਣ ਜੀ

ਭਗਤ ਸੈਣ ਜੀ (੧੪੦੦-੧੪੯੦ ਈ:) ਦਾ ਜਨਮ ਭਾਰਤ ਵਿਚ ਪੰਜਾਬ ਦੇ ਅੰਮ੍ਰਿਤਸਰ ਜ਼ਿਲਾ ਦੇ ਸੋਹਲ ਠੱਠੀਆਂ ਪਿੰਡ ਵਿਚ ਹੋਇਆ। ਆਪ ਜੀ ਦੇ ਪਿਤਾ ਮੁਕੰਦ ਰਾਏ ਸੀ ਅਤੇ ਮਾਤਾ ਜੀਵਨ ਦੇਵੀ ਸੀ, ਜੋ ਮਾਤਾ ਜੀਵਨੀ ਕਰਕੇ ਜਾਣੀ ਜਾਂਦੀ ਸੀ। ਭਗਤ ਜੀ ਦੇ ਪਿਤਾ ਜੀ ਨਾਈ ਸਨ। ਆਪ ਜੀ ਦੀ ਸ਼ਾਦੀ ਲਾਹੌਰ ਵਿਖੇ ਸਾਹਿਬ ਦੇਵੀ ਨਾਲ ਹੋਈ ਅਤੇ ਉਹਨਾਂ ਦਾ 'ਨਯੀ' ਨਾਮੀ ਇਕ ਪੁੱਤਰ ਸੀ। ਭਗਤ ਸੈਣ ਜੀ ਰੇਵਾ ਦੇ ਰਾਜਾ ਰਾਮ ਦੇ ਦਰਬਾਰ ਵਿਚ ਨਾਈ ਸਨ, ਜੋ ਉਸ ਵੇਲੇ ਬਹਾਦੁਰਗੜ੍ਹ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਜੀ ਨੇ ਭਗਤ ਜੀ ਦੀ ਨਿਰਸੁਆਰਥ ਸੇਵਾ ਰਾਹੀਂ ਅਧਿਆਤਮਿ ਪ੍ਰਾਪਤੀਆਂ ਦਾ ਵਰਨਣ ਇਹਨਾਂ ਸ਼ਬਦਾਂ ਵਿਚ ਕੀਤਾ ਹੈ:

ਨਾਈ ਉਧਰਿਓ ਸੈਨੁ ਸੇਵ॥ ਬਸੰਤੁ ਮਹਲਾ ੫, ਅੰਕ ੧੧੯੨

**ਸਰਲ ਅਰਥ:** ਸੈਣ ਨਾਈ ਗੁਰੂ ਦੀ ਸਰਨ ਪੈ ਕੇ ਭਗਤੀ ਦੀ ਬਰਕਤਿ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ।

ਭਗਤ ਸੈਣ ਜੀ ਦਾ ਰਚਿਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ ੬੯੫ ਉੱਪਰ ਹੈ:

ਧੂਪ ਦੀਪ ਘ੍ਰਿਤ ਸਾਜਿ ਆਰਤੀ॥ ਵਾਰਨੇ ਜਾਉ ਕਮਲਾ ਪਤੀ॥੧॥

**ਮੰਗਲਾ ਹਰਿ ਮੰਗਲਾ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ॥੧॥ ਰਹਾਉ॥**

ਊਤਮੁ ਦੀਅਰਾ ਨਿਰਮਲ ਬਾਤੀ॥ ਤੁਹੀ ਨਿਰੰਜਨੁ ਕਮਲਾ ਪਾਤੀ॥੨॥

ਰਾਮਾ ਭਗਤਿ ਰਾਮਾਨੰਦੁ ਜਾਨੈ॥ ਪੂਰਨ ਪਰਮਾਨੰਦੁ ਬਖਾਨੈ॥੩॥

ਮਦਨ ਮੂਰਤਿ ਭੈ ਤਾਰਿ ਗੋਬਿੰਦੇ॥ ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥

ਧਨਾਸਰੀ ਭਗਤ ਸੈਣ ਜੀ, ਅੰਕ ੬੯੫

**ਸਰਲ ਅਰਥ:** ਹੇ ਮਾਇਆ ਦੇ ਮਾਲਕ ਪ੍ਰਭੂ! ਮੈਂ ਤੈਥੋਂ ਸਦਕੇ ਜਾਂਦਾ ਹਾਂ ਤੈਥੋਂ ਸਦਕੇ ਜਾਣਾ ਹੀ ਧੂਪ ਦੀਵੇ ਤੇ ਘਿਉ ਆਦਿਕ ਸਮੱਗ੍ਰੀ ਇਕੱਠੇ ਕਰ ਕੇ ਤੇਰੀ ਆਰਤੀ ਕਰਨੀ ਹੈ।੧। **ਹੇ ਹਰੀ! ਹੇ ਰਾਜਨ! ਹੇ ਰਾਮ! ਤੇਰੀ ਮਿਹਰ ਨਾਲ ਮੇਰੇ ਅੰਦਰ ਸਦਾ ਤੇਰੇ ਨਾਮ-ਸਿਮਰਨ ਦਾ ਅਨੰਦ ਮੰਗਲ ਹੋ ਰਿਹਾ ਹੈ।੧।ਰਹਾਉ।** ਹੇ ਕਮਲਾਪਤੀ! ਤੂੰ ਨਿਰੰਜਨ ਹੀ ਮੇਰੇ ਲਈ ਆਰਤੀ ਕਰਨ ਲਈ ਸੋਹਣਾ ਚੰਗਾ ਦੀਵਾ ਸਾਫ਼ ਸੁਥਰੀ ਵੱਟੀ ਹੈਂ।੨। ਜੋ ਮਨੁੱਖ ਸਰਬ-ਵਿਆਪਕ ਪਰਮ ਆਨੰਦ-ਰੂਪ ਪ੍ਰਭੂ ਦੇ ਗੁਣ ਗਾਂਦਾ ਹੈ, ਉਹ ਪ੍ਰਭੂ ਦੀ ਭਗਤੀ ਦੀ ਬਰਕਤਿ ਨਾਲ ਉਸ ਦੇ ਮਿਲਾਪ ਦਾ ਆਨੰਦ ਮਾਣਦਾ ਹੈ।੩। ਸੈਣ ਆਖਦਾ ਹੈ-ਹੇ ਮੇਰੇ ਮਨ! ਉਸ ਪਰਮ-ਆਨੰਦ ਪਰਮਾਤਮਾ ਦਾ ਸਿਮਰਨ ਕਰ, ਜੋ ਸੋਹਣੇ ਸਰੂਪ ਵਾਲਾ ਹੈ, ਜੋ ਸੰਸਾਰ ਦੇ ਡਰਾਂ ਤੋਂ ਪਾਰ ਲੰਘਾਣ ਵਾਲਾ ਹੈ ਤੇ ਜੋ ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਹੈ।੪।੨।

ਭਾਈ ਗੁਰਦਾਸ ਜੀ ਆਪਣੀ ਵਾਰ ੧੦.੧੬ ਵਿਚ ਦਸਦੇ ਹਨ ਕਿ ਕਿਸੇ ਵੀ ਸ਼ਰਧਾਲੂ ਦਾ ਮਾਣ ਸਤਿਕਾਰ ਪਰਮਾਤਮਾ ਦੀ ਰਹਿਮਤ ਸਦਕਾ ਹੀ ਬਣਦਾ ਹੈ। ਇਸ ਨੁਕਤੇ ਨੂੰ ਭਾਈ ਗੁਰਦਾਸ ਜੀ ਨੇ ਭਗਤ ਸੈਣ ਜੀ ਨਾਲ ਸਬੰਧਤ ਇਕ ਵਿਸ਼ੇਸ ਪ੍ਰਾਪਤੀ ਦੇ ਦ੍ਰਿਸ਼ਟਾਂਤ ਰਾਹੀਂ ਕਰਦੇ ਹਨ:

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।

ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।

ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।

ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।

ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।

ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।

ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।

ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।

ਪਰਗਟੁ ਕਰੈ ਭਗਤਿ ਵਡਿਆਈ ॥੧੬॥

**ਸਰਲ ਅਰਥ:** ਕਬੀਰ ਦੀ ਵਡਿਆਈ ਸੁਣਕੇ ਸੈਣ ਵੀ ਇਕ ਚੇਲਾ ਬਣ ਗਿਆ। ਰਾਤ ਨੂੰ ਉਹ ਪਰਮਾਤਮਾ ਦੀ ਪ੍ਰੇਮ ਸ਼ਰਧਾ ਵਿੱਚ ਲੀਨ ਰਹਿੰਦਾ ਅਤੇ ਸਵੇਰ ਵੇਲੇ ਰਾਜਾ ਦੀ ਸੇਵਾ ਲਈ ਉਸਦੇ ਦਰਵਾਜੇ ਤੇ ਪੁੱਜ ਜਾਂਦਾ। ਇੱਕ ਰਾਤ ਕੁਝ ਸਾਧੂ ਸੈਣ ਕੋਲ ਆਏ ਅਤੇ ਸਾਰੀ ਰਾਤ ਪਰਮਾਤਮਾ ਦੇ ਗੁਣ ਗਾਨ ਵਿੱਚ ਬੀਤ ਗਈ। ਸੈਣ ਸਾਧੂਆਂ ਦੀ ਸੰਗਤ ਨਹੀਂ ਛੱਡ ਸਕਿਆ, ਇਸ ਕਰਕੇ ਅਗਲੀ ਸਵੇਰ ਰਾਜੇ ਦੀ ਸੇਵਾ ਵਿੱਚ ਨਹੀਂ ਪੁੱਜ ਸਕਿਆ। ਪਰਮਾਤਮਾ ਨੇ ਆਪ ਸੈਣ ਦਾ ਰੂਪ ਧਾਰ ਲਿਆ ਤੇ ਰਾਜੇ ਦੀ ਸੇਵਾ ਇਸ ਤਰ੍ਹਾਂ ਕੀਤੀ ਕਿ ਰਾਜਾ ਖੁਸ਼ ਹੋ ਗਿਆ। ਸਾਧੂਆਂ ਨੂੰ ਵਿਦਾਈ ਦੇਕੇ ਸੈਣ ਝਿਜਕਦੇ ਹੋਏ ਰਾਜੇ ਕੋਲ ਮਹਲ ਪਹੁੰਚਿਆ। ਰਾਜੇ ਨੇ ਦੂਰੋਂ ਹੀ ਸੈਣ ਨੂੰ ਦੇਖ ਕੇ ਨੇੜੇ ਸਦ ਲਿਆ। ਰਾਜੇ ਨੇ ਅਪਨੇ ਕੀਮਤੀ ਕਪੜੇ ਉਤਾਰ ਲਏ ਅਤੇ ਭਗਤ ਸੈਣ ਜੀ ਨੂੰ ਭੇਂਟ ਕੀਤੇ। 'ਤੂੰ ਮੈਨੂੰ ਅਪਨੀ ਸੇਵਾ ਨਾਲ ਮੋਹ ਲਿਆ ਹੈ।' – ਰਾਜੇ ਦੇ ਇਹ ਬਚਨ ਸਭ ਨੇ ਸੁਣੇ। ਪਰਮਾਤਮਾ ਆਪ ਹੀ ਅਪਨੇ ਭਗਤਾਂ ਦੀ ਵਡਿਆਈ ਪ੍ਰਗਟ ਕਰਦਾ ਹੈ।

ਭਾਈ ਗੁਰਦਾਸ ਜੀ ਦੀ ਵਾਰ ਵਿਚ ਇਸ ਕਥਨ ਨੂੰ "ਪਰਮਾਤਮਾ ਨੇ ਆਪ ਸੈਣ ਦਾ ਰੂਪ ਧਾਰ ਲਿਆ" ਸ਼ਾਬਦਿਕ ਅਰਥਾਂ ਵਿਚ ਲੈਣਾ ਨਹੀਂ ਬਣਦਾ। ਆਮ ਲੋਕਾਂ ਨਾਲ ਗੱਲ ਬਾਤ ਕਰਨ ਲਈ ਭਾਈ ਗੁਰਦਾਸ ਜੀ ਦਾ ਇਹ ਇਕ ਤਰੀਕਾ ਸੀ। ਵਾਰ ਦਾ ਸਹੀ ਅਰਥ ਤਾਂ ਇਸਦੇ ਅਲੰਕਾਰਕ ਅਰਥਾਂ ਵਿਚ ਹੀ ਸਮਝਿਆ ਜਾ ਸਕਦਾ ਹੈ। ਭਗਤ ਸੈਣ ਜੀ ਪਰਮਾਤਮਾ ਪ੍ਰਤੀ ਇਤਨੇ ਸ਼ਰਧਾਵਾਨ ਸੀ ਅਤੇ ਉਸਦੀ ਨਾਮ-ਭਗਤੀ ਵਿਚ ਇਤਨੇ ਮਗਨ ਸੀ ਕਿ ਪਰਮਾਤਮਾ ਨੇ ਭਗਤ ਸੈਣ ਜੀ ਉੱਪਰ ਆਪਣੀ ਇਤਨੀ ਬਖ਼ਸ਼ਸ਼ ਕੀਤੀ ਕਿ ਉਸਨੂੰ ਰੋਜ਼ਮਰਾ ਦੇ ਕਰਤਵ ਨਿਭਾਉਂਦਿਆਂ ਹੋਇਆਂ ਵੀ ਅਧਿਆਤਮਿਕ ਉਚਾਈਆਂ ਹਾਸਲ ਕਰ ਸਕਣ ਦੇ ਯੋਗ ਬਣਾਇਆ।

ਬ੍ਰਾਹਮਣਾਂ ਦੀਆਂ 'ਉਚੀਆਂ' ਤੇ 'ਨੀਵੀਆਂ' ਵੱਖ ਵੱਖ ਜਾਤਾਂ ਵਿਚੋਂ ਭਗਤ ਸੈਣ ਜੀ ਦੇ ਅਨੇਕਾਂ ਚੇਲੇ ਸਨ। ਉਹਨਾਂ ਵਿਚੋਂ ਉਹਨਾਂ ਦਾ ਇਕ ਪ੍ਰਸਿੱਧ ਚੇਲਾ ਬ੍ਰਾਹਮਣ ਸੀ ਜਿਸਦਾ ਨਾਮ ਕੋਹੜਦਾਸ ਸੀ। ਭਗਤ ਸੈਣ ਜੀ ਨੇ ਉਸਨੂੰ ਧਾਰਮਿਕ ਸਿਖਿਆਵਾਂ ਦਿਤੀਆਂ ਅਤੇ ਜੀਵਨ ਦੇ ਸੱਚੇ ਮਾਰਗ ਬਾਰੇ ਦਸਿਆ। ਭਗਤ ਸੈਣ ਜੀ ਨੇ ਸਮਾਜ ਵਿਚ ਬੇਇਨਸਾਫ਼ੀ ਅਤੇ ਅਨੈਤਿਕ ਕਦਰਾਂ ਕੀਮਤਾਂ ਨੂੰ ਘੱਟ ਕਰ ਸਕਣ ਵਿਚ ਯੋਗਦਾਨ ਪਾਇਆ, ਜਿਵੇਂ ਕਿ ਹਿੰਦੂ ਜਾਤ-ਪਰਣਾਲੀ, ਛੂਤ ਛਾਤ, ਅਤੇ ਅੱਡਰਾਪਣ। ਜਲੰਧਰ ਦੇ ਕਸਬਾ ਫਿਲੌਰ ਦੇ ਪਰਤਾਬ ਨਗਰ ਵਿਚ ਆਪ ਜੀ ਦੀ ਯਾਦ ਵਜੋਂ ਇਕ ਮੰਦਰ 'ਡੇਰਾ ਬਾਬਾ ਸੈਣ ਭਗਤ' ਦੇ ਤੌਰ ਤੇ ਜਾਣਿਆ ਜਾਂਦਾ ਹੈ। ਭਗਤ ਸੈਣ ਜੀ ਦਾ ਦਿਹਾਂਤ ਬਨਾਰਸ ਵਿਖੇ ੧੪੯੦ ਈ: ਵਿਚ ਹੋਇਆ।

*********************

# ੧੯. ਭਗਤ ਧੰਨਾ ਜੀ

ਭਗਤ ਧੰਨਾ ਜੀ (੧੪੧੫-੧੪੭੫ ਈ:) ਦਾ ਜਨਮ ਰਾਜਸਥਾਨ ਰਾਜ ਦੇ ਟੌਂਕ ਜ਼ਿਲਾ ਦੇ ਧੂੰਆਂਨ ਕਲਾਂ ਪਿੰਡ ਦੇ ਇਕ ਕਿਸਾਨ ਪਰਵਾਰ ਵਿਚ ਹੋਇਆ। ਆਪ ਜੀ ਦੇ ਪਿਤਾ ਭਾਈ ਪੰਨਾ ਅਤੇ ਮਾਤਾ ਮਾਈ ਰੇਵਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀਆਂ ਤਿੰਨ ਰਚਨਾਵਾਂ ਹਨ।

**ਭਗਤ ਧੰਨਾ ਜੀ ਦਾ ਪਹਿਲਾ ਸ਼ਬਦ** ਅੰਕ ੪੮੭ ਤੇ ਇਵੇਂ ਹੈ:

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ॥

**ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ॥੧॥ ਰਹਾਉ॥**

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ॥

ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ॥੧॥

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ॥

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ॥੨॥

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥੩॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ॥

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥

ਆਸਾ ਬਾਣੀ ਭਗਤ ਧੰਨੇ ਜੀ ਕੀ, ਅੰਕ ੪੮੭

**ਸਰਲ ਅਰਥ: ਮਾਇਆ ਦੇ ਮੋਹ ਵਿਚ ਭਟਕਦਿਆਂ ਕਈ ਜਨਮ ਗੁਜ਼ਰ ਜਾਂਦੇ ਹਨ, ਇਹ ਸਰੀਰ ਨਾਸ ਹੋ ਜਾਂਦਾ ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਭੀ ਟਿਕਿਆ ਨਹੀਂ ਰਹਿੰਦਾ। ਲੋਭੀ ਜੀਵ ਜ਼ਹਿਰ-ਰੂਪ ਪਦਾਰਥਾਂ ਦੇ ਲਾਲਚ ਵਿਚ, ਕਾਮ-ਵਾਸ਼ਨਾਂ ਵਿਚ, ਰੰਗਿਆ ਰਹਿੰਦਾ ਹੈ, ਇਸ ਦੇ ਮਨ ਵਿਚੋਂ ਅਮੋਲਕ ਪ੍ਰਭੂ ਵਿਸਰ ਜਾਂਦਾ ਹੈ।੧।ਰਹਾਉ।** ਹੇ ਕਮਲੇ ਮਨ! ਇਹ ਜ਼ਹਿਰ-ਰੂਪ ਫਲ ਤੈਨੂੰ ਮਿੱਠੇ ਲੱਗਦੇ ਹਨ, ਤੈਨੂੰ ਸੋਹਣੀ ਵਿਚਾਰ ਨਹੀਂ ਫੁਰਦੀ; ਗੁਣਾਂ ਵਲੋਂ ਹੱਟ ਕੇ ਹੋਰ ਹੋਰ ਕਿਸਮ ਦੀ ਪ੍ਰੀਤ ਤੇਰੇ ਅੰਦਰ ਵਧ ਰਹੀ ਹੈ, ਤੇ ਤੇਰਾ ਜਨਮ ਮਰਨ ਦਾ ਤਾਣਾ ਤਣਿਆ ਜਾ ਰਿਹਾ ਹੈ।੧। ਹੇ ਮਨ! ਤੂੰ ਜੀਵਨ ਦੀ ਜੁਗਤ ਸਮਝ ਕੇ ਇਹ ਜੁਗਤਿ ਆਪਣੇ ਅੰਦਰ ਪੱਕੀ ਨਾਹ ਕੀਤੀ; ਤ੍ਰਿਸ਼ਨਾ ਵਿਚ ਸੜਦੇ ਤੈਨੂੰ ਜਮਾਂ ਦਾ ਜਾਲ, ਜਮਾਂ ਦੇ ਫਾਹੇ ਪੈ ਗਏ ਹਨ। ਹੇ ਮਨ! ਤੂੰ ਵਿਸ਼ੇ-ਰੂਪ ਜ਼ਹਿਰ ਦੇ ਫਲ ਹੀ ਇਕੱਠੇ ਕਰ ਕੇ ਸਾਂਭਦਾ ਰਿਹਾ, ਤੇ ਅਜਿਹਾ ਸਾਂਭਦਾ ਰਿਹਾ ਕਿ ਤੈਨੂੰ ਪਰਮਾਤਮਾ ਭੁੱਲ ਗਿਆ।੨। ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਦਾ ਪ੍ਰਵੇਸ਼-ਰੂਪ ਧਨ ਦਿੱਤਾ, ਉਸ ਦੀ ਸੁਰਤਿ ਪ੍ਰਭੂ ਵਿਚ ਜੁੜ ਗਈ, ਉਸ ਦੇ ਅੰਦਰ ਸ਼ਰਧਾ ਬਣ ਗਈ, ਉਸ ਦਾ ਮਨ ਪ੍ਰਭੂ ਨਾਲ ਇੱਕ-ਮਿੱਕ ਹੋ ਗਿਆ; ਉਸ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਚੰਗੀ ਲੱਗੀ, ਉਸ ਦੀ ਸੁਖ ਨਾਲ ਸਾਂਝ ਬਣ ਗਈ, ਉਹ ਮਾਇਆ ਵਲੋਂ ਚੰਗੀ ਤਰ੍ਹਾਂ ਰੱਜ ਗਿਆ, ਤੇ ਬੰਧਨਾਂ ਤੋਂ ਮੁਕਤ ਹੋ ਗਿਆ।੩। ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਸਰਬ-ਵਿਆਪਕ ਜੋਤਿ ਟਿਕ ਗਈ, ਉਸ ਨੇ ਮਾਇਆ ਵਿਚ ਨਾਹ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ। ਮੈਂ ਧੰਨੇ ਨੇ ਭੀ ਉਸ ਪ੍ਰਭੂ ਦਾ ਨਾਮ-ਰੂਪ ਧਨ ਲੱਭ ਲਿਆ ਹੈ ਜੋ ਸਾਰੀ ਧਰਤੀ ਦਾ ਆਸਰਾ ਹੈ; ਮੈਂ ਧੰਨਾ ਭੀ ਸੰਤ ਜਨਾਂ ਨੂੰ ਮਿਲ ਕੇ ਪ੍ਰਭੂ ਵਿਚ ਲੀਨ ਹੋ ਗਿਆ ਹਾਂ।੪।੧।

ਉਪਰਲੇ ਸ਼ਬਦ ਦੀ ਆਖਰੀ ਤੁਕ ਵਿਚ ਭਗਤ ਧੰਨਾ ਜੀ ਕਹਿੰਦੇ ਹਨ ਕਿ ਆਪ ਜੀ ਨੇ ਧਾਰਮਿਕ ਲੋਕਾਂ ਦੀ ਸੰਗਤ ਵਿਚ ਪਰਮਾਤਮਾ ਦੀ ਪ੍ਰਾਪਤੀ ਕੀਤੀ। ਫਿਰ ਵੀ, ਅਜਿਹੇ ਕਥਨ ਅਤੇ ਇਸ ਸ਼ਬਦ ਦਾ ਅੰਤ੍ਰੀਵ ਭਾਵ ਸਮਝਣ ਲਈ ਇਸਦੇ ਅਲੰਕਾਰਕ ਭਾਵ ਨੂੰ ਸਮਝਣਾ ਜ਼ਰੂਰੀ ਹੈ, ਨਾ ਕਿ ਸ਼ਾਬਦਿਕ ਅਰਥ ਨੂੰ। ਭਗਤ ਧੰਨਾ ਜੀ ਦੇ ਉਪਰਲੇ ਸ਼ਬਦ ਦਾ ਵਿਸਤਾਰ ਕਰਦਿਆਂ, ਗੁਰੂ ਅਰਜਨ ਜੀ ਨੇ ਨਾਲ ਹੀ ਆਪਣਾ ਸ਼ਬਦ ਅੰਕਿਤ ਕੀਤਾ ਹੈ। ਇਹ ਸ਼ਬਦ ਵੀ ਉਸੇ ਵਿਸ਼ੇ ਤੇ ਹੈ ਅਤੇ ਇਹ ਵੀ ਅੰਕ ੪੮੭ ਤੇ ਹੀ ਇਸਤਰ੍ਹਾਂ ਹੈ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ ਰਹਾਉ॥

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥੨॥ ਆਸਾ ਮ:੫, ਅੰਕ ੪੮੭

**ਸ਼ਰਲ ਅਰਥ: ਭਗਤ ਨਾਮਦੇਵ ਜੀ ਦਾ ਮਨ ਸਦਾ ਪਰਮਾਤਮਾ ਨਾਲ ਜੁੜਿਆ ਰਹਿੰਦਾ ਸੀ ਉਸ ਹਰ ਵੇਲੇ ਦੀ ਯਾਦ ਦੀ ਬਰਕਤਿ ਨਾਲ ਅੱਧੀ ਕੌਡੀ ਦਾ ਗਰੀਬ ਛੀਂਬਾ, ਮਾਨੋ ਲਖਪਤੀ ਬਣ ਗਿਆ ਕਿਉਂਕਿ ਉਸ ਨੂੰ ਕਿਸੇ ਦੀ ਮੁਥਾਜੀ ਨਾਹ ਰਹੀ।੧।ਰਹਾਉ।** ਕੱਪੜਾ ਉਣਨ ਤਾਣਾ ਤਣਨ ਦੀ ਲਗਨ ਛੱਡ ਕੇ ਕਬੀਰ ਨੇ ਪ੍ਰਭੂ-ਚਰਨਾਂ ਨਾਲ ਲਗਨ ਲਾ ਲਈ; ਨੀਵੀਂ ਜਾਤਿ ਦਾ ਗਰੀਬ ਜੁਲਾਹਾ ਸੀ, ਗੁਣਾਂ ਦਾ ਸਮੁੰਦਰ ਬਣ ਗਿਆ।੧। ਰਵਿਦਾਸ ਪਹਿਲਾਂ ਨਿੱਤ ਮੋਏ ਹੋਏ ਪਸ਼ੂ ਢੋਂਦਾ ਸੀ, ਪਰ ਜਦੋਂ ਉਸ ਨੇ ਮਾਇਆ ਦਾ ਮੋਹ ਛੱਡ ਦਿੱਤਾ, ਸਾਧ ਸੰਗਤਿ ਵਿਚ ਰਹਿ ਕੇ ਉੱਘਾ ਹੋ ਗਿਆ, ਉਸ ਨੂੰ ਪਰਮਾਤਮਾ ਦਾ ਦਰਸ਼ਨ ਹੋ ਗਿਆ।੨। ਸੈਣ ਜਾਤਿ ਦਾ ਨਾਈ ਲੋਕਾਂ ਦੀਆਂ ਬੁੱਤੀਆਂ ਕੱਢਣ ਵਾਲਾ ਸੀ, ਉਸ ਦੀ ਘਰ ਘਰ ਸੋਭਾ ਹੋ ਤੁਰੀ, ਉਸ ਦੇ ਹਿਰਦੇ ਵਿਚ ਪਰਮਾਤਮਾ ਵੱਸ ਪਿਆ ਤੇ ਉਹ ਭਗਤਾਂ ਵਿਚ ਗਿਣਿਆ ਜਾਣ ਲੱਗ ਪਿਆ।੩। ਇਸ ਤਰ੍ਹਾਂ ਦੀ ਗੱਲ ਸੁਣ ਕੇ ਗਰੀਬ ਧੰਨਾ ਜੱਟ ਭੀ ਉੱਠ ਕੇ ਭਗਤੀ ਕਰਨ ਲੱਗਾ, ਉਸ ਨੂੰ ਪਰਮਾਤਮਾ ਦਾ ਸਾਖਿਆਤ ਦੀਦਾਰ ਹੋਇਆ ਤੇ ਉਹ ਵੱਡੇ ਭਾਗਾਂ ਵਾਲਾ ਬਣ ਗਿਆ।੪।੨।

ਇਸ ਸ਼ਬਦ ਵਿਚ ਗੁਰੂ ਅਰਜਨ ਜੀ ਸਪਸ਼ਟ ਤੌਰ ਤੇ ਕਹਿੰਦੇ ਹਨ ਕਿ ਬਹੁਤੇ ਭਗਤ – ਨਾਮਦੇਵ, ਕਬੀਰ, ਰਵਿਦਾਸ, ਸੈਣ, ਅਤੇ ਧੰਨਾ – ਨੂੰ ਗਿਆਨ-ਪ੍ਰਾਪਤੀ, ਪ੍ਰਮੁੱਖਤਾ, ਪਰਮਾਤਮਾ ਦੀ ਪ੍ਰਾਪਤੀ, ਅਤੇ ਸਾਧ ਸੰਗਤ ਪਾਸੋਂ ਆਦਰ-ਮਾਣ ਪਰਮਾਤਮਾ ਦੀ ਲਗਾਤਾਰ ਭਗਤੀ ਕਰਨ ਕਰਕੇ ਹਾਸਲ ਹੋਇਆ। ਭਗਤ ਧੰਨਾ ਜੀ ਦਾ ਪਰਮਾਤਮਾ ਨਾਲ ਮਿਲਾਪ ਸ਼ਰੀਰਿਕ ਰੂਪ ਵਿੱਚ ਨਹੀਂ ਹੋਇਆ। ਗੁਰੂ ਅਰਜਨ ਜੀ ਕਹਿੰਦੇ ਹਨ ਕਿ ਬਾਕੀ ਭਗਤਾਂ ਨੇ ਵੀ ਧਾਰਮਿਕ ਲੋਕਾਂ ਦੀ ਸੰਗਤ ਵਿਚ ਪਰਮਾਤਮਾ ਦੀ ਭਗਤੀ ਕੀਤੀ ਸੀ, ਅਤੇ ਜਦੋਂ ਭਗਤ ਧੰਨਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਆਪ ਨੂੰ ਧੰਨ ਸਮਝਿਆ ਅਤੇ ਉਹਨਾਂ ਵਾਂਗੂੰ ਹੀ ਧਾਰਮਿਕ ਲੋਕਾਂ ਦੀ ਸੰਗਤ ਵਿਚ ਪਰਮਾਤਮਾ ਦੀ ਪੂਜਾ ਕਰਨੀ ਸ਼ੁਰੂ ਕੀਤੀ।

ਭਗਤ ਧੰਨਾ ਜੀ ਦੀ ਦੂਜੀ ਰਚਨਾ ਇਵੇਂ ਹੈ:

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ॥

**ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ॥੧॥ ਰਹਾਉ॥**

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥

ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥੨॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥੩॥੩॥ ਆਸਾ ਮ: ੫, ਅੰਕ ੪੮੮

**ਸ਼ਰਲ ਅਰਥ: ਹੇ ਮੇਰੇ ਮਨ! ਦਇਆ ਦੇ ਘਰ ਪਰਮਾਤਮਾ ਨੂੰ ਤੂੰ ਕਿਉਂ ਨਹੀਂ ਸਿਮਰਦਾ? ਵੇਖੀਂ ਤੂੰ ਕਿਸੇ ਹੋਰ ਤੇ ਆਸ ਨਾਹ ਲਾਈ ਰੱਖੀਂ। ਜੇ ਤੂੰ ਸਾਰੀ ਸ੍ਰਿਸ਼ਟੀ ਦੇ ਦੇਸਾਂ ਪਰਦੇਸਾਂ ਵਿਚ ਭੀ ਭਟਕਦਾ ਫਿਰੇਂਗਾ, ਤਾਂ ਭੀ ਉਹੀ ਕੁਝ ਹੋਵੇਗਾ ਜੋ ਪਰਮਾਤਮਾ ਕਰੇਗਾ।੧।ਰਹਾਉ।** ਮਾਂ ਦੇ ਪੇਟ ਦੇ ਜਲ ਵਿਚ ਉਸ ਪ੍ਰਭੂ ਨੇ ਸਾਡਾ ਦਸ ਸੋਤਾਂ ਵਾਲਾ ਸਰੀਰ ਬਣਾ ਦਿੱਤਾ; ਖ਼ੁਰਾਕ ਦੇ ਕੇ ਮਾਂ ਦੇ ਪੇਟ ਦੀ ਅੱਗ ਵਿਚ ਉਹ ਸਾਡੀ ਰੱਖਿਆ ਕਰਦਾ ਹੈ ਵੇਖ, ਹੇ ਮਨ! ਉਹ ਸਾਡਾ ਮਾਲਕ ਇਹੋ ਜਿਹਾ ਦਿਆਲ ਹੈ।੧। ਕਛੂ-ਕੁੰਮੀ ਪਾਣੀ ਵਿਚ ਰਹਿੰਦੀ ਹੈ, ਉਸ ਦੇ ਬੱਚੇ ਬਾਹਰ ਰੇਤੇ ਉਤੇ ਰਹਿੰਦੇ ਹਨ, ਨਾਹ ਬੱਚਿਆਂ ਨੂੰ ਖੰਭ ਹਨ ਕਿ ਉੱਡ ਕੇ ਕੁਝ ਖਾ ਲੈਣ, ਨਾਹ ਕਛੂ-ਕੁੰਮੀ ਨੂੰ ਥਣ ਹਨ ਕਿ ਬੱਚਿਆਂ ਨੂੰ ਦੁੱਧ ਪਿਆਵੇ; ਪਰ ਹੇ ਜਿੰਦੇ! ਮਨ ਵਿਚ ਵਿਚਾਰ ਕੇ ਵੇਖ, ਉਹ ਸੁੰਦਰ ਪਰਮਾਨੰਦ ਪੂਰਨ ਪ੍ਰਭੂ ਉਹਨਾਂ ਦੀ ਪਾਲਣਾ ਕਰਦਾ ਹੈ। ਪੱਥਰ ਵਿਚ ਕੀੜਾ ਲੁਕਿਆ ਹੋਇਆ ਰਹਿੰਦਾ ਹੈ ਪੱਥਰ ਵਿਚੋਂ ਬਾਹਰ ਜਾਣ ਲਈ ਉਸ ਦਾ ਕੋਈ ਰਾਹ ਨਹੀਂ;ਪਰ ਉਸ ਦਾ ਪਾਲਣ ਵਾਲਾ ਭੀ ਪੂਰਨ ਪਰਮਾਤਮਾ ਹੈ; ਧੰਨਾ ਆਖਦਾ ਹੈ- ਹੇ ਜਿੰਦੇ! ਤੂੰ ਭੀ ਨਾਹ ਡਰ।੩।੩।

ਇਸਤਰ੍ਹਾਂ ਭਗਤ ਧੰਨਾ ਜੀ ਦੀ ਇਸ ਰਚਨਾ ਦਾ ਸਾਰੰਸ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ ਦੀ ਸਿਖਿਆ ਅਨੁਸਾਰ ਹੀ ਹੈ।

**ਭਗਤ ਧੰਨਾ ਜੀ ਦੀ ਤੀਜੀ ਰਚਨਾ ਅਕਸਰ ਆਰਤੀ ਸ਼ਬਦਾਂ ਦੇ ਨਾਲ ਹੀ ਪੜ੍ਹੀ/ਗਾਈ** ਜਾਂਦੀ ਹੈ:

**ਗੋਪਾਲ ਤੇਰਾ ਆਰਤਾ॥**

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ ਰਹਾਉ॥**

ਦਾਲਿ ਸੀਧਾ ਮਾਗਉ ਘੀਉ॥ਹਮਰਾ ਖੁਸੀ ਕਰੈ ਨਿਤ ਜੀਉ॥

ਪਨੑੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥੧॥

ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥੨॥੪॥ ਧਨਾਸਰੀ ਭਗਤ ਧੰਨਾ ਜੀ, ਅੰਕ ੬੯੫

ਸਰਲ ਅਰਥ: ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ! ਮੈਂ ਤੇਰੇ ਦਰ ਦਾ ਮੰਗਤਾ ਹਾਂ ਮੇਰੀਆਂ ਲੋੜਾਂ ਪੂਰੀਆਂ ਕਰ; ਜੋ ਜੋ ਮਨੁੱਖ ਤੇਰੀ ਭਗਤੀ ਕਰਦੇ ਹਨ ਤੂੰ ਉਹਨਾਂ ਦੇ ਕੰਮ ਸਿਰੇ ਚਾੜ੍ਹਦਾ ਹੈਂ।੧।ਰਹਾਉ। ਮੈਂ ਤੇਰੇ ਦਰ ਤੋਂ ਦਾਲ, ਆਟਾ ਤੇ ਘਿਉ ਮੰਗਦਾ ਹਾਂ, ਜੋ ਮੇਰੀ ਜਿੰਦ ਨੂੰ ਨਿੱਤ ਸੁਖੀ ਰੱਖੇ, ਜੁੱਤੀ ਤੇ ਸੋਹਣਾ ਕੱਪੜਾ ਭੀ ਮੰਗਦਾ ਹਾਂ, ਤੇ ਸੱਤਾਂ ਸੀਆਂ ਦਾ ਅੰਨ ਭੀ ਤੈਥੋਂ ਹੀ ਮੰਗਦਾ ਹਾਂ।੧। ਹੇ ਗੋਪਾਲ! ਮੈਂ ਗਾਂ ਮਹਿੰ ਲਵੇਰੀ ਭੀ ਮੰਗਦਾ ਹਾਂ, ਤੇ ਇਕ ਚੰਗੀ ਅਰਬੀ ਘੋੜੀ ਭੀ ਚਾਹੀਦੀ ਹੈ। ਮੈਂ ਤੇਰਾ ਦਾਸ ਧੰਨਾ ਤੈਥੋਂ ਮੰਗ ਕੇ ਘਰ ਦੀ ਚੰਗੀ ਇਸਤ੍ਰੀ ਭੀ ਲੈਂਦਾ ਹਾਂ।੨।੧।

'ਆਰਤਾ' ਸ਼ਬਦ 'ਆਰਤੀ' ਸ਼ਬਦ ਦੇ ਸੁਰ ਨਾਲ ਮਿਲਦਾ ਹੈ ਅਤੇ 'ਆਰਤੀ' ਵਿਚ ਹੀ ਗਾਇਆ ਜਾਂਦਾ ਹੈ। 'ਆਰਤਾ' ਸ਼ਬਦ ਸੰਸਕ੍ਰਿਤ ਵਿਚੋਂ ਹੈ ਜਿਸਦਾ ਅਰਥ 'ਭਿਖਾਰੀ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ ੬੯੫ ਤੇ ਭਗਤ ਧੰਨਾ ਜੀ ਦੇ ਇਸ ਸ਼ਬਦ ਦਾ ਹਿੰਦੂ ਆਰਤੀ ਨਾਲ ਕੋਈ ਸਬੰਧ ਨਹੀਂ ਹੈ। ਇਸ ਸ਼ਬਦ ਵਿਚ ਕਿਸੇ ਫੁੱਲ, ਧੂਪ, ਦੀਵਾ ਆਦਿਕ ਦਾ ਜ਼ਿਕਰ ਨਹੀਂ ਹੈ ਜੋ ਕਿ ਆਮ ਆਰਤੀ ਕਰਨ ਵੇਲੇ ਹਿੰਦੂ ਜ਼ਰੂਰੀ ਸਮਝੇ ਜਾਂਦੇ ਹਨ। ਇਸ ਦੀ ਬਜਾਏ, ਭਗਤ ਧੰਨਾ ਜੀ ਪਰਮਾਤਮਾ ਪਾਸੋਂ ਉਹਨਾਂ ਵਸਤੂਆਂ ਦੀ 'ਮੰਗ' ਕਰਦੇ ਹਨ ਜੋ ਜੀਵਨ ਬਸਰ ਕਰਨ ਲਈ ਘਰ ਵਿਚ ਜ਼ਰੂਰੀ ਹਨ।

ਇਹ ਸੱਚ ਹੈ ਕਿ ਪਰਮਾਤਮਾ ਸਾਨੂੰ ਬਿਨਾਂ ਮੰਗਿਆਂ ਸਭ ਕੁਝ ਦਿੰਦਾ ਹੈ। ਫਿਰ ਵੀ, ਇਸ ਜੀਵਨ ਵਿਚ ਚੰਗੀ ਤਰ੍ਹਾਂ ਜੀਊਣ ਲਈ ਜ਼ਰੂਰੀ ਵਸਤੂਆਂ ਦੇ ਮੰਗਣ ਵਿਚ ਕੋਈ ਰੋਕ-ਰੁਕਾਵਟ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਘੱਟ ਸ਼ਬਦ ਹਨ ਜਿਹਨਾਂ ਰਾਹੀਂ ਕੋਈ ਸ਼ਰਧਾਲੂ ਚੰਗਾ ਜੀਵਨ ਜੀਊਣ ਲਈ ਜ਼ਰੂਰੀ ਵਸਤੂਆਂ ਦੀ ਮੰਗ ਕਰਦਾ ਹੋਵੇ। ਇਹ ਵੀ ਦੇਖਿਆ ਜਾਣਾ ਚਾਹੀਦਾ ਹੈ ਕਿ ਸਾਨੂੰ ਮੁਢਲੀਆਂ ਵਸਤੂਆਂ ਲਈ ਹੀ ਮੰਗ ਕਰਨੀ ਚਾਹੀਦੀ ਹੈ, ਨਾ ਕਿ ਐਸ਼ੋ-ਆਰਾਮ ਦੀਆਂ ਵਸਤੂਆਂ ਲਈ। ਨਾਲ ਹੀ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਕੋਲੋਂ ਕੁਝ ਨਹੀਂ ਮੰਗਣਾ ਚਾਹੀਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਵੇਂ ਕਿ, ਉਦਾਹਰਣ ਦੇ ਤੌਰ ਤੇ, ਕਿਹਾ ਹੈ:

- ਮਾਂਗਉ ਰਾਮ ਤੇ ਸਭਿ ਥੋਕ॥

  ਮਾਨੁਖ ਕਉ ਜਾਚਤ ਸ੍ਰਮ ਪਾਈਐ, ਪ੍ਰਭੂ ਕੈ ਸਿਮਰਨ ਮੋਖ॥ ਰਹਾਉ॥

ਧਨਾਸਰੀ ਮ: ੫, ਅੰਕ ੬੮੨

ਸਰਲ ਅਰਥ: ਹੇ ਭਾਈ! ਮੈਂ ਤਾਂ ਸਾਰੇ ਪਦਾਰਥ ਪਰਮਾਤਮਾ ਤੋਂ ਹੀ ਮੰਗਦਾ ਹਾਂ। ਮਨੁੱਖਾਂ ਪਾਸੋਂ ਮੰਗਦਿਆਂ ਨਿਰੀ ਖੇਚਲ ਹੀ ਹਾਸਲ ਹੁੰਦੀ ਹੈ, ਦੂਜੇ ਪਾਸੇ, ਪਰਮਾਤਮਾ ਦੇ ਸਿਮਰਨ ਦੀ ਰਾਹੀਂ

ਪਦਾਰਥ ਭੀ ਮਿਲਦੇ ਹਨ, ਤੇ ਮਾਇਆ ਦੇ ਮੋਹ ਤੋਂ ਖ਼ਲਾਸੀ ਭੀ ਪ੍ਰਾਪਤ ਹੋ ਜਾਂਦੀ ਹੈ।੧।ਰਹਾਉ।

- ਮੈ ਤਾਣ ਦੀਬਾਣ ਤੂ ਹੈ ਮੇਰੇ ਸੁਆਮੀ, ਮੈ ਤੁਧੁ ਆਗੈ ਅਰਦਾਸਿ॥

  ਮੈ ਹੋਰ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ, ਮੇਰਾ ਦੁਖੁ ਸੁਖੁ ਤੁਧ ਹੀ ਪਾਸਿ॥੧॥੧੨॥

ਸੂਹੀ ਮ: ੪, ਅੰਕ ੭੩੫

**ਸਰਲ ਅਰਥ:** ਹੇ ਮੇਰੇ ਮਾਲਕ! ਤੂੰ ਹੀ ਮੇਰੇ ਵਾਸਤੇ ਬਲ ਹੈਂ, ਤੂੰ ਹੀ ਮੇਰੇ ਵਾਸਤੇ ਆਸਰਾ ਹੈਂ। ਮੈਂ ਤੇਰੇ ਅੱਗੇ ਹੀ ਅਰਜ਼ੋਈ ਕਰ ਸਕਦਾ ਹਾਂ। ਮੇਰੇ ਵਾਸਤੇ ਕੋਈ ਹੋਰ ਅਜੇਹਾ ਥਾਂ ਨਹੀਂ, ਜਿਸ ਕੋਲ ਮੈਂ ਬੇਨਤੀ ਕਰ ਸਕਾਂ। ਮੈਂ ਆਪਣਾ ਹਰੇਕ ਸੁਖ ਹਰੇਕ ਦੁੱਖ ਤੇਰੇ ਕੋਲ ਹੀ ਪੇਸ਼ ਕਰ ਸਕਦਾ ਹਾਂ।੨।

ਭਾਈ ਗੁਰਦਾਸ ਜੀ ਨੇ ਇੱਕ ਵਾਰ ਵਿਚ ਪਰਮਾਤਮਾ ਦੀ ਪ੍ਰਾਪਤੀ ਲਈ ਇਨਸਾਨ ਨੂੰ ਮਾਸੂਮ ਅਤੇ ਸੱਚਾ ਸੁੱਚਾ ਹੋਣਾ ਦਸਿਆ ਹੇ। ਆਪਣੇ ਨੁੱਕਤੇ ਨੂੰ ਸਾਰਥਿਕ ਕਰਨ ਲਈ ਭਾਈ ਗੁਰਦਾਸ ਜੀ ਭਗਤ ਧੰਨਾ ਜੀ ਦੇ ਜੀਵਨ ਨਾਲ ਮਿਲਦੀ ਇਕ ਪ੍ਰਚਲਤ ਮਿਥਿਹਾਸਕ ਕਥਾ ਦਾ ਵਰਨਣ ਕਰਦੇ ਹਨ। ਵਾਰ ਵਿਚ ਇਸਦਾ ਵਰਨਣ ਇੰਜ ਹੈ:

ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।
ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
**ਭੋਲਾ ਭਾਉ ਗੋਬਿੰਦੁ ਮਿਲਾਵੈ** ॥੧੩॥ ਭਾਈ ਗੁਰਦਾਸ, ਵਾਰ ੧੦.੧੩

**ਸਰਲ ਅਰਥ:** ਜਿੱਥੇ ਧੰਨਾਂ ਆਪਣੀ ਗਾਂ ਨੂੰ ਚਰਾਉਂਦਾ ਸੀ ਉੱਥੇ ਇੱਕ ਬ੍ਰਾਹਮਣ ਦੇਵਤਿਆਂ ਦੀ ਪੱਥਰ ਦੀਆਂ ਮੂਰਤੀਆਂ ਦੇ ਰੂਪ ਵਿੱਚ ਪੂਜਾ ਕਰਦਾ ਸੀ। ਪੂਜਾ ਦੇਖ ਕੇ ਧੰਨੇ ਨੇ ਬ੍ਰਾਹਮਣ ਨੂੰ ਪੁਛਿਆ ਕਿ ਉਹ ਕੀ ਕਰ ਰਿਹਾ ਸੀ। ਬ੍ਰਾਹਮਣ ਨੇ ਜਵਾਬ ਦਿੱਤਾ 'ਠਾਕੁਰ ਦੀ ਸੇਵਾ ਨਾਲ ਮਨ ਇੱਛਾ ਫਲ ਮਿਲਦਾ ਹੈ।' ਧੰਨੇ ਨੇ ਬੇਨਤੀ ਕੀਤੀ ਕਿ ਜੇ ਤੁਸੀਂ ਠੀਕ ਸਮਝੋ ਤਾਂ ਕਿਰਪਾ ਕਰਕੇ ਮੈਨੂੰ ਇਕ ਠਾਕੁਰ ਦਿਓ। ਬ੍ਰਾਹਮਣ ਨੇ ਛੁਟਕਾਰਾ ਪਾਉਣ ਲਈ ਇੱਕ ਪੱਥਰ ਨੂੰ ਘੰਟੀ

ਨਾਲ ਬਨ ਦਿੱਤਾ ਅਤੇ ਧੰਨੇ ਨੂੰ ਦੇ ਦਿੱਤਾ। ਧੰਨੇ ਨੇ ਠਾਕੁਰ ਨੂੰ ਇਸ਼ਨਾਨ ਕਰਵਾਇਆ ਅਤੇ ਰੋਟੀ ਅਤੇ ਮੱਖਣ ਭੇਂਟ ਕੀਤਾ। ਹੱਥ ਜੋੜ ਕੇ ਪੱਥਰ ਦੇ ਪੈਰਾਂ ਤੇ ਡਿਗ ਪਿਆ ਅਤੇ ਅਪਨੀ ਸੇਵਾ ਪ੍ਰਵਾਨ ਕਰਨ ਦੀ ਬੇਨਤੀ ਕੀਤੀ। ਧੰਨੇ ਨੇ ਕਿਹਾ, 'ਮੈਂ ਵੀ ਨਹੀਂ ਖਾਵਾਂਗਾ ਕਿਉਕਿ ਜੇ ਤੁਸੀਂ ਨਾਰਾਜ ਹੋ ਤਾਂ ਮੈਂ ਕਿਵੇਂ ਖੁਸ਼ ਹੋ ਸਕਦਾ ਹਾਂ।' ਉਸਦੀ ਸੱਚੀ ਅਤੇ ਪਿਆਰ ਭਰੀ ਸ਼ਰਧਾ ਨੂੰ ਵੇਖ ਕੇ ਪਰਮਾਤਮਾ ਨੂੰ ਮਜਬੂਰ ਹੋਕੇ ਪ੍ਰਗਟ ਹੋਣਾ ਪਿਆ ਅਤੇ ਉਸਦੀ ਰੋਟੀ ਅਤੇ ਮੱਖਣ ਖਾਣਾ ਪਿਆ। ਅਸਲ ਵਿੱਚ, ਧੰਨੇ ਵਰਗੀ ਮਾਸੂਮਤਾ ਨਾਲ ਪਰਮਾਤਮਾ ਦੀ ਨੇੜਤਾ ਮਿਲ ਸਕਦੀ ਹੈ।

ਇਸ ਵਾਰ ਵਿਚ ਇਕ ਬ੍ਰਾਹਮਣ ਅਤੇ ਭਗਤ ਧੰਨਾ ਜੀ ਵਿਚਕਾਰ ਗੱਲਬਾਤ ਦੱਸੀ ਗਈ ਹੈ ਕਿ ਪਰਮਾਤਮਾ ਆਪ ਕਿਸੇ ਤਰ੍ਹਾਂ 'ਖਾਣਾ ਜਾਂ ਮੱਖਣ' ਦਾ ਸੇਵਨ ਕਰਨ ਲਈ ਪਰਗਟ ਨਹੀਂ ਹੁੰਦਾ। ਸੋ ਇਸ ਵਾਰ ਨੂੰ ਵੀ ਅਲੰਕਾਰਕ ਰੂਪ ਵਿਚ ਹੀ ਸਮਝਿਆ ਜਾਣਾ ਚਾਹੀਦਾ ਹੈ, ਨਾ ਕਿ ਸ਼ਾਬਦਿਕ ਅਰਥਾਂ ਵਿਚ। ਇਸਦਾ ਸੰਦੇਸ਼ ਇਹੀ ਹੈ ਕਿ ਪਰਮਾਤਮਾ ਪ੍ਰਤੀ ਸੱਚੇ ਸੁੱਚੇ ਸਨੇਹ ਰਾਹੀਂ ਹੀ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਇਹ ਸਾਰੰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦੇ ਬਿਲਕੁਲ ਅਨੁਕੂਲ ਹੈ।

*******************

# ੨੦. ਭਗਤ ਪੀਪਾ ਜੀ

ਭਗਤ ਪੀਪਾ ਜੀ (੧੪੨੫-ਅਣਜਾਣ ਈ:) ਰਾਜਸਤਨ ਪ੍ਰਦੇਸ਼ ਦੇ ਇਕ ਸ਼ਾਹੀ ਰਾਜਪੂਤ ਪਰਵਾਰ ਦੀ 'ਖਤਰੀ ਜਾਤੀ' ਵਿਚ ਗਗਰੌਨ ਗੜ੍ਹ ਵਿਚ ਪੈਦਾ ਹੋਏ। ਇਹ ਨਗਰ ਅੱਜ ਕਲ੍ਹ ਰਾਜਸਥਾਨ ਦੇ ਝਾਲਾਵਾਰ ਜ਼ਿਲੇ ਵਜੋਂ ਜਾਣਿਆ ਜਾਂਦਾ ਹੈ। ਆਪ ਜੀ ਨੌ-ਜੁਆਨ ਆਯੂ ਵਿਚ ਆਪਣੇ ਪਿਤਾ ਤੋਂ ਬਾਅਦ ਗਗਰੌਨ ਗੜ੍ਹ ਦੇ ਰਾਜਾ ਬਣੇ। ਪਰ ਆਪ ਜੀ ਨੇ ਇਕ ਰਹੱਸਵਾਦੀ ਕਵੀ ਬਣਨ ਹਿਤ ਸਿੰਘਾਸਨ ਨੂੰ ਤਿਆਗ ਦਿਤਾ।

ਆਪ ਜੀ ਇਕ ਲੋਕ-ਹਿਤੈਸ਼ੀ ਅਤੇ ਪਾਕਿ-ਦਿਲ ਇਨਸਾਨ ਸਨ, ਜਿਹਨਾਂ ਨੇ ਧਾਰਮਿਕ ਲੋਕਾਂ ਦੀ ਦਿਲ-ਜਾਨ ਨਾਲ ਸੇਵਾ ਕੀਤੀ। ਭਗਤ ਪੀਪਾ ਜੀ ਕਿਸੇ ਅਧਿਆਤਮਿਕ ਅਤੇ ਧੀਰਜਵਾਨ ਵਿਅੱਕਤੀ ਦੀ ਭਾਲ ਵਿਚ ਸਨ, ਅਤੇ ਕਹਿੰਦੇ ਸਨ ਕਿ ਪਰਮਾਤਮਾ ਦੀ ਭਾਲ ਆਪਣੇ ਅੰਦਰੋਂ ਹੀ ਕਰਨੀ ਚਾਹੀਦੀ ਹੈ। ਆਪ ਜੀ ਬਨਾਰਸ ਚਲੇ ਗਏ ਅਤੇ ਭਗਤ ਰਾਮਾਨੰਦ ਜੀ ਨੂੰ ਆਪਣਾ ਮਾਰਗ-ਦਰਸ਼ਕ ਬਣਾਇਆ। ਉਹਨਾਂ ਦੀ ਧਾਰਨਾ ਸੀ ਕਿ ਹੋਰ ਕਿਧਰੇ ਬਾਹਰੀ ਦੁਨੀਆਂ ਵਿਚੋਂ ਪਰਮਾਤਮਾ ਨੂੰ ਨਹੀਂ ਲੱਭਿਆ ਜਾ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦਾ ਇਕ ਹੀ ਸ਼ਬਦ ਹੈ। ਆਪ ਜੀ ਕਹਿੰਦੇ ਹਨ ਕਿ ਇਹ ਸਰੀਰ ਹੀ ਪਰਮਾਤਮਾ ਦਾ ਮੰਦਰ ਹੈ। ਪਰਮਾਤਮਾ ਨੂੰ ਲੱਭਣ ਲਈ ਅੰਦਰ ਵੱਲ ਹੀ ਝਾਕਣਾ ਚਾਹੀਦਾ ਹੈ। ਉਸ ਲਈ ਪੱਥਰ ਦੇ ਕੋਈ ਬੁੱਤ ਨਹੀਂ ਬਨਾਉਣੇ ਚਾਹੀਦੇ, ਅਤੇ ਨਾ ਹੀ ਉਸਦੇ ਸਾਹਮਣੇ ਕੋਈ ਅਗਰਬੱਤੀਆ ਜਾਂ ਮੋਮ ਬੱਤੀਆਂ ਜਗਾਉਣੀਆਂ ਚਾਹੀਦੀਆਂ ਹਨ।

ਭਗਤ ਪੀਪਾ ਜੀ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ ੬੯੫ ਤੇ ਇਵੇਂ ਹੈ:

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ॥੧॥

**ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ॥**

**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥੧॥ ਰਹਾਉ॥**

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥੨॥੩॥

ਧਨਾਸਰੀ ਭਗਤ ਪੀਪਾ ਜੀ, ਅੰਕ ੬੯੫

**ਸਰਲ ਅਰਥ: ਦੇਸ ਦੇਸਾਂਤਰਾਂ ਨੂੰ ਖੋਜ ਕੇ ਆਖ਼ਰ ਆਪਣੇ ਸਰੀਰ ਦੇ ਅੰਦਰ ਹੀ ਮੈਂ ਪ੍ਰਭੂ ਦਾ ਨਾਮ-ਰੂਪ ਨੌ ਨਿਧੀ ਲੱਭ ਲਈ ਹੈ, ਹੁਣ ਮੇਰੀ ਕਾਇਆਂ ਵਿਚ ਪਰਮਾਤਮਾ ਦੀ ਯਾਦ ਦਾ ਹੀ ਤੇਜ-ਪ੍ਰਤਾਪ ਹੈ, ਉਸ ਦੀ ਬਰਕਤਿ ਨਾਲ ਮੇਰੇ ਲਈ ਨਾ ਕੁਝ ਜੰਮਦਾ ਹੈ ਨਾਹ ਮਰਦਾ ਹੈ ਭਾਵ, ਮੇਰਾ ਜਨਮ ਮਰਨ ਮਿਟ ਗਿਆ ਹੈ।੧।ਰਹਾਉ।** ਸੋ ਕਾਇਆਂ ਦੀ ਖੋਜ ਹੀ ਮੇਰਾ ਦੇਵਤਾ ਹੈ ਜਿਸ ਦੀ ਮੈਂ ਆਰਤੀ ਕਰਨੀ ਹੈ, ਸਰੀਰ ਦੀ ਖੋਜ ਹੀ ਮੇਰਾ ਮੰਦਰ ਹੈ ਜਿਥੇ ਮੈਂ ਸਰੀਰ ਅੰਦਰ ਵੱਸਦੇ ਪ੍ਰਭੂ ਦੀ ਆਰਤੀ ਕਰਦਾ ਹਾਂ, ਕਾਇਆਂ ਦੀ ਖੋਜ ਹੀ ਮੈਂ ਜੰਗਮ ਅਤੇ ਜਾਤ੍ਰੂ ਲਈ ਤੀਰਥ ਦੀ ਜਾਤ੍ਰਾ ਹੈ। ਸਰੀਰ ਦੀ ਖੋਜ ਹੀ ਮੇਰੇ ਵਾਸਤੇ ਮੇਰੇ ਅੰਦਰ ਵੱਸਦੇ ਦੇਵਤੇ ਲਈ ਧੂਪ ਦੀਪ ਤੇ ਨੈਵੇਦ ਹੈ, ਕਾਇਆ ਦੀ ਖੋਜ ਕਰ ਕੇ ਹੀ, ਮੈਂ ਮਾਨੋ, ਪੱਤਰ ਭੇਟ ਰੱਖ ਕੇ ਆਪਣੇ ਅੰਦਰ ਵੱਸਦੇ ਇਸ਼ਟ ਦੇਵ ਦੀ ਪੂਜਾ ਕਰ ਰਿਹਾ ਹਾਂ।੧। ਪੀਪਾ ਬੇਨਤੀ ਕਰਦਾ ਹੈ-ਜੋ ਸ੍ਰਿਸ਼ਟੀ ਦਾ ਰਚਣਹਾਰ ਪਰਮਾਤਮਾ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ ਉਹੀ ਮਨੁੱਖਾ ਸਰੀਰ ਵਿਚ ਹੈ, ਜੋ ਮਨੁੱਖ ਖੋਜ ਕਰਦਾ ਹੈ ਉਹ ਉਸ ਨੂੰ ਲੱਭ ਲੈਂਦਾ ਹੈ, ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਹੀ ਦਰਸ਼ਨ ਕਰਾ ਦੇਂਦਾ ਹੈ।੨।੧।

ਭਗਤ ਪੀਪਾ ਜੀ ਆਪਣੀ ਰਚਨਾ ਵਿਚ ਚਾਰ ਨੁੱਕਤਿਆਂ ਤੇ ਜ਼ੋਰ ਦਿੰਦੇ ਹਨ:

੧. ਪਰਮਾਤਮਾ ਨੂੰ ਬਨਾਵਟੀ ਰੂਪ ਵਿਚ ਨਾ ਯਾਦ ਕਰੋ। ਸੱਚੀ ਸ਼ਰਧਾ ਨਾਲ ਯਾਦ ਕਰੋ।
੨. ਪਰਮਾਤਮਾ ਨੂੰ ਯਾਦ ਕਰਨਾ ਹੀ ਸਹੀ ਪੂਜਾ ਹੈ।
੩. ਪਰਮਾਤਮਾ ਹਰ ਕਿਸੇ ਦੇ ਅੰਦਰ ਵੱਸਦਾ ਹੈ ਅਤੇ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ। ਉਹ ਸਾਰੇ ਬ੍ਰਹਮੰਡ ਦਾ ਕਾਰਜ-ਕਰਤਾ ਹੈ।
੪. ਸਿਰਫ਼ ਗੁਰੂ (ਸ਼ਬਦ ਗੁਰੁ) ਹੀ ਪਰਮਾਤਮਾ ਨਾਲ ਮਿਲਾਪ ਕਰਵਾ ਸਕਦਾ ਹੈ।

*******************

# ੨੧. ਭਗਤ ਭੀਖਣ ਜੀ

ਭਗਤ ਭੀਖਣ ਜੀ (੧੪੮੦-੧੫੭੪ ਈ:) ਇਕ ਪ੍ਰਚਾਰਕ ਸਨ। ਉਹ ਮੁਗ਼ਲ ਸਮਰਾਟ ਅਕਬਰ ਦੇ ਸਮੇਂ ਦੇ ਅਤਿ-ਵਿਦਵਾਨ ਲੋਕਾਂ ਵਿਚੋਂ ਇਕ ਸਨ। ਆਪ ਜੀ ਬਹੁਤ ਹੀ ਸਧਾਰਨ ਜੀਵਣ ਬਸਰ ਕਰਦੇ ਸਨ। ਇਕ ਵਿਆਹੁਤਾ ਵਿਅੱਕਤੀ ਅਤੇ ਘਰ-ਗ੍ਰਹਸਤੀ ਹੋਣ ਨਾਤੇ, ਆਪ ਜੀ ਨੂੰ ਬਹੁਤ ਪਾਕਿ-ਪਵਿੱਤਰ ਅਤੇ ਵਿਦਵਾਨ ਇਨਸਾਨ ਵਜੋਂ ਜਾਣਿਆ ਜਾਂਦਾ ਸੀ। ਆਪ ਜੀ ਬੜੀ ਸੱਚੀ ਸੁੱਚੀ ਅਤੇ ਸ੍ਰੇਸ਼ਟ ਸੋਚਣੀ ਦੇ ਧਾਰਣੀ ਸਨ। ਭਗਤ ਭੀਖਣ ਜੀ ਕਈ ਸਾਲਾਂ ਲਈ ਲੋਕਾਂ ਨੂੰ ਸਿਖਿਆ ਦੇਣ ਅਤੇ ਹਦਾਇਤਾਂ ਕਰਨ ਵਿਚ ਰੁੱਝੇ ਰਹੇ। ਆਪ ਜੀ ਦੀ ਪ੍ਰਸ਼ੰਸਾ ਦੂਰ ਦੂਰ ਤੱਕ ਫੈਲੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀਆਂ ਦੋ ਰਚਨਾਵਾਂ ਹਨ।

## ਭਗਤ ਭੀਖਣ ਜੀ ਦੀ ਪਹਿਲੀ ਰਚਨਾ:

ਆਪ ਜੀ ਦੀ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ੬੫੯ ਤੇ ਇਵੇਂ ਹੈ:

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥੧॥

ਰਾਮ ਰਾਇ ਹੋਹਿ ਬੈਦ ਬਨਵਾਰੀ॥ ਅਪਨੇ ਸੰਤਹ ਲੇਹੁ ਉਬਾਰੀ॥੧॥ ਰਹਾਉ॥

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ॥

ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ॥੨॥

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ॥

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ॥੩॥੧॥ ਸੋਰਠ ਭਗਤ ਭੀਖਨ, ਅੰਕ ੬੫੯

**ਸਰਲ ਅਰਥ: ਹੇ ਸੋਹਣੇ ਰਾਮ! ਹੇ ਪ੍ਰਭੂ! ਜੇ ਤੂੰ ਹਕੀਮ ਬਣੇਂ ਤਾਂ ਤੂੰ ਆਪਣੇ ਸੰਤਾਂ ਨੂੰ ਦੇਹ-ਅੱਧਿਆਸ ਤੋਂ ਬਚਾ ਲੈਂਦਾ ਹੈਂ ਭਾਵ, ਤੂੰ ਆਪ ਹੀ ਹਕੀਮ ਬਣ ਕੇ ਸੰਤਾਂ ਨੂੰ ਦੇਹ-ਅੱਧਿਆਸ ਤੋਂ ਬਚਾ ਲੈਂਦਾ ਹੈਂ।੧।ਰਹਾਉ।** ਹੇ ਜੀਵ! ਬਿਰਧ ਅਵਸਥਾ ਵਿਚ ਕਮਜ਼ੋਰ ਹੋਣ ਕਰਕੇ ਤੇਰੀਆਂ ਅੱਖਾਂ ਵਿਚੋਂ ਪਾਣੀ ਵਗ ਰਿਹਾ ਹੈ, ਤੇਰਾ ਸਰੀਰ ਲਿੱਸਾ ਹੋ ਗਿਆ ਹੈ, ਤੇਰੇ ਕੇਸ ਦੁੱਧ ਵਰਗੇ ਚਿੱਟੇ ਹੋ ਗਏ ਹਨ, ਤੇਰਾ ਗਲਾ ਕਫ ਨਾਲ ਰੁਕਣ ਕਰਕੇ ਬੋਲ ਨਹੀਂ ਸਕਦਾ; ਅਜੇ ਭੀ ਤੂੰ ਕੀਹ ਕਰ ਰਿਹਾ ਹੈਂ? ਭਾਵ, ਹੁਣ ਭੀ ਤੂੰ ਪਰਮਾਤਮਾ ਨੂੰ ਕਿਉਂ ਯਾਦ ਨਹੀਂ ਕਰਦਾ? ਤੂੰ ਕਿਉਂ ਸਰੀਰ ਦੇ ਮੋਹ ਵਿਚ ਫਸਿਆ ਪਿਆ ਹੈਂ? ਤੂੰ ਕਿਉਂ ਦੇਹ-ਅੱਧਿਆਸ ਨਹੀਂ ਛੱਡਦਾ?।੧। ਹੇ ਪ੍ਰਾਣੀ! ਬਿਰਧ ਹੋਣ ਦੇ ਕਾਰਨ ਤੇਰੇ ਸਿਰ ਵਿਚ ਪੀੜ ਟਿਕੀ ਰਹਿੰਦੀ ਹੈ, ਸਰੀਰ ਵਿਚ ਸੜਨ ਰਹਿੰਦੀ ਹੈ, ਕਲੇਜੇ ਵਿਚ ਦਰਦ ਉਠਦੀ ਹੈ ਕਿਸ ਕਿਸ ਅੰਕ ਦਾ ਫ਼ਿਕਰ ਕਰੀਏ? ਸਾਰੇ ਹੀ ਜਿਸਮ ਵਿਚ ਬੁਢੇਪੇ ਦਾ ਇੱਕ ਐਸਾ ਵੱਡਾ ਰੋਗ ਉੱਠ ਖਲੋਤਾ ਹੈ ਕਿ ਇਸ ਦਾ ਕੋਈ ਇਲਾਜ ਨਹੀਂ ਹੈ ਫਿਰ ਭੀ ਇਸ ਸਰੀਰ ਨਾਲੋਂ ਤੇਰਾ ਮੋਹ ਨਹੀਂ ਮਿਟਦਾ।੨। ਇਸ ਸਰੀਰਕ ਮੋਹ ਨੂੰ ਮਿਟਾਣ ਦਾ ਇੱਕੋ ਹੀ ਸ੍ਰੇਸ਼ਟ ਇਲਾਜ ਜਗਤ ਵਿਚ ਹੈ, ਉਹ ਹੈ ਪ੍ਰਭੂ ਦਾ ਨਾਮ-ਰੂਪ ਅੰਮ੍ਰਿਤ, ਪਰਮਾਤਮਾ ਦਾ ਨਾਮ-ਰੂਪ ਨਿਰਮਲ ਜਲ। ਦਾਸ ਭੀਖਣ ਆਖਦਾ ਹੈ-ਆਪਣੇ ਗੁਰੂ ਦੀ ਕਿਰਪਾ ਨਾਲ ਮੈਂ ਇਹ ਨਾਮ ਜਪਣ ਦਾ ਰਸਤਾ ਲੱਭ ਲਿਆ ਹੈ, ਜਿਸ ਕਰਕੇ ਮੈਂ ਸਰੀਰਕ ਮੋਹ ਤੋਂ ਖ਼ਲਾਸੀ ਪਾ ਲਈ ਹੈ।੩।੧।

ਇਸ ਰਚਨਾ ਦੀ **'ਰਹਾਉ'** ਦੀ ਤੁਕ ਵਿੱਚ 'ਰਾਮ' ਹਿੰਦੂ ਰਾਮਾਇਣ ਵਾਲੇ 'ਰਾਮ' ਦਾ ਸੂਚਕ ਨਹੀਂ ਹੈ। ਸਗੋਂ, ਇਹ ਸਰਬ-ਵਿਆਪਕ ਪਰਮਾਤਮਾ ਦਾ ਸੂਚਕ ਹੈ। ਇਹ ਸ਼ਬਦ ਇਹ ਵੀ ਦਸਦਾ ਹੈ ਕਿ 'ਨਾਮ, ਜੋ ਅੰਮ੍ਰਿਤ ਹੈ, ਦੁਨੀਆਂ ਵਿਚ ਉਹੀ ਸਾਰੇ ਦੁੱਖਾਂ ਦਾ ਦਾਰੂ ਹੈ'। ਭਗਤ ਭੀਖਣ ਜੀ ਦੀ ਇਹ ਰਚਨਾ ਸ਼ੇਖ਼ ਫਰੀਦ ਜੀ ਦੀ ਰਚਨਾ ਨਾਲ ਮਿਲਦੀ ਹੈ ਜਿਸ ਵਿਚ ਉਹ ਆਯੂ ਦੀ ਕਮਜ਼ੋਰ ਅਸੁਰੱਖਿਅਤਾ ਬਾਰੇ ਕਹਿੰਦੇ ਹਨ। ਭਗਤ ਭੀਖਣ ਜੀ ਦੀ ਸਿਖਿਆ ਹੈ ਕਿ ਜੀਊਂਦੇ ਜੀਅ ਨਾਮ ਦੇ ਅੰਮ੍ਰਿਤ ਦਾ ਸੇਵਨ ਕਰਨਾ ਚਾਹੀਦਾ ਹੈ।

## ਭਗਤ ਭੀਖਣ ਜੀ ਦੀ ਦੂਜੀ ਰਚਨਾ:

ਭਗਤ ਭੀਖਣ ਜੀ ਦੀ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ ੬੫੯ ਤੇ ਇਵੇਂ ਹੈ:

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ॥

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥੧॥

ਹਰਿ ਗੁਨ ਕਹਤੇ ਕਹਨੁ ਨ ਜਾਈ॥ ਜੈਸੇ ਗੂੰਗੇ ਕੀ ਮਿਠਿਆਈ॥੧॥ ਰਹਾਉ॥

ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥

ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ॥੨॥੨॥ ਸੋਰਠ ਭਗਤ ਭੀਖਨ, ਅੰਕ ੬੫੯

**ਸਰਲ ਅਰਥ:** ਪਰਮਾਤਮਾ ਦਾ ਨਾਮ ਇਕ ਐਸਾ ਅਮੋਲਕ ਪਦਾਰਥ ਹੈ ਜੋ ਭਾਗਾਂ ਨਾਲ ਮਿਲਦਾ ਹੈ। ਇਸ ਰਤਨ ਨੂੰ ਜੇ ਅਨੇਕਾਂ ਜਤਨ ਕਰ ਕੇ ਭੀ ਹਿਰਦੇ ਵਿਚ ਗੁਪਤ ਰੱਖਏ, ਤਾਂ ਭੀ ਲੁਕਾਇਆਂ ਇਹ ਲੁਕਦਾ ਨਹੀਂ।੧। **ਉਂਞ ਉਹ ਸੁਆਦ ਦੱਸਿਆ ਨਹੀਂ ਜਾ ਸਕਦਾ ਜੋ ਪਰਮਾਤਮਾ ਦੇ ਗੁਣ ਗਾਉਂਦਿਆਂ ਆਉਂਦਾ ਹੈ, ਜਿਵੇਂ ਗੁੰਗੇ ਮਨੁੱਖ ਦੀ ਖਾਧੀ ਮਠਿਆਈ ਦਾ ਸੁਆਦ ਕਿਸੇ ਹੋਰ ਨੂੰ ਪਤਾ ਨਹੀਂ ਲੱਗ ਸਕਦਾ, ਗੁੰਗਾ ਦੱਸ ਨਹੀਂ ਸਕਦਾ।੧।ਰਹਾਉ।** ਇਹ ਰਤਨ-ਨਾਮ ਜਪਦਿਆਂ ਜੀਭ ਨੂੰ ਸੁਖ ਮਿਲਦਾ ਹੈ, ਸੁਣਦਿਆਂ ਕੰਨਾਂ ਨੂੰ ਸੁਖ ਮਿਲਦਾ ਹੈ ਤੇ ਚੇਤਦਿਆਂ ਚਿੱਤ ਨੂੰ ਸੁਖ ਪ੍ਰਾਪਤ ਹੁੰਦਾ ਹੈ। ਹੇ ਭੀਖਨ! ਤੂੰ ਭੀ ਆਖ-ਇਹ ਨਾਮ ਸਿਮਰਦਿਆਂ ਮੇਰੀਆਂ ਦੋਹਾਂ ਅੱਖਾਂ ਵਿਚ ਐਸੀ ਠੰਢ ਪਈ ਹੈ ਕਿ ਮੈਂ ਜਿੱਧਰ ਤੱਕਦਾ ਹਾਂ ਉਸ ਪਰਮਾਤਮਾ ਨੂੰ ਹੀ ਵੇਖਦਾ ਹਾਂ।੨।੨।

ਇੱਥੇ, ਭਗਤ ਭੀਖਣ ਜੀ ਮਨੁੱਖ ਦੇ ਤਨ, ਮਨ ਅਤੇ ਆਤਮਾ ਉੱਪਰ ਨਾਮ-ਸਿਮਰਨ ਦਾ ਪ੍ਰਭਾਵ ਦਰਸਾਉਂਦੇ ਹਨ। ਭਗਤ ਭੀਖਣ ਜੀ ਦਸਦੇ ਹਨ ਕਿ ਕੋਈ ਨਾਮ ਦਾ ਸੁਆਦ ਦਸ ਨਹੀਂ ਸਕਦਾ, ਜਿਵੇਂ ਕਿ ਇਕ ਗੁੰਗਾ ਵਿਅੱਕਤੀ ਕਿਸੇ ਮਠਿਆਈ ਦਾ ਸੁਆਦ ਨਹੀਂ ਦਸ ਸਕਦਾ। ਜੇ ਕਿਸੇ ਗੂੰਗੇ ਵਿਅੱਕਤੀ ਨੂੰ ਇਹ ਪੁਛਿਆ ਜਾਵੇ ਕਿ ਮਠਿਆਈ ਦਾ ਸੁਆਦ ਉਸਨੂੰ ਕਿਵੇਂ ਲਗਦਾ ਹੈ, ਤਾਂ ਉਹ ਚੁੱਪ ਕਰ ਰਹੇਗਾ ਕਿਉਂਕਿ ਉਹ ਬੋਲ ਨਹੀਂ ਸਕਦਾ। ਪਰ ਉਹ ਸਿਰਫ਼ ਮੁਸਕਰਾਏਗਾ, ਅਤੇ ਉਸਦੀ ਮੁਸਕ੍ਰਾਹਟ ਸਭ ਕੁਝ ਦੱਸ ਦਿੰਦੀ ਹੈ।

ਇਵੇਂ ਹੀ, ਨਾਮ-ਸਿਮਰਨ ਦਾ ਗਿਆਤਾ ਚੁੱਪ ਰਹਿੰਦਾ ਹੈ ਤੇ ਇਕ ਗੂੰਗੇ ਦੀ ਤਰ੍ਹਾਂ ਕੁਝ ਕਹਿ ਨਹੀਂ ਸਕਦਾ। ਪਰਮਾਤਮਾ ਦਾ ਨਾਮ ਮਨ ਨੂੰ ਅਕਹਿ ਸੁਖ ਅਤੇ ਆਨੰਦ ਬਖ਼ਸ਼ਦਾ ਹੈ। ਪਰਮਾਤਮਾ ਨੂੰ ਯਾਦ ਕਰਨਾ ਹੀ 'ਆਨੰਦ' ਹੈ। ਭਗਤ ਭੀਖਣ ਜੀ ਦਸਦੇ ਹਨ ਕਿ ਉਹਨਾਂ ਦੀਆਂ ਅੱਖਾਂ ਨੇ ਪਰਮਾਤਮਾ ਦੇ ਨਾਮ ਦਾ ਆਨੰਦ ਮਾਣਿਆ ਹੇ। ਹੁਣ ਉਹ ਜਿਸ ਤਰਫ਼ ਵੀ ਦੇਖਦੇ ਹਨ, ਉਹਨਾਂ ਨੂੰ ਪਰਮਾਤਮਾ ਹੀ ਦਿਖਾਈ ਦਿੰਦਾ ਹੈ।

ਸ਼ਬਦ ਦਾ ਭਾਵ: ਪਰਮਾਤਮਾ ਦਾ ਨਾਮ ਇਕ ਐਸਾ ਅਮੋਲਕ ਪਦਾਰਥ ਹੈ ਜੋ ਭਾਗਾਂ ਨਾਲ ਮਿਲਦਾ ਹੈ। ਇਸ ਰਤਨ ਨੂੰ ਅਨੇਕ ਜਤਨ ਕਰ ਕੇ ਭੀ ਹਿਰਦੇ ਵਿਚ ਗੁਪਤ ਰੱਖੀਏ, ਤਾਂ ਭੀ ਲੁਕਾਇਆਂ ਇਹ ਲੁਕਦਾ ਨਹੀਂ, ਉਹ ਪਰਗਟ ਹੋ ਹੀ ਜਾਂਦਾ ਹੈ।

ਭਗਤ ਭੀਖਣ ਜੀ ਦੇ ਦੋਨੋਂ ਸ਼ਬਦਾਂ ਦਾ ਸਾਰੰਸ਼ ਇਹੀ ਹੈ ਕਿ ਮਨੁੱਖ ਦੇ ਕੀਤੇ ਕੰਮ ਹੀ ਹਨ ਜਿਹਨਾਂ ਕਾਰਨ ਉਹ ਦੁਖ ਅਤੇ ਸੰਤੋਖ ਦੀ ਘਾਟ ਨੂੰ ਭੋਗਦਾ ਹੈ। ਪਰਵਾਰ ਹਿਤ

ਮਾਇਆ ਅਤੇ ਸੰਸਾਰਕ ਮੋਹ ਵਿਚ ਫਸਿਆ ਵਿਅੱਕਤੀ ਕਾਰਜ ਜਲਦੀ ਕਰਨ ਦੇ ਸਾਧਨ ਲਭਦਾ ਹੈ ਜਿਵੇਂ ਕਿ ਟੁੱਟੇ ਬੂਟ ਦੀ ਮੁਰੰਮਤ ਲਈ ਚਮੜੇ ਦਾ ਟੁਕੜਾ ਲਾਇਆ ਜਾਂਦਾ ਹੈ। ਉਹ ਅਜਿਹੀ ਸਥਿਤੀ ਤੋਂ ਮੁਕਤ ਹੋ ਸਕਦਾ ਹੈ, ਜੇ ਪਰਮਾਤਮਾ ਉਸ ਉੱਪਰ ਬਖ਼ਸ਼ਸ਼ ਕਰੇ। ਉਸ ਲਈ ਫਿਰ ਮੁਕਤੀ ਦਾ ਰਸਤਾ ਖੁਲ੍ਹ ਜਾਂਦਾ ਹੈ। ਉਸ ਉੱਪਰ ਪਰਮਾਤਮਾ ਦੀ ਬਖ਼ਸ਼ਸ਼ ਹੋ ਜਾਂਦੀ ਹੈ, ਬਸ਼ਰਤੇ ਕਿ ਉਹ ਹਰ ਦਮ ਪਰਮਾਤਮਾ ਨੂੰ ਯਾਦ ਕਰੇ ਅਤੇ ਉਸੇ ਪ੍ਰਤੀ ਸ਼ਰਧਾ ਬਣਾਈ ਰੱਖੇ ਜੋ ਕਿ ਦੁਨੀਆਂ ਦੇ ਸਾਰੇ ਦੁੱਖਾਂ ਦਾ ਦਾਰੂ ਹੈ।

*******************

# ੨੨. ਭਗਤ ਪਰਮਾਨੰਦ ਜੀ

ਭਗਤ ਪਰਮਾਨੰਦ ਜੀ (੧੪੮੩-੧੫੭੪ ਈ:) ਇਕ ਬਹੁਤ ਹੀ ਉੱਚ ਕੋਟੀ ਦੇ ਪ੍ਰਚਾਰਕ ਅਤੇ ਕਵੀ ਸਨ। ਆਪ ਜੀ ਨੇ ਫ਼ਰੂਖਾਬਾਦ ਜ਼ਿਲੇ ਦੇ ਪਿੰਡ ਕਨੌਜ ਦੇ ਇਕ ਬ੍ਰਾਹਮਣ ਪਰਵਾਰ ਵਿਚ ਜਨਮ ਲਿਆ। ਮੰਨਿਆ ਜਾਂਦਾ ਹੈ ਕਿ ਆਪ ਜੀ ਭੰਡਾਰਪੁਰ ਜ਼ਿਲਾ ਦੇ ਉੱਤਰ ਵਿਚ ਬਰਸੀ ਪਿੰਡ ਵਿਚ ਰਹੇ, ਜੋ ਅੱਜ ਕਲ੍ਹ ਪੱਛਮੀ ਭਾਰਤ ਦੇ ਮਹਾਰਾਸ਼ਟਰਾ ਪ੍ਰਦੇਸ਼ ਵਿਚ ਸ਼ੋਲਾਪੁਰ ਜ਼ਿਲਾ ਵਜੋਂ ਜਾਣਿਆ ਜਾਂਦਾ ਹੈ। ਬਹੁਤ ਹੀ ਲੰਬਾ ਅਤੇ ਲਾਹੇਵੰਦ ਜੀਵਣ ਬਿਤਾਉਣ ਤੋਂ ਬਾਅਦ ਆਪ ਜੀ ੯੧ ਸਾਲ ਦੇ ਹੋ ਕੇ ਅਕਾਲ ਚਲਾਣਾ ਕਰ ਗਏ।

**ਭਗਤ ਪਰਮਾਨੰਦ ਜੀ ਦੀ ਇਕ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ ੧੨੫੩ ਤੇ ਇਵੇਂ ਹੈ:**

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥**

**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ॥੧॥ ਰਹਾਉ॥**

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ॥

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ॥੧॥

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ॥

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ॥੨॥

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥੩॥੧॥੬॥

ਸਾਰੰਗ ਭਗਤ ਪਰਮਾਨੰਦ ਜੀ, ਅੰਕ ੧੨੫੩

**ਸਰਲ ਅਰਥ: ਹੇ ਭਾਈ! ਪੁਰਾਣ ਆਦਿਕ ਧਰਮ ਪੁਸਤਕਾਂ ਸੁਣ ਕੇ ਤੂੰ ਖੱਟਿਆ ਤਾਂ ਕੁਝ ਭੀ ਨਹੀਂ; ਤੇਰੇ ਅੰਦਰ ਨਾਹ ਤਾਂ ਪ੍ਰਭੂ ਦੀ ਅਟੱਲ ਭਗਤੀ ਪੈਦਾ ਹੋਈ ਤੇ ਨਾਹ ਹੀ ਤੂੰ ਕਿਸੇ ਲੋੜਵੰਦ ਦੀ ਸੇਵਾ ਕੀਤੀ।੧।ਰਹਾਉ।** ਹੇ ਭਾਈ! ਧਰਮ ਪੁਸਤਕ ਸੁਣ ਕੇ ਭੀ ਨਾਹ ਕਾਮ ਗਿਆ, ਨਾਹ ਕ੍ਰੋਧ ਗਿਆ, ਨਾਹ ਲੋਭ ਮੁੱਕਾ, ਨਾਹ ਮੂੰਹੋਂ ਪਰਾਈ ਨਿੰਦਿਆ ਕਰਨ ਦੀ ਆਦਤ ਹੀ ਗਈ, ਪੁਰਾਣ ਆਦਿਕ ਪੜ੍ਹਨ ਦੀ ਸਾਰੀ ਮਿਹਨਤ ਹੀ ਐਵੇਂ ਗਈ।੧। ਪੁਰਾਣ ਆਦਿਕ ਸੁਣ ਕੇ ਭੀ ਪਾਪੀ ਮਨੁੱਖ ਡਾਕੇ ਮਾਰ ਮਾਰ ਕੇ ਪਰਾਏ ਘਰ ਲੁੱਟ ਲੁੱਟ ਕੇ ਹੀ ਆਪਣਾ ਢਿੱਡ ਭਰਦਾ ਰਿਹਾ, ਤੇ ਸਾਰੀ ਉਮਰ ਉਹੀ ਮੂਰਖਤਾ ਕਰਦਾ ਰਿਹਾ ਜਿਸ ਨਾਲ ਅਗਲੇ ਜਹਾਨ ਵਿਚ ਭੀ ਬਦਨਾਮੀ ਦਾ ਟਿੱਕਾ ਹੀ ਮਿਲੇ।੨। ਹੇ ਪਰਮਾਨੰਦ! ਧਰਮ ਪੁਸਤਕ ਸੁਣ ਕੇ ਭੀ ਤੇਰੇ ਮਨ ਵਿਚੋਂ ਨਿਰਦਇਤਾ ਨਾਹ ਗਈ, ਤੂੰ ਲੋਕਾਂ ਨਾਲ ਪਿਆਰ ਦਾ ਸਲੂਕ ਨਾਹ ਕੀਤਾ, ਤੇ ਸਤਸੰਗ ਵਿਚ ਬੈਠ ਕੇ ਤੂੰ ਕਦੇ ਪ੍ਰਭੂ ਦੀਆਂ ਪਵਿੱਤਰ ਕਰਨ ਵਾਲੀਆਂ ਗੱਲਾਂ ਨਾਹ ਚਲਾਈਆਂ ਭਾਵ, ਤੈਨੂੰ ਸਤਸੰਗ ਕਰਨ ਦਾ ਸ਼ੌਕ ਨਾਹ ਪਿਆ।੩।੧।੬।

ਇਸ ਰਚਨਾ ਵਿਚ ਭਗਤ ਪਰਮਾਨੰਦ ਜੀ ਵਿਸ਼ੇਸ਼ ਤੌਰ ਤੇ 'ਪੁਰਾਣ' ਬਾਰੇ - ਜੋ ਹਿੰਦੂਆਂ ਦੇ ਪਵਿਤ੍ਰ ਗ੍ਰੰਥ ਹਨ - ਕਥਨ ਕਰਦੇ ਹਨ। ਪਰ ਭਗਤ ਜੀ ਦਾ ਸੰਦੇਸ਼ ਹੋਰ ਵੀ ਧਾਰਮਿਕ ਗ੍ਰੰਥਾਂ ਨਾਲ ਸਬੰਧ ਜੋੜਦਾ ਹੈ। ਆਪ ਜੀ ਪੂਰੀ ਤਰ੍ਹਾਂ ਸਪਸ਼ਟ ਹਨ ਕਿ ਗ੍ਰੰਥਾਂ ਨੂੰ ਸਿਰਫ਼ ਪੜ੍ਹਨਾ ਹੀ ਬਿਲਕੁਲ ਵਿਅੱਰਥ ਹੈ ਜੇ ਇਸਤਰ੍ਹਾਂ ਕਰਨ ਨਾਲ ਉਹ ਆਪਣੇ ਸਾਥੀਆਂ ਦੀ ਸੇਵਾ ਕਰਨ ਲਈ ਉਤਸ਼ਾਹਤ ਨਹੀਂ ਹੋਏ। ਪਰਮਾਤਮਾ ਦੀ ਸਿਮਰਨ ਭਗਤੀ ਲਈ ਆਪ ਜੀ ਪ੍ਰਸੰਸਾ ਕਰਦੇ ਹਨ, ਜੋ ਕਿ ਧਾਰਮਿਕ ਪ੍ਰਚਾਰਕਾਂ ਅਤੇ ਸੰਤ-ਜਨਾਂ ਦੀ ਸੰਗਤ ਵਿਚ ਬਹੁਤ ਆਸਾਨੀ ਨਾਲ ਗ੍ਰਹਿਣ ਕੀਤੀ ਜਾ ਸਕਦੀ ਹੈ। ਆਪ ਜੀ ਇਹ ਵੀ ਕਹਿੰਦੇ ਹਨ ਕਿ ਕਾਮ, ਕ੍ਰੋਧ, ਲੋਭ ਅਤੇ ਨਿੰਦਿਆ ਚੁਗਲੀ ਵਰਗੀਆਂ ਬੁਰਾਈਆਂ ਮਨੁੱਖ ਨੂੰ ਆਪਣੇ ਮਨ ਵਿਚੋਂ ਕੱਢ ਦੇਣੀਆਂ ਚਾਹੀਦੀਆਂ ਹਨ, ਕਿਉਂਕਿ ਇਹਨਾਂ ਦੇ ਹੋਣ ਨਾਲ ਹੋਰਾਂ ਦੀ ਕੀਤੀ ਸੇਵਾ ਵਿਅੱਰਥ ਜਾਂਦੀ ਹੈ।

*******************

# ੨੩. ਭਗਤ ਸੂਰਦਾਸ ਜੀ

ਭਗਤ ਸੂਰਦਾਸ ਜੀ (੧੪੭੮-੧੫੮੬ ਈ:) ਇਕ ਪ੍ਰਚਾਰਕ, ਕਵੀ ਅਤੇ ਸੰਗੀਤਕਾਰ ਸਨ, ਅਤੇ ਸਾਧੂ ਸੁਭਾਉ ਵਾਲੇ ਵਿਅੱਕਤੀ ਸਨ। ਆਪ ਜੀ ਦੇ ਮਾਤਾ ਪਿਤਾ ਨੇ ਆਪ ਜੀ ਦਾ ਨਾਮ ਜਨਮ ਵੇਲੇ 'ਮਦਨ ਮੋਹਨ' ਰਖਿਆ, ਪਰ ਆਪ ਜੀ ਨੂੰ ਇਹ ਨਾਮ ਚੰਗਾ ਨਾ ਲਗਿਆ। ਸੋ ਆਪ ਜੀ ਨੇ ਇਸ ਨਾਮ ਨੂੰ ਬਦਲ ਲਿਆ ਅਤੇ 'ਸੂਰਦਾਸ' ਰਖ ਲਿਆ। ਭਗਤ ਸੂਰਦਾਸ ਜੀ ਦੇ ਜਨਮ ਅਤੇ ਦਿਹਾਂਤ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਕੁਝ ਲੋਕ ਕਹਿੰਦੇ ਹਨ ਕਿ ਆਪ ਜੀ ਦਾ ਜਨਮ ੧੪੭੮ ਈ: ਵਿਚ ਦਿੱਲੀ ਦੇ ਨੇੜੇ ਪਿੰਡ ਸਿਰੀ ਵਿਚ ਹੋਇਆ। ਕੁਝ ਲੋਕ ਇਹ ਕਹਿੰਦੇ ਹਨ ਕਿ ਆਪ ਜੀ ਨੇ ੧੪੮੩ ਤੋਂ ੧੫੭੩ ਈਸਵੀ ਤੱਕ ਜੀਵਨ ਜੀਵਿਆ।

ਭਗਤ ਸੂਰਦਾਸ ਜੀ ਭਾਵੇਂ ਜਨਮ ਤੋਂ ਹੀ ਦੇਖ ਨਹੀਂ ਸਕਦੇ ਸਨ, ਫਿਰ ਵੀ ਆਪ ਜੀ ਫ਼ਾਰਸੀ, ਹਿੰਦੀ ਅਤੇ ਸੰਸਕ੍ਰਿਤ ਦੇ ਵਿਦਵਾਨ ਬਣੇ। ਆਪ ਜੀ ਦੇ ਲੈਅ ਵਿਚ ਗਾਉਣ ਦੇ ਸੰਗੀਤ ਅਤੇ ਸੁੰਦਰ ਕਵਿਤਾ ਨੇ ਬਹੁਤ ਚੇਲਿਆਂ ਨੂੰ ਇਹਨਾਂ ਵੱਲ ਖਿਚਿਆ, ਜਿਸ ਕਾਰਨ ਆਪ ਜੀ ਨੇ ਬਹੁਤ ਨਾਮਣਾ ਖੱਟਿਆ। ਜਿਵੇਂ ਕਿ ਆਪ ਜੀ ਦੀ ਪ੍ਰਸਿੱਧੀ ਦੂਰ ਤਕ ਖਿੱਲਰੀ, ਤਾਂ ਮੁਗ਼ਲ ਸਾਮਰਾਜ ਦਾ ਸ਼ਹਿਨਸ਼ਾਹ ਅਕਬਰ (੧੫੪੨-੧੬੦੫ ਈ:) ਆਪ ਜੀ

ਦਾ ਚੇਲਾ ਬਣ ਗਿਆ। ਅਕਬਰ ਬਾਦਸ਼ਾਹ ਵਿਦਵਾਨ ਵਿਅੱਕਤੀਆਂ ਦਾ ਬਹੁਤ ਕਦਰਦਾਨ ਸੀ। ਅਕਬਰ ਬਾਦਸ਼ਾਹ ਨੇ ਭਗਤ ਸੂਰਦਾਸ ਜੀ ਨੂੰ ਇਕ ਰਾਜ ਦਾ ਗਵਰਨਰ ਨਿਯੁੱਕਤ ਕਰ ਦਿਤਾ। ਇਕ ਸਧਾਰਨ ਅਤੇ ਹਮਦਰਦ ਸੁਭਾਉ ਦੇ ਹੋਣ ਕਾਰਨ, ਭਗਤ ਸੂਰਦਾਸ ਜੀ ਨੇ ਆਪਣੀ ਹਸਤੀ ਨੂੰ ਗਰੀਬਾਂ ਦੀ ਮਦਦ ਲਈ ਵਰਤਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੂਰਦਾਸ ਜੀ ਦੀ ਰਚਨਾ ਦੀ ਕੇਵਲ ਇਕ ਸਤਰ ਹੈ:

**ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥** ਸਾਰੰਗ ਭਗਤ ਸੂਰਦਾਸ ਜੀ, ਅੰਕ ੧੨੫੩

**ਸਰਲ ਅਰਥ:** ਹੇ ਮੇਰੇ ਮਨ! ਉਹਨਾਂ ਬੰਦਿਆਂ ਦਾ ਸਾਥ ਛੱਡ ਦੇਹ, ਜੋ ਪਰਮਾਤਮਾ ਵਲੋਂ ਬੇ-ਮੁਖ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਆਮ ਕਰਕੇ, ਸ਼ਬਦ ਰਚਣ ਵਾਲੇ ਭਗਤ ਦਾ ਨਾਮ ਸ਼ਬਦ ਦੇ ਉੱਪਰ ਲਿਖਿਆ ਜਾਂਦਾ ਹੈ। ਭਗਤ ਸੂਰਦਾਸ ਜੀ ਦੀ ਰਚਨਾ ਇਸ ਪੱਖ ਤੋਂ ਵਿਲੱਖਣ ਹੈ ਕਿ ਰਚਨਕਾਰ ਦਾ ਨਾਮ ਸ਼ਬਦ ਤੋਂ ਪਹਿਲਾਂ ਨਹੀਂ ਲਿਖਿਆ ਗਿਆ। ਪਰ ਰਚਨਕਾਰ ਦਾ ਨਾਮ ਦੂਜੇ ਸ਼ਬਦ ਦੇ ਸਿਰਲੇਖ ਤੋਂ ਸਪਸ਼ਟ ਹੋ ਜਾਂਦਾ ਹੈ ਜਿਵੇਂ ਕਿ “ਸਾਰੰਗ ਮਹਲਾ **੫** ਸੂਰਦਾਸ”। ਇਥੇ ਗੁਰੂ ਅਰਜਨ ਜੀ ਵਿਸਤਾਰ ਕਰਦੇ ਹਨ ਕਿ ਉਹਨਾਂ ਲੋਕਾਂ ਦੀ ਸੰਗਤ ਨੂੰ ਕਿਵੇਂ ਤਿਆਗਣਾ ਹੈ ਜੋ ਪਰਮਾਤਮਾ ਨੂੰ ਪਿੱਠ ਦੇ ਦਿੰਦੇ ਹਨ। ਇਸਤਰ੍ਹਾਂ ਗੁਰੂ ਜੀ ਭਗਤ ਸੂਰਦਾਸ ਜੀ ਦੀ ਪਹਿਲੀ ਰਚਨਾ ਦਾ ਵਿਸਥਾਰ ਕਰ ਰਹੇ ਹਨ।

ਗੁਰੂ ਅਰਜਨ ਜੀ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕ ੧੨੫੩ ਤੇ ਇਵੇਂ ਹੈ:

**ਸਾਰੰਗ ਮਹਲਾ ੫ ਸੂਰਦਾਸ ॥**

**ਹਰਿ ਕੇ ਸੰਗ ਬਸੇ ਹਰਿ ਲੋਕ॥**

**ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥੧॥ ਰਹਾਉ॥**

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ॥

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ॥੧॥

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ॥

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥

ਸਾਰੰਗ ਭਗਤ ਸੂਰਦਾਸ ਜੀ, ਅੰਕ ੧੨੫੩

ਸਰਲ ਅਰਥ: ਹੇ ਸੂਰਦਾਸ! ਪਰਮਾਤਮਾ ਦੀ ਬੰਦਗੀ ਕਰਨ ਵਾਲੇ ਬੰਦੇ ਸਦਾ ਪਰਮਾਤਮਾ ਦੇ ਨਾਲ ਵੱਸਦੇ ਹਨ ਇਸ ਤਰ੍ਹਾਂ ਸਹਿਜ ਸੁਭਾਇ ਬੇ-ਮੁਖਾਂ ਨਾਲੋਂ ਉਹਨਾਂ ਦਾ ਸਾਥ ਛੁੱਟ ਜਾਂਦਾ ਹੈ; ਉਹ ਆਪਣਾ ਤਨ ਮਨ ਆਪਣਾ ਸਭ ਕੁਝ ਇਸ ਪਿਆਰ ਤੋਂ ਸਦਕੇ ਕਰ ਦੇਂਦੇ ਹਨ, ਉਹਨਾਂ ਨੂੰ ਆਨੰਦ ਦੇ ਹੁਲਾਰੇ ਆਉਂਦੇ ਹਨ, ਸਹਿਜ ਅਵਸਥਾ ਦੀ ਤਾਰ ਉਹਨਾਂ ਦੇ ਅੰਦਰ ਬੱਝ ਜਾਂਦੀ ਹੈ ।੧।ਰਹਾਉ। ਹੇ ਸੂਰਦਾਸ! ਭਗਤੀ ਕਰਨ ਵਾਲੇ ਬੰਦੇ ਪ੍ਰਭੂ ਦਾ ਦੀਦਾਰ ਕਰ ਕੇ ਵਿਸ਼ੇ ਵਿਕਾਰਾਂ ਤੋਂ ਬਚ ਜਾਂਦੇ ਹਨ, ਉਹਨਾਂ ਨੂੰ ਸਾਰੇ ਪਦਾਰਥ ਮਿਲ ਜਾਂਦੇ ਹਨ ਭਾਵ, ਉਹਨਾਂ ਦੀਆਂ ਵਾਸ਼ਨਾਂ ਮੁੱਕ ਜਾਂਦੀਆਂ ਹਨ; ਪ੍ਰਭੂ ਦੇ ਸੋਹਣੇ ਮੁਖ ਦਾ ਦੀਦਾਰ ਕਰ ਕੇ ਉਹਨਾਂ ਨੂੰ ਦੁਨੀਆ ਦੀ ਕਿਸੇ ਹੋਰ ਸ਼ੈ ਦੀ ਕੋਈ ਗ਼ਰਜ਼ ਨਹੀਂ ਰਹਿ ਜਾਂਦੀ।੧। ਹੇ ਸੂਰਦਾਸ! ਜੋ ਮਨੁੱਖ ਸੋਹਣੇ ਸਾਂਵਲੇ ਸੱਜਣ ਪ੍ਰਭੂ ਨੂੰ ਵਿਸਾਰ ਕੇ ਹੋਰ ਹੋਰ ਪਦਾਰਥਾਂ ਦੀ ਲਾਲਸਾ ਕਰਦੇ ਹਨ, ਉਹ ਉਸ ਜੋਕ ਵਾਂਗ ਹਨ, ਜੋ ਕਿਸੇ ਕੋਹੜੀ ਦੇ ਸਰੀਰ ਤੇ ਲੱਗ ਕੇ ਗੰਦ ਹੀ ਚੂਸਦੀ ਹੈ। ਪਰ, ਹੇ ਸੂਰਦਾਸ! ਜਿਨ੍ਹਾਂ ਦਾ ਮਨ ਪ੍ਰਭੂ ਨੇ ਆਪ ਆਪਣੇ ਹੱਥ ਵਿਚ ਲੈ ਲਿਆ ਹੈ ਉਹਨਾਂ ਨੂੰ ਉਸ ਨੇ ਇਹ ਲੋਕ ਤੇ ਪਰਲੋਕ ਦੋਵੇਂ ਬਖ਼ਸ਼ੇ ਹਨ ਭਾਵ, ਉਹ ਲੋਕ ਪਰਲੋਕ ਦੋਹੀਂ ਥਾਈਂ ਆਨੰਦ ਵਿਚ ਰਹਿੰਦੇ ਹਨ।੨।੧।੮।

ਇਸ ਬਾਰੇ ਨੋਟ ਕਰਨਾ ਦਿਲਚਸਪ ਹੋਵੇਗਾ ਕਿ ਇਹ ਸ਼ਬਦ ਭਾਵੇਂ ਗੁਰੂ ਅਰਜਨ ਜੀ ਦੀ ਰਚਨਾ ਹੈ, ਪਰ ਆਖਰੀ ਤੁਕ ਵਿਚ ਗੁਰੂ ਜੀ ਦੀ ਬਜਾਏ (ਜਿਵੇਂ ਕਿ 'ਨਾਨਕ' – ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਥਾ ਹੈ ਭਗਤ ਸੂਰਦਾਸ ਜੀ ਦਾ ਨਾਮ ਵਰਤਿਆ ਹੈ।

ਇਸ ਵਰਤੋਂ ਦਾ ਵਿਸਤਾਰ ਇਸਤਰ੍ਹਾਂ ਹੈ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫਰੀਦ ਜੀ ਦੇ ਕੁਝ ਅਜਿਹੇ ਸਲੋਕ ਹਨ ਜੋ ਅਸਲ ਵਿਚ ਤੀਜੇ ਨਾਨਕ ਅਤੇ ਪੰਜਵੇਂ ਨਾਨਕ ਦੀ ਰਚਨਾ ਹਨ। ਉਹਨਾਂ ਸਲੋਕਾ ਵਿਚ 'ਨਾਨਕ' ਦੀ ਬਜਾਏ 'ਫਰੀਦ' ਦਾ ਨਾਮ ਹੈ। ਗੁਰੂ ਅਰਜਨ ਜੀ ਨੇ ਫਰੀਦ ਦੇ ਸਲੋਕਾਂ ਦਾ ਵਿਸਥਾਰ ਕਰਨ ਦੀ ਲੋੜ ਸਮਝੀ ਤਾਕਿ ਬਿਨਾਂ ਕਿਸੇ ਝੰਬੇਲੇ ਦੇ ਸਪਸ਼ਟਤਾ ਹੋ ਜਾਵੇ। ਕਿਉਂਕਿ ਇਹ ਰਚਨਾਵਾਂ ਸ਼ੇਖ਼ ਫਰੀਦ ਦੇ ਸਲੋਕਾਂ ਨਾਲ ਜੁੜੀਆਂ ਸਨ, ਸੋ ਸਲੋਕਾਂ ਵਿਚ ਵੀ ਭਗਤ ਜੀ ਦਾ ਨਾਮ ਵਰਤਿਆ। ਪਰ ਸਲੋਕ ਕਿਉਂਕਿ ਗੁਰੂਆਂ ਦੀ ਰਚਨਾ ਹਨ ਸੋ ਉਹਨਾਂ ਨੇ ਇਹ ਸਪਸ਼ਟ ਕਰਨ ਲਈ ਸਲੋਕ ਦੇ ਸ਼ੁਰੂ ਵਿਚ "ਮਹਲਾ ੩" ਜਾਂ "ਮਹਲਾ ੫" ਜੋੜ ਦਿਤਾ। ਇਹੀ ਵਰਤੋਂ ਗੁਰੂ ਅਰਜਨ ਜੀ ਨੇ ਕੀਤੀ ਜਦ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ ੧੨੫੩ ਤੇ ਭਗਤ ਸੂਰਦਾਸ ਜੀ ਦੀ ਰਚਨਾ ਦਾ ਵਿਸਥਾਰ ਕੀਤਾ, ਜਿਵੇਂ ਉੱਪਰ ਦਿਤਾ ਗਿਆ ਹੈ।

ਭਾਰਤ ਵਿਚ, ਭਗਤ ਸੂਰਦਾਸ ਜੀ ਦੀਆਂ ਰਚਨਾਵਾਂ ਨੂੰ ਹਿੰਦੀ ਭਾਸ਼ਾ ਦੀ ਸਾਹਿਤਕ ਕੀਮਤ ਨੂੰ ਵਧਾਉਣ ਦਾ ਮਾਣ ਹੈ, ਜਿਸ ਨਾਲ ਕਿਸੇ ਭਾਸ਼ਾ ਨੂੰ ਸੁਧਰੀ/ਸੁੰਦਰ ਭਾਸ਼ਾ ਬਣਾਇਆ ਜਾਂਦਾ ਹੈ। ਬ੍ਰਜਭਾਸ਼ਾ ਵਿਚ ਭਗਤ ਸੂਰਦਾਸ ਜੀ ਦੇ ਰਚੇ ਪਦਾਂ ਨੂੰ ਹਿੰਦੀ ਭਾਸ਼ਾ ਵਿਚ ਸ਼ਾਨਦਾਰ ਖ਼ਜ਼ਾਨਾ-ਭੰਡਾਰ ਵਜੋਂ ਸਮਝਿਆ ਜਾਂਦਾ ਹੈ।

******************

## ਹਵਾਲੇ:


੧. ਸ੍ਰੀ ਗੁਰੂ ਗ੍ਰੰਥ ਸਾਹਿਬ

*੨. ਗੁਰੂ ਗ੍ਰੰਥ ਦਰਪਨ, ਪ੍ਰੋ: ਸਾਹਿਬ ਸਿੰਘ,*
ਹਟਟਪ:/ਾਾ.ਗੁਰੁਗਰੳਨਟਹਦੳਰਪੳਨ.ਨਏਟ/ਦੳਰਪੳਨ.ਹਟਮ

*੩. ਭਗਤ ਬਾਣੀ ਸਟੀਕ, ਪ੍ਰੋ: ਸਾਹਿਬ ਸਿੰਘ,* ਾਾ.ਸਕਿਹਬੋਕਚਲੁਬ.ਚੋਮ

*੪. ਸਲੋਕ ਤੇ ਸ਼ਬਦ, ਫਰੀਦ ਜੀ ਸਟੀਕ, ਪ੍ਰੋ: ਸਾਹਿਬ ਸਿੰਘ,*
ਾਾ.ਸਕਿਹਬੋਕਚਲੁਬ.ਚੋਮ

੫. "ਸਿੱਖੀ ਟੂ ਦ ਮੈਕਸ" ਵੈਬਸਾਈਟ – ਗੁਰਮੁਖੀ ਸ਼ਬਦ ਨੂੰ ਅੰਕਰੇਜੀ ਅੱਖਰਾਂ ਵਿੱਚ ਲਿਖਣ ਲਈ ਅਤੇ ਗੁਰਬਾਣੀ ਦੇ ਅੰਕਰੇਜੀ ਵਿੱਛ ਅਨੁਵਾਦ ਲਈ (ਲੇਖਕਾਂ ਨੇ ਸਪਸ਼ਟੀਕਰਣ ਲਈ ਕੁੱਝ ਪਰਿਵਰਤਨ ਕੀਤਾ ਹੈ)
ਟਟਪਸ.//ਾਾ.ਸਕਿਹਟੋਟਹਏਮੳਣੋ.ਰਗ/.

੬. ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ  ਵੈਬਸਾਈਟ – ਭਗਤ ਕਬੀਰ ਅਤੇ ਰਵਿਦਾਸ ਲਈ। ਾਾ.ਸਗਪਚ.ਨਏਟ/ਏਬੋਕਸ.

੭. *ਐਨ ਇਨਟਰੋਦਕਸ਼ਨ ਟੂ* ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਚਨ ਸਿੰਘ ਤਾਲਿਬ, ਪ੍ਰਕਾਸ਼ਨ ਵਿਭਾਗ, ਪਟਿਆਲਾ ਯੂਨੀਵਰਸੀਟੀ, ਪਟਿਆਲਾ, ਪੰਨਾ ੩੦, (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀਆਂ ਰਚਨਾਵਾਂ)

੮. *ਸੇ ਭਗਤ ਸਤਗੁਰ ਮਨ ਭਾਏ, ਰੂਪ ਸਿੰਘ (ਐਡੀਟਰ).* ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ)

# ਅੰਤਿਕਾ ੧: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀਆਂ ਰਚਨਾਵਾਂ

| | ਭਗਤ ਦਾ ਨਾਮ | ਰਚਨਾਵਾਂ ਦੀ ਗਿਣਤੀ |
|---|---|---|
| ੧ | ਭਗਤ ਕਬੀਰ ਜੀ | ੫੩੪ |
| ੨ | ਭਗਤ ਨਾਮਦੇਵ ਜੀ | ੬੨ |
| ੩ | ਸ਼ੇਖ਼ ਫਰੀਦ ਜੀ | ੧੨੩ |
| ੪ | ਭਗਤ ਰਵਿਦਾਸ ਜੀ | ੪੦ |
| ੫ | ਭਗਤ ਜੈਦੇਵ ਜੀ | ੨ |
| ੬ | ਭਗਤ ਸਧਨਾ ਜੀ | ੧ |
| ੭ | ਭਗਤ ਤ੍ਰਿਲੋਚਨ ਜੀ | ੫ |
| ੮ | ਭਗਤ ਬੇਣੀ ਜੀ | ੩ |

| | | |
|---|---|---|
| ੯ | ਭਗਤ ਰਾਮਾਨੰਦ ਜੀ | ੧ |
| ੧੦ | ਭਗਤ ਸੈਣ ਜੀ | ੧ |
| ੧੧ | ਭਗਤ ਧੰਨਾ ਜੀ | ੪ |
| ੧੨ | ਭਗਤ ਪੀਪਾ ਜੀ | ੧ |
| ੧੩ | ਭਗਤ ਭੀਖਣ ਜੀ | ੨ |
| ੧੪ | ਭਗਤ ਰਾਮਾਨੰਦ ਜੀ | ੧ |
| ੧੫ | ਭਗਤ ਸੂਰਦਾਸ ਜੀ<br>(ਨੋਟ: ਸਿਰਫ ਇੱਕ ਸਤਰ ਭਗਤ ਸੂਰਦਾਸ ਜੀ ਦੀ ਹੈ, ਬਾਕੀ ਦਾ ਸ਼ਬਦ ਗੁਰੂ ਅਰਜਨ ਜੀ ਦਾ ਹੈ। ) | ੧ |

# ਅੰਤਿਕਾ ੨: ਭਗਤ ਕਾਲ-ਕ੍ਰਮ ਅਨੁਸਾਰ

| # | ਭਗਤ ਦਾ ਨਾਮ | ਕਾਲ-ਕ੍ਰਮ (ਇਸਵੀ) |
|---|---|---|
| ੧ | ਭਗਤ ਜੈਦੇਵ ਜੀ | ੧੧੭੦-੧੨੪੫ |
| ੨ | ਭਗਤ ਸ਼ੇਖ਼ ਫਰੀਦ ਜੀ | ੧੧੭੩-੧੨੬੫ |
| ੩ | ਭਗਤ ਸਧਨਾ ਜੀ | ੧੧੮੦-ਅਣਜਾਣ |
| ੪ | ਭਗਤ ਤ੍ਰਿਲੋਚਨ ਜੀ | ੧੨੬੭-ਅਣਜਾਣ |
| ੫ | ਭਗਤ ਨਾਮਦੇਵ ਜੀ | ੧੨੭੦-੧੩੫੦ |
| ੬ | ਭਗਤ ਰਵਿਦਾਸ ਜੀ | ੧੩੯੯-੧੫੨੦ |

| | | |
|---|---|---|
| ੭ | ਭਗਤ ਸੈਣ ਜੀ | ੧੪੦੦-੧੪੯੦ |
| ੮ | ਭਗਤ ਰਾਮਾਨੰਦ ਜੀ | ੧੪੦੦-੧੪੭੦ |
| ੯ | ਭਗਤ ਧੰਨਾ ਜੀ | ੧੪੧੫-੧੪੭੫ |
| ੧੦ | ਭਗਤ ਪੀਪਾ ਜੀ | ੧੪੨੫-ਅਣਜਾਣ |
| ੧੧ | ਭਗਤ ਕਬੀਰ ਜੀ | ੧੪੪੦-੧੫੧੮ |
| ੧੨ | ਭਗਤ ਬੇਣੀ ਜੀ | ਮਧ ੧੫ਵੀਂ - ਮਧ ੧੬ਵੀਂ ਸਦੀ |
| ੧੩ | ਭਗਤ ਸੂਰਦਾਸ ਜੀ | ੧੪੭੮-੧੫੮੬ |
| ੧੪ | ਭਗਤ ਭੀਖਣ ਜੀ | ੧੪੮੦-੧੫੭੪ |
| ੧੫ | ਭਗਤ ਪਰਮਾਨੰਦ ਜੀ | ੧੪੮੩-੧੫੭੪ |

ਨੋਟ: ਲੇਖਕਾਂ ਦਾ ਕੁਝ ਭਗਤਾਂ ਦੇ ਜਨਮ ਅਤੇ ਮੌਤ ਦੀਆਂ ਤਰੀਕਾਂ ਬਾਰੇ ਮਤਭੇਦ ਹੈ। ਉਹਨਾਂ ਦਾ ਭਗਤਾਂ ਦੇ ਜੀਵਨ ਦੇ ਹੋਰ ਪਹਿਲੂਆਂ - ਜਨਮ ਸਥਾਨ, ਧਰਮ ਅਤੇ ਉਹਨਾਂ ਦੇ ਜੀਵਨ ਨਾਲ ਜੁੜੇ ਚਮਤਕਾਰਾਂ ਬਾਰੇ ਵੀ ਮਤਭੇਦ ਹੈ। ਇਕਸਾਰ ਰਹਿਣ ਲਈ, ਜਿਆਦਾਤਰ ਸੂਚਨਾ 'ਸਿੱਖੀ ਵਿੱਕੀ' ਤੋਂ ਲਈ ਗਈ ਹੈ।

# ੋਟਹਇਰ ਭੋਕਸ ਬੇ ਟਹਏ ਅੁਟਹੋਰਸ

## ਭੋਕਸ ਬੇ ਭਹੁਪਨਿਦਏਰ ਸ਼ਨਿਗਹ:

੧. *ਛੋਨਨਏਚਟਨਿਗ ੱਟਿਹ ਟਹਏ ੌੳਸਟਏਰ* - ਅ ਚੋਲਲਏਚਟੋਨਿ ੋਡ ਏਸਸੳਸ ੋਨ ਟੋਪਚਿਸ ਰਏਲੳਟਏਦ ਟੋ ਸ਼ਕਿਹਸਿਮ (ਸ਼ੳਨਬੁਨ, ੨੦੦੬)

੨. *ਘੁਰਮੳਟ ਬ਼ੁਟਇਨਟ (ਘਥ)* - ਭੋਕਸ ੋਨ ਦਏਵਏਲੋਪਮਏਨਟ ੋਡ ਸ਼ਪਰਿਟ੍ਿੳਲਟਿ (ਸ਼ੳਨਬੁਨ, ੨੦੦੮)

੩. *ੑਏਹਰੳਸ* - ੱਟਿਹ ਮਏੳਨਨਿਗ ੳਨਦ ਚੋਮਮਏਨਟੳਰੇ ਨਿ ੳਨਗਲਸਿਹ ਸ਼ੳਨਬੁਨ, ੨੦੦੮)

੪. *ੱਹੇ ਅਰਏ ੱਏ੍ਏਰਏ?* - ਭੋਕ ੋਨ ਏਣਪਲੋਰਨਿਗ ਟਹਏ ਪੁਰਪੋਸਏ ੋਡ ਹੁਮੳਨ ਲਡਿਏ (ਸ਼ੳਨਬੁਨ ੨੦੦੯)

੫. *ਢਸਿਹ ੳੁਟ ਢਸਿਹ ੋਰਲਦ* - ਅਨ ਲਿਲੁਸਟਰੳਟਏਦ ਛਹਲਿਦਰਏਨ'ਸ ਭੋਕ (ਘਰੳਚੁੋਸਿ, ੨੦੧੭)

*੬.ੂਮਲਿਟਿ* – ਅ ਸ਼ਪਰਿਟੁਿਓਲ ਝੌਰਨਏ (ਘਰਓਚੌਸਿ, ੨੦੧੮)

*੭. ਇਨ ਭੁਲਲੇ'ਸ ਓਇਸ* -ਅਨ ਿਲਲੁਸਟਰਓਟਏਦ ਛਹਲਿਦਰਏਨ'ਸ ਭੋਕ ੋਨ ਭੁਲਲੇਨਿਗ ੂਨਤਿੁਏ, ੨੦੧੯).

# ਭੋਕਸ ਬੇ ਫਓਰਓਮਜਟਿ ਸ਼ਨਿਗਹ ਸ਼ਓਚਹਦਏਵਓ

੧. *ਅਪਪਰਏਚਓਿਟਨਿਗ ਸ਼ਕਿਹਸਿਮ* (ੰਏ ਧਏਲਹਂ,ੂਭਸ਼ਫਧ, ੨੦੦੮)

੨. *ਅਪਪਰਏਚਓਿਟਨਿਗ ਅਲਲ ੍ਏਲਗਿੋਨਿਸ* – ੍ਏਲਗਿੁੋਸਿ ਲ਼ਟਿਏਰਓਚੇ ਨਿ ਸ਼ਮਓਲਲ ਭਟਿਏਸ (ਭਲੋਮਨਿਗਟੋਨ, ਅੁਟਹੋਰੂੋਸਏ, ੨੦੧੧)

੩. *ਸਿੱਖ ਧਰਮ* (ਛਹਓਨਦਗਿਓਰਹ,ੂਨਸਿਟਓਰ ਭੋਕਸ, ੨੦੧੫).

# ਭੋਕਸ ਬੇ ਖਓਰਓਮਜਟਿ ਸ਼ਨਿਗਹ ਫ਼ ਡ਼ੋਲੁਨਟਏਏਰਸ ੋਡ ਸ਼ਰਿੀਏਮਕੁਨਟ ਢੋਨਦਓਟੋਨਿ:

੧. *ਗੁਰੂ ਨਾਨਕ ਜੀ (ਅੰਕਰੇਜੀ ਅਤੇ ਪੰਜਾਬੀ, ਉਮਰ ੬-੮)*

੨. *ਦੂਸਰੇ – ਚੌਥੇ ਨਾਨਕ (ਅੰਕਰੇਜੀ ਅਤੇ ਪੰਜਾਬੀ, ਉਮਰ ੬-੮)*

੩. *ਪੰਜਵੇਂ ਨਾਨਕ (ਅੰਕਰੇਜੀ ਅਤੇ ਪੰਜਾਬੀ, ਉਮਰ ੬-੮)*

੪. *ਛੇਵੇਂ – ਅਠਵੇਂ ਨਾਨਕ (ਅੰਕਰੇਜੀ ਅਤੇ ਪੰਜਾਬੀ, ਉਮਰ ੯-੧੧)*

੫. *ਨੌਵੇਂ ਨਾਨਕ (ਅੰਕਰੇਜੀ ਅਤੇ ਪੰਜਾਬੀ, ਉਮਰ ੯-੧੧)*

੬. *ਦਸਵੇਂ ਨਾਨਕ (ਅੰਕਰੇਜੀ ਅਤੇ ਪੰਜਾਬੀ, ਉਮਰ ੯-੧੧)*

੭. *ਦ ਸਿੱਖ ੧੭੧੮ -੧੮੦੧ (ਅੰਕਰੇਜੀ ਅਤੇ ਪੰਜਾਬੀ, ਉਮਰ ੧੨-੧੪)*